ਕੌਮਾਂਤਰੀ www.amritsartimes.com
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 24 | Issue 247| 30 Sept. 6 Oct. 2026 | Ph.: (+91) 175-291-2461 | Email: asrtimes@gmail.com

ਚੋਣ ਕਮਿਸ਼ਨ ਵਿਵਾਦ

# ‘ਵੋਟ ਚੋਰੀ’ ਦੇ ਦੋਸ਼ਾਂ ’ਚ ਚੁਫ਼ੇਰਿਓਂ ਘਿਰੀ ਮੋਦੀ ਸਰਕਾਰ

## ਸੁਪਰੀਮ ਕੋਰਟ ਪਹੁੰਚੀ ਲੜਾਈ; ਸੀ.ਈ.ਸੀ. ਗਿਆਨੇਸ਼ ਕੁਮਾਰ ’ਤੇ ਇਕਤਰਫ਼ਾ ਫ਼ੈਸਲੇ ਲੈਣ ਦੇ ਦੋਸ਼



ਕੇਂਦਰ ਦੀ ਮੋਦੀ ਸਰਕਾਰ ਇਸ ਵੇਲੇ ਦੇਸ਼ ਦੇ ਸਭ ਤੋਂ ਵੱਡੇ ਸੰਵਿਧਾਨਕ ਅਤੇ ਸਿਆਸੀ ਸੰਕਟ ਵਿੱਚ ਘਿਰਦੀ ਨਜ਼ਰ ਆ ਰਹੀ ਹੈ। ਭਾਰਤੀ ਚੋਣ ਕਮਿਸ਼ਨ ਦੀ ਨਿਰਪੱਖਤਾ ਅਤੇ ਭਰੋਸੇਯੋਗਤਾ ’ਤੇ ਉੱਠੇ ਸਵਾਲਾਂ ਨੇ ਕੇਂਦਰ ਸਰਕਾਰ ਨੂੰ ਸਿੱਧੇ ਕਟਹਿਰੇ ਵਿੱਚ ਖੜ੍ਹਾ ਕਰ ਦਿੱਤਾ ਹੈ। ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਕੰਮਕਾਜ ਨੂੰ ਲੈ ਕੇ ਸੁਪਰੀਮ ਕੋਰਟ ਵਿੱਚ ਦਾਇਰ ਜਨਹਿੱਤ ਪਟੀਸ਼ਨ ਨੇ ਵਿਵਾਦ ਨੂੰ ਹੋਰ ਭਖਾ ਦਿੱਤਾ ਹੈ। ਵਿਰੋਧੀ ਧਿਰਾਂ ਦਾ ਦੋਸ਼ ਹੈ ਕਿ ਕੇਂਦਰ ਸਰਕਾਰ ਨੇ ਸੰਵਿਧਾਨਕ ਸੰਸਥਾਵਾਂ ਨੂੰ ਆਪਣੇ ਸਿਆਸੀ ਲਾਭ ਲਈ ਹਥਿਆਰ ਬਣਾ ਲਿਆ ਹੈ।

### ਸੰਸਥਾਵਾਂ ’ਤੇ ਕਬਜ਼ੇ ਦੇ ਦੋਸ਼ਾਂ ਨਾਲ ਕੇਂਦਰ ਬੈਕਫੁੱਟ ’ਤੇ

ਵਿਰੋਧੀ ਧਿਰਾਂ ਲੰਮੇ ਸਮੇਂ ਤੋਂ ਇਹ ਦੋਸ਼ ਲਗਾ ਰਹੀਆਂ ਸਨ ਕਿ ਮੋਦੀ ਸਰਕਾਰ ਸੰਵਿਧਾਨਕ ਅਦਾਰਿਆਂ ਦੀ ਖ਼ੁਦਮੁਖ਼ਤਿਆਰੀ ਨੂੰ ਖ਼ਤਮ ਕਰ ਰਹੀ ਹੈ। ਹੁਣ ਚੋਣ ਕਮਿਸ਼ਨ ਦੇ ਅੰਦਰੋਂ ਹੀ ਬਗ਼ਾਵਤੀ ਸੁਰਾਂ ਉਠਣ ਤੋਂ ਬਾਅਦ ਮੋਦੀ ਸਰਕਾਰ ਨੂੰ ਬਚਾਅ ਕਰਨਾ ਔਖਾ ਹੋ ਗਿਆ ਹੈ। ਦਸੰਬਰ 2023 ਵਿੱਚ ਲਿਆਂਦੇ ਗਏ ਨਵੇਂ ਕਾਨੂੰਨ ਰਾਹੀਂ ਚੋਣ ਕਮਿਸ਼ਨਰਾਂ ਦੀ ਨਿਯੁਕਤੀ ਕਮੇਟੀ ਵਿੱਚੋਂ ਭਾਰਤ ਦੇ ਚੀਫ਼ ਜਸਟਿਸ ਨੂੰ ਬਾਹਰ ਕਰ ਦਿੱਤਾ ਗਿਆ ਸੀ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਕਦਮ ਨੂੰ ਸਰਕਾਰ ਵੱਲੋਂ ਚੋਣ ਪ੍ਰਣਾਲੀ ’ਤੇ ਮੁਕੰਮਲ ਕੰਟਰੋਲ ਸਥਾਪਤ ਕਰਨ ਦੀ ਸਾਜ਼ਿਸ਼ ਵਜੋਂ ਦੇਖਿਆ ਜਾ ਰਿਹਾ ਸੀ। ਮੌਜੂਦਾ ਘਟਨਾਕ੍ਰਮ ਨੇ ਉਨ੍ਹਾਂ ਖ਼ਦਸ਼ਿਆਂ ਨੂੰ ਸੱਚ ਸਾਬਤ ਕਰ ਦਿੱਤਾ ਹੈ।

### ਵੋਟ ਚੋਰੀ ਦਾ ਘਪਲਾ ਕਿਵੇਂ ਫੜਿਆ ਗਿਆ?

ਇਹ ਸਾਰਾ ਮਾਮਲਾ ਅੰਗਰੇਜ਼ੀ ਅਖ਼ਬਾਰ ‘ਦਿ ਇੰਡੀਅਨ ਐਕਸਪ੍ਰੈੱਸ’ ਦੀ ਇੱਕ ਖੋਜੀ ਰਿਪੋਰਟ ਰਾਹੀਂ ਜਨਤਕ ਹੋਇਆ ਸੀ। ਰਿਪੋਰਟ ਮੁਤਾਬਕ ਦੋ ਚੋਣ ਕਮਿਸ਼ਨਰਾਂ ‘ਸੁਖਬੀਰ ਸਿੰਘ ਸੰਧੂ ਅਤੇ ਵਿਵੇਕ ਜੋਸ਼ੀ’ ਨੇ ਪਿਛਲੇ 10 ਮਹੀਨਿਆਂ ਵਿੱਚ ਮੁੱਖ ਚੋਣ ਕਮਿਸ਼ਨਰ ਵੱਲੋਂ ਲਏ ਗਏ ਇਕਤਰਫ਼ਾ ਫੈਸਲਿਆਂ ਵਿਰੁੱਧ 14 ਵਾਰ ਲਿਖਤੀ ਇਤਰਾਜ਼ ਦਰਜ ਕਰਵਾਏ ਸਨ।

ਵੋਟਰ ਸੂਚੀਆਂ ਦੀ ਵਿਸ਼ੇਸ਼ ਡੂੰਘੀ ਸੁਧਾਈ ਐਸ.ਆਈ.ਆਰ. ਅਤੇ ਨਵੇਂ ਕੇਂਦਰੀਕ੍ਰਿਤ ਡਿਜੀਟਲ ਸਿਸਟਮ ਈ.ਸੀ.ਆਈ.ਨੈੱਟ ਰਾਹੀਂ ਲੱਖਾਂ ਯੋਗ ਵੋਟਰਾਂ ਦੇ ਨਾਂ ਕੱਟੇ ਜਾਣ ਦੇ ਤੱਥ ਸਾਹਮਣੇ ਆਏ ਹਨ। ਇਹ ਭਾਰਤੀ ਚੋਣ ਕਮਿਸ਼ਨ ਵੱਲੋਂ ਤਿਆਰ ਕੀਤਾ ਗਿਆ ਇੱਕ ਕੇਂਦਰੀਕ੍ਰਿਤ ਡਿਜੀਟਲ ਪਲੇਟਫਾਰਮ ਅਤੇ ਮੋਬਾਈਲ ਐਪਲੀਕੇਸ਼ਨ/ਸਾਫ਼ਟਵੇਅਰ ਹੈ, ਜਿਸ ਦਾ ਮੁੱਖ ਮਕਸਦ ਚੋਣਾਂ ਨਾਲ ਸੰਬੰਧਤ ਵੱਖ-ਵੱਖ ਸੇਵਾਵਾਂ, ਵੋਟਰ ਸੂਚੀਆਂ ਅਤੇ ਅਧਿਕਾਰੀਆਂ ਦੇ ਕੰਮਕਾਜ ਨੂੰ ਇੱਕੋ ਛੱਤ ਹੇਠ ਲਿਆਉਣਾ ਹੈ।

ਨਵੇਂ ਵੋਟਰਾਂ ਦੀ ਰਜਿਸਟ੍ਰੇਸ਼ਨ ਲਈ ਫਾਰਮ-6 ਵਿੱਚ ਬਿਨਾਂ ਕਾਨੂੰਨੀ ਮਨਜ਼ੂਰੀ ਦੇ ਮਾਤਾ-ਪਿਤਾ ਜਾਂ ਦਾਦਾ-ਦਾਦੀ ਦੇ ਪੁਰਾਣੇ ਰਿਕਾਰਡ ਦੀ ਮੰਗ ਜੋੜੀ ਗਈ। ਇਸ ਦਾ ਸਭ ਤੋਂ ਵੱਡਾ ਨੁਕਸਾਨ ਨੌਜਵਾਨ ਪੀੜ੍ਹੀ ਅਤੇ ਪ੍ਰਵਾਸੀ ਮਜ਼ਦੂਰਾਂ ਨੂੰ ਹੋਇਆ।

ਸੰਵਿਧਾਨਕ ਕਾਨੂੰਨ ਤਹਿਤ ਵੋਟ ਬਣਾਉਣ ਜਾਂ ਕੱਟਣ ਦਾ ਅਧਿਕਾਰ ਇਲੈਕਟੋਰਲ ਰਜਿਸਟ੍ਰੇਸ਼ਨ ਅਫ਼ਸਰ ਕੋਲ ਹੁੰਦਾ ਹੈ। ਨਵੇਂ ਡਿਜੀਟਲ ਢਾਂਚੇ ਰਾਹੀਂ ਇਹ ਤਾਕਤ ਦਿੱਲੀ ਸਥਿਤ ਕੇਂਦਰੀ ਦਫ਼ਤਰ ਨੂੰ ਤਬਦੀਲ ਕਰ ਦਿੱਤੀ ਗਈ।

ਗੋਆ ਵਿੱਚ 97 ਨਾਗਰਿਕਾਂ ਵੱਲੋਂ ਕਾਨੂੰਨੀ ਤੌਰ ’ਤੇ ਵੋਟਰ ਸੂਚੀ ਵਿੱਚ ਸ਼ਾਮਲ ਹੋਣ ਦੇ ਹੁਕਮ ਹਾਸਲ ਕਰਨ ਦੇ ਬਾਵਜੂਦ ਸਾਫ਼ਟਵੇਅਰ ਵਿੱਚ ਜਾਣਬੁੱਝ ਕੇ ‘ਰੋਲ ਬੈਕ’ ਵਿਕਲਪ ਨਹੀਂ ਦਿੱਤਾ ਗਿਆ। ਪੱਛਮੀ ਬੰਗਾਲ ਸਮੇਤ ਕਈ ਰਾਜਾਂ ਵਿੱਚ ਦੋਹਾਂ ਕਮਿਸ਼ਨਰਾਂ ਦੀ ਜਾਣਕਾਰੀ ਤੋਂ ਬਿਨਾਂ ਹੀ ਲੱਖਾਂ ਨਾਵਾਂ ਨੂੰ ਰੱਦ ਕਰਨ ਲਈ ਅਪੀਲਾਂ ਦਾਇਰ ਕਰਵਾਈਆਂ ਗਈਆਂ। ਸਾਹਮਣੇ ਆਏ ਤੱਥ ਗਵਾਹੀ ਭਰਦੇ ਹਨ ਕਿ ਸਿਸਟਮ ਵਿਚਲੀਆਂ ਇਹ ਗੜਬੜਾਂ ਇਤਫ਼ਾਕੀਆ ਨਹੀਂ ਸਨ, ਸਗੋਂ ਲੋਕਾਂ ਨੂੰ ਵੋਟ ਦੇ ਹੱਕ ਤੋਂ ਵਾਂਝੇ ਕਰਨ ਲਈ ਤਿਆਰ ਕੀਤੀ ਗਈ ਇੱਕ ਗਿਣੀ-ਮਿਥੀ ਰਣਨੀਤੀ ਦਾ ਹਿੱਸਾ ਸਨ।

### ਸੰਵਿਧਾਨਕ ਧਾਰਾ 18 ਦੀ ਉਲੰਘਣਾ ਅਤੇ ਅਦਾਲਤੀ ਕਾਰਵਾਈ

2023 ਦੇ ਕਾਨੂੰਨ ਦੀ ਧਾਰਾ 18 ਬਹੁਤ ਸਪੱਸ਼ਟ ਕਹਿੰਦੀ ਹੈ ਕਿ ਚੋਣ ਕਮਿਸ਼ਨ ਦਾ ਸਾਰਾ ਕੰਮਕਾਜ ਸਰਬਸੰਮਤੀ ਨਾਲ ਚਲਾਇਆ ਜਾਵੇਗਾ। ਕਿਸੇ ਵੀ ਮਤਭੇਦ ਦੀ ਸੂਰਤ ਵਿੱਚ ਬਹੁਮਤ ਦਾ ਫੈਸਲਾ ਮੰਨਿਆ ਜਾਣਾ ਲਾਜ਼ਮੀ ਹੈ। ਪਰ ਮੁੱਖ ਚੋਣ ਕਮਿਸ਼ਨਰ ਨੇ ਬਾਕੀ ਦੋ ਕਮਿਸ਼ਨਰਾਂ ਦੇ ਇਤਰਾਜ਼ਾਂ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰ ਦਿੱਤਾ।

ਸੁਪਰੀਮ ਕੋਰਟ ਵਿੱਚ ਦਾਇਰ ਪਟੀਸ਼ਨ ਵਿੱਚ ਸਪੱਸ਼ਟ ਮੰਗ ਕੀਤੀ ਗਈ ਹੈ ਕਿ ਸੰਵਿਧਾਨ ਦੀ ਧਾਰਾ 324 ਦੀ ਦੁਰਵਰਤੋਂ ਰੋਕਣ ਲਈ ਗਿਆਨੇਸ਼ ਕੁਮਾਰ ਨੂੰ ਤੁਰੰਤ ਮੁਅੱਤਲ ਕੀਤਾ ਜਾਵੇ। ਨਾਲ ਹੀ, ਸੁਪਰੀਮ ਕੋਰਟ ਦੇ ਸੇਵਾਮੁਕਤ ਜੱਜ ਦੀ ਅਗਵਾਈ ਹੇਠ ਵਿਸ਼ੇਸ਼ ਜਾਂਚ ਟੀਮ ਬਣਾ ਕੇ ਮੋਦੀ ਸਰਕਾਰ ਅਤੇ ਚੋਣ ਕਮਿਸ਼ਨ ਦੇ ਅਧਿਕਾਰੀਆਂ ਵਿਚਕਾਰ ਗਠਜੋੜ ਦੀ ਜਾਂਚ ਕਰਵਾਈ ਜਾਵੇ। ਕੇਰਲ ਦੇ ਸਾਬਕਾ ਮੁੱਖ ਸਕੱਤਰ ਜਿਜੀ ਥੌਮਸਨ ਦੇ ਇਸ ਖੁਲਾਸੇ ਨੇ ਸਰਕਾਰ ਨੂੰ ਹੋਰ ਕਸੂਤਾ ਫਸਾ ਦਿੱਤਾ ਹੈ ਕਿ ਗਿਆਨੇਸ਼ ਕੁਮਾਰ ਨੇ ਸਰਕਾਰੀ ਸੇਵਾ ਵਿੱਚ ਹੁੰਦਿਆਂ ਉਨ੍ਹਾਂ ਨੂੰ ਭਾਜਪਾ ਟਿਕਟ ਦੀ ਪੇਸ਼ਕਸ਼ ਕੀਤੀ ਸੀ।

### ਕੀ ਇਸ ਨਾਲ ਭਾਜਪਾ ਨੂੰ ਸਿਆਸੀ ਝਟਕਾ ਲੱਗੇਗਾ?

ਇਸ ਮੁੱਦੇ ਨੇ ਭਾਰਤੀ ਜਨਤਾ ਪਾਰਟੀ ਦੀ ‘ਸਾਫ਼-ਸੁਥਰੇ ਸ਼ਾਸਨ’ ਦੇ ਦਾਅਵਿਆਂ ਦੀ ਹਵਾ ਕੱਢ ਦਿੱਤੀ ਹੈ। ਵਿਰੋਧੀ ਧਿਰ ਇਸ ਨੂੰ ਸਿੱਧਾ ਲੋਕਤੰਤਰ ਦੇ ਕਤਲ ਅਤੇ ‘ਚੋਣ ਫਿਕਸਿੰਗ’ ਨਾਲ ਜੋੜ ਰਹੀ ਹੈ।

ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ’ਤੇ ਸਿੱਧਾ ਹਮਲਾ ਬੋਲਦਿਆਂ ਕਿਹਾ ਕਿ ਸੰਸਥਾਵਾਂ ਨੂੰ ਹਾਈਜੈਕ ਕਰਕੇ ਚੋਣਾਂ ਚੋਰੀ ਕਰਨ ਦੀ ਸਾਜ਼ਿਸ਼ ਰਚੀ ਗਈ ਹੈ। ਮੋਦੀ ਸਰਕਾਰ ਦੀ ਇਹ ਦਲੀਲ ਕਿ ਸਭ ਕੁਝ ਤਕਨੀਕੀ ਸੁਧਾਰ ਦਾ ਹਿੱਸਾ ਹੈ, ਹੁਣ ਜਨਤਾ ਵਿੱਚ ਵਿਸ਼ਵਾਸ ਗੁਆ ਰਹੀ ਹੈ। ਐਨ.ਡੀ.ਏ. ਦੇ ਭਾਈਵਾਲਾਂ ਵੱਲੋਂ ਵੀ ਸਥਿਤੀ ਸਪੱਸ਼ਟ ਕਰਨ ਦੀ ਮੰਗ ਉੱਠਣ ਕਾਰਨ ਸਰਕਾਰ ਅੰਦਰੂਨੀ ਦਬਾਅ ਹੇਠ ਆ ਗਈ ਹੈ।

### ਕੀ ਚੋਣਾਂ ਮੁਲਤਵੀ ਹੋਣਗੀਆਂ?

ਕਾਨੂੰਨੀ ਤੌਰ ’ਤੇ ਆਮ ਚੋਣਾਂ ਨੂੰ ਰੋਕਣਾ ਜਾਂ ਮੁਲਤਵੀ ਕਰਨਾ ਅਸਾਨ ਨਹੀਂ ਹੁੰਦਾ। ਪਰ ਜੇਕਰ ਸੁਪਰੀਮ ਕੋਰਟ ਵੋਟਰ ਸੂਚੀਆਂ ਵਿੱਚ ਹੋਈ ਛਾਂਟੀ ਨੂੰ ਗ਼ੈਰ-ਕਾਨੂੰਨੀ ਮੰਨ ਲੈਂਦੀ ਹੈ, ਤਾਂ ਪੂਰੀ ਚੋਣ ਪ੍ਰਕਿਰਿਆ ਨੂੰ ਵੱਡਾ ਝਟਕਾ ਲੱਗੇਗਾ। ਵਿਰੋਧੀ ਧਿਰ ਦੀ ਮੰਗ ਹੈ ਕਿ ਯੋਗ ਵੋਟਰਾਂ ਦੇ ਨਾਂ ਮੁੜ ਸ਼ਾਮਲ ਕੀਤੇ ਜਾਣ ਅਤੇ ਚੋਣ ਕਮਿਸ਼ਨ ਦੇ ਡੇਟਾਬੇਸ ਦੀ ਆਜ਼ਾਦਾਨਾ ਪੜਤਾਲ ਹੋਵੇ, ਤਦ ਤੱਕ ਚੋਣਾਂ ਰੋਕੀਆਂ ਜਾਣ। ਜੇਕਰ ਸੁਪਰੀਮ ਕੋਰਟ ਦੇ ਦਖ਼ਲ ਨਾਲ ਚੋਣ ਪ੍ਰੋਗਰਾਮ ਵਿੱਚ ਦੇਰੀ ਹੁੰਦੀ ਹੈ, ਤਾਂ ਇਸ ਨਾਲ ਸਰਕਾਰ ਨੂੰ ਵੱਡੀ ਸ਼ਰਮਿੰਦਗੀ ਝੱਲਣੀ ਪਵੇਗੀ।

### ਕੀ ਭਾਰਤ ਵਿੱਚ ਵੱਡਾ ਅੰਦੋਲਨ ਛਿੜੇਗਾ?

ਮੋਦੀ ਸਰਕਾਰ ਵਿਰੁੱਧ ਦੇਸ਼ ਭਰ ਵਿੱਚ ਇੱਕ ਵੱਡੇ ਜਨਤਕ ਅੰਦੋਲਨ ਦੀ ਜ਼ਮੀਨ ਤਿਆਰ ਹੋ ਰਹੀ ਹੈ। ਤ੍ਰਿਣਮੂਲ ਕਾਂਗਰਸ, ਖੱਬੇ ਪੱਖੀ ਪਾਰਟੀਆਂ ਅਤੇ ਕਾਂਗਰਸ ਨੇ ਆਪਸੀ ਮਤਭੇਦ ਭੁਲਾ ਕੇ ਸਾਂਝੀ ਰਣਨੀਤੀ ਬਣਾਉਣੀ ਸ਼ੁਰੂ ਕਰ ਦਿੱਤੀ ਹੈ। ‘ਇੰਡੀਆ’ ਬਲਾਕ ਦੀਆਂ ਮੀਟਿੰਗਾਂ ਇਸ ਅੰਦੋਲਨ ਨੂੰ ਦੇਸ਼-ਵਿਆਪੀ ਰੂਪ ਦੇਣ ਲਈ ਹੋ ਰਹੀਆਂ ਹਨ। ਦਿੱਲੀ ਦੇ ਜੰਤਰ-ਮੰਤਰ ਤੋਂ ਲੈ ਕੇ ਸੂਬਿਆਂ ਦੀਆਂ ਰਾਜਧਾਨੀਆਂ ਤੱਕ ਮੁੱਖ ਚੋਣ ਕਮਿਸ਼ਨਰ ਦੇ ਅਸਤੀਫ਼ੇ ਲਈ ਧਰਨੇ ਸ਼ੁਰੂ ਹੋ ਚੁੱਕੇ ਹਨ। ਸਮਾਜਿਕ ਜਥੇਬੰਦੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਕਾਰਵਾਈ ਨਾ ਹੋਈ ਤਾਂ ਅੰਦੋਲਨ ਹੋਰ ਤਿੱਖਾ ਕੀਤਾ ਜਾਵੇਗਾ। ਵੋਟਰ ਸੂਚੀਆਂ ਵਿਚੋਂ ਕਮਜ਼ੋਰ ਵਰਗਾਂ ਦੇ ਨਾਂ ਕੱਟੇ ਜਾਣ ਕਾਰਨ ਬਹੁਜਨ ਅਤੇ ਸਮਾਜਿਕ ਜਥੇਬੰਦੀਆਂ ਵੀ ਇਸ ਸੰਘਰਸ਼ ਵਿੱਚ ਸ਼ਾਮਲ ਹੋ ਰਹੀਆਂ ਹਨ।

(ਬਾਕੀ ਸਫ਼ਾ 26 ’ਤੇ)

## ਅਗਲੇ ਹਫ਼ਤੇ ਚੋਣ ਕਮਿਸ਼ਨ ਦੇ ਫੈਸਲਿਆਂ ’ਤੇ ਸਵਾਲ ਚੁੱਕਣ ਵਾਲੀ ਪਟੀਸ਼ਨ ’ਤੇ ਸੁਣਵਾਈ ਕਰੇਗਾ ਸੁਪਰੀਮ ਕੋਰਟ

ਨਵੀਂ ਦਿੱਲੀ/ਏ.ਟੀ.ਨਿਊਜ਼ : ਸੁਪਰੀਮ ਕੋਰਟ ਨੇ ਉਸ ਪਟੀਸ਼ਨ ’ਤੇ ਅਗਲੇ ਹਫ਼ਤੇ ਸੁਣਵਾਈ ਕਰਨ ’ਤੇ ਸਹਿਮਤੀ ਜਤਾਈ, ਜਿਸ ’ਚ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੀ ਅਗਵਾਈ ਵਾਲੇ ਭਾਰਤ ਚੋਣ ਕਮਿਸ਼ਨ ਵਲੋਂ ਲਏ ਗਏ ਫੈਸਲਿਆਂ ’ਤੇ ਸਵਾਲ ਚੁੱਕੇ ਗਏ ਹਨ। ਇਸ ਮਾਮਲੇ ਦਾ ਜ਼ਿਕਰ ਭਾਰਤ ਦੇ ਚੀਫ਼ ਜਸਟਿਸ (ਸੀਜੇਆਈ) ਸੂਰੀਆਕਾਂਤ, ਜਸਟਿਸ ਜੋਇਮਲਿਆ ਬਾਗਚੀ ਅਤੇ ਜਸਟਿਸ ਵੀ. ਮੋਹਨਾ ਦੀ ਬੈਂਚ ਦੇ ਸਾਹਮਣੇ ਕੀਤਾ ਗਿਆ।

ਮਾਮਲੇ ਦਾ ਜ਼ਿਕਰ ਕਰਨ ਵਾਲੇ ਸੀਨੀਅਰ ਐਡਵੋਕੇਟ ਵਿਕਾਸ ਸਿੰਘ ਨੇ ਬੈਂਚ ਨੂੰ ਕਿਹਾ ਕਿ ਕਾਨੂੰਨੀ ਢਾਂਚੇ ਅਨੁਸਾਰ, ਬਹੁ-ਮੈਂਬਰੀ ਚੋਣ ਕਮਿਸ਼ਨ ਦੇ ਫੈਸਲੇ ਸਰਬਸੰਮਤੀ ਨਾਲ ਜਾਂ ਬਹੁਮਤ ਦੇ ਆਧਾਰ ’ਤੇ ਕੀਤੇ ਜਾਣੇ ਚਾਹੀਦੇ ਹਨ। ਉਨ੍ਹਾਂ ਕਿਹਾ, ‘ਜਿਸ ਤਰ੍ਹਾਂ ਨਾਲ ਚੋਣ ਕਮਿਸ਼ਨ ਕੰਮ ਕਰ ਰਿਹਾ ਹੈ, ਉਸ ਤੋਂ ਇਸ ਗੱਲ ’ਤੇ ਗੰਭੀਰ ਸ਼ੱਕ ਪੈਦਾ ਹੁੰਦਾ ਹੈ ਕਿ ਉਸ ਦੇ ਫੈਸਲੇ ਸਰਬਸੰਮਤੀ ਨਾਲ ਲਏ ਜਾ ਰਹੇ ਹਨ ਜਾਂ ਨਹੀਂ।’ ਇਹ ਪਟੀਸ਼ਨ ਇਕ ਅੰਗਰੇਜ਼ੀ ਅਖ਼ਬਾਰ ’ਚ ਛਪੀ ਇੱਕ ਖ਼ਬਰ ਦੇ ਪਿਛੋਕੜ ’ਚ ਦਾਇਰ ਕੀਤੀ ਗਈ ਹੈ।

ਇਸ ’ਚ ਦਾਅਵਾ ਕੀਤਾ ਗਿਆ ਸੀ ਕਿ ਚੋਣ ਕਮਿਸ਼ਨਰਾਂ ਸੁਖਬੀਰ ਸਿੰਘ ਸੰਧੂ ਅਤੇ ਵਿਵੇਕ ਜੋਸ਼ੀ ਨੇ ਪਿਛਲੇ 10 ਮਹੀਨਿਆਂ ਦੌਰਾਨ ਘੱਟੋ-ਘੱਟ 14 ਵਾਰ ਵੋਟਰ ਸੂਚੀਆਂ ਦੇ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐੱਸਆਈਆਰ) ਨਾਲ ਸੰਬੰਧਤ ਫੈਸਲਿਆਂ ਅਤੇ ਆਦੇਸ਼ਾਂ ’ਤੇ ਇਤਰਾਜ਼ ਦਰਜ ਕੀਤਾ ਸੀ।

## ਕਾਂਗਰਸ ਵੱਲੋਂ ‘ਵੋਟ ਚੋਰੀ’ ਸਬੰਧੀ ਦੇਸ਼ ਭਰ ’ਚ ਅੰਦੋਲਨ ਚਲਾਉਣ ਦਾ ਐਲਾਨ

ਨਵੀਂ ਦਿੱਲੀ/ਏ.ਟੀ.ਨਿਊਜ਼ : ਕਾਂਗਰਸ ਵਰਕਿੰਗ ਕਮੇਟੀ ਦੀ ਢਾਈ ਘੰਟੇ ਬੈਠਕ ਹੋਈ। ਮੁੱਖ ਵਿਰੋਧੀ ਧਿਰ ਨੇ ਬੈਠਕ ਵਿੱਚ ਇਹ ਫੈਸਲਾ ਕੀਤਾ ਕਿ ‘ਵੋਟ ਚੋਰੀ’ ਦੇ ਖਿਲਾਫ ਇਸ ਮੁੱਦੇ ਨੂੰ ਲੈ ਕੇ ਦੇਸ਼ ਭਰ ਵਿਚ ਅੰਦੋਲਨ ਚਲਾਇਆ ਜਾਵੇਗਾ ਅਤੇ ਇਸ ਵਿਚ ਦੂਜੀਆਂ ਵਿਰੋਧੀ ਧਿਰਾਂ ਦਾ ਵੀ ਸਹਿਯੋਗ ਲਿਆ ਜਾਵੇਗਾ। ਰਾਹੁਲ ਗਾਂਧੀ ਨੇ ਕਿਹਾ ਕਿ ਮੁੱਖ ਚੋਣ ਕਮਿਸ਼ਨਰ ਪੂਰੀ ਤਰ੍ਹਾਂ ਸਮਝੌਤਾ ਕਰ ਚੁੱਕੇ ਹਨ ਅਤੇ ਦੇਸ਼ ਦੀ ਚੋਣ ਵਿਵਸਥਾ ‘ਫਿਕਸ’ ਹੈ। ਹਾਲ ਹੀ ਦੀਆਂ ਸਾਰੀਆਂ ਚੋਣਾਂ ਗੈਰ-ਕਾਨੂੰਨੀ ਹਨ। ਰਾਹੁਲ ਨੇ ਕਿਹਾ ਕਿ ਭਾਵੇਂ ਵੋਟਿੰਗ ਮਸ਼ੀਨ ਹੋਵੇ ਜਾਂ ਵੋਟਰ ਸੂਚੀ, ਦੋਵਾਂ ਨਾਲ ਛੇੜਛਾੜ ਕੀਤੀ ਗਈ ਹੈ। ਦੋਵਾਂ ਦੀ ਵਰਤੋਂ ਭਾਜਪਾ ਚੋਣ ਜਿੱਤਣ ਦੀ ਰਣਨੀਤੀ ਵਜੋਂ ਕਰ ਰਹੀ ਹੈ। ਬੈਠਕ ਵਿੱਚ ਮੁੱਖ ਚੋਣ ਕਮਿਸ਼ਨਰ



ਗਿਆਨੇਸ਼ ਕੁਮਾਰ ਤੋਂ ਤੁਰੰਤ ਅਸਤੀਫਾ ਦੇਣ, ਐੱਸ.ਆਈ.ਆਰ. ’ਤੇ ਤੁਰੰਤ ਰੋਕ ਲਗਾਉਣ, ਹਟਾਏ ਗਏ 13 ਕਰੋੜ 30 ਲੱਖ ਨਾਂ ਬਹਾਲ ਕਰਨ ਨੂੰ ਲੈ ਕੇ ਮਤੇ ਪਾਸ ਕੀਤੇ ਗਏ। ਬੈਠਕ ਵਿੱਚ 68 ਮੈਂਬਰਾਂ ਨੇ ਹਿੱਸਾ ਲਿਆ। ਕਾਂਗਰਸ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਵੋਟਰ ਲਿਸਟ ਅਤੇ ਚੋਣ ਪ੍ਰਕਿਰਿਆ ਵਿੱਚ ਕਥਿਤ ਗੜਬੜੀ ਦੇ ਮੁੱਦਿਆਂ ਨੂੰ ਸੰਸਦ ਵਿੱਚ ਉਠਾਏਗੀ ਅਤੇ ਪ੍ਰਦਰਸ਼ਨ ਕਰੇਗੀ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਦੀ ਪ੍ਰਧਾਨਗੀ ਹੇਠ ਆਯੋਜਿਤ ਬੈਠਕ ਵਿੱਚ ਪਾਰਟੀ ਸੰਸਦੀ ਦਲ ਦੀ ਮੁਖੀ ਸੋਨੀਆ ਗਾਂਧੀ, ਪਾਰਟੀ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ, ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਵਢੇਰਾ, ਕੇ.ਸੀ. ਵੇਣੂਗੋਪਾਲ, ਜੈਰਾਮ ਰਮੇਸ਼ ਅਤੇ ਹੋਰ ਕਈ ਸੀਨੀਅਰ ਨੇਤਾ ਸ਼ਾਮਲ ਹੋਏ।


WHOLE HOME SOLAR & BATTERY
STARTING AT $25,000
For a standard 5kW Solar & 14kWh Battery system
Roof or main panel upgrades not included
Clear & Up-Front Pricing
High-Efficiency Components
Permits and Utility Approvals Included
Protect Existing NEM 2.0 (Via Non-Export Configuration)
CALL HARRY FOR A QUOTE | (925) 537-2732
Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.




**ਅੰਮ੍ਰਿਤਸਰ ਟਾਈਮਜ਼ ਬਿਊਰੋ**









ਇਸ ਸਮੇਂ ਪੰਜਾਬ ਵਿੱਚ ਵਿਚਰ ਰਹੀਆਂ ਸਿਆਸੀ ਪਾਰਟੀਆਂ 'ਆਪ', ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਵੱਲੋਂ ਅਗਲੀਆਂ ਵਿਧਾਨ ਸਭਾ ਚੋਣਾਂ ਲਈ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ ਪਰ ਆਮ ਲੋਕਾਂ ਵਿੱਚ ਚਰਚਾ ਹੋ ਰਹੀ ਹੈ ਕਿ ਪੰਜਾਬ ਦੀ ਸਿਆਸਤ ਵਿੱਚ ਇਸ ਸਮੇਂ 'ਚੰਗੀ, ਇਮਾਨਦਾਰ ਅਤੇ ਧੜੱਲੇਦਾਰ ਲੀਡਰਸ਼ਿਪ' ਦਾ ਸੰਕਟ ਆ ਗਿਆ ਹੈ। ਸਾਰੀਆਂ ਸਿਆਸੀ ਪਾਰਟੀਆਂ ਅੰਦਰੂਨੀ ਫ਼ੁੱਟ ਦਾ ਸਾਹਮਣਾ ਕਰ ਰਹੀਆਂ ਹਨ। ਕਿਸੇ ਵੀ ਸਿਆਸੀ ਪਾਰਟੀ ਕੋਲ ਕੋਈ ਧੜੱਲੇਦਾਰ ਨੇਤਾ ਨਹੀਂ ਹੈ, ਜੋ ਕਿ ਪੂਰੀ ਪਾਰਟੀ ਨੂੰ ਇੱਕ ਜੁੱਟ ਰੱਖ ਸਕੇ। ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂ ਵੱਖ-ਵੱਖ ਡਫ਼ਲੀਆਂ ਵਜਾ ਰਹੇ ਹਨ, ਜਿਸ ਕਾਰਨ ਇਹਨਾਂ ਸਿਆਸੀ ਪਾਰਟੀਆਂ ਦੀ ਅੰਦਰੂਨੀ ਫ਼ੁੱਟ ਸਾਹਮਣੇ ਆ ਰਹੀ ਹੈ। ਇਸ ਤੋਂ ਇਲਾਵਾ ਸਰਗਰਮ ਸਾਰੀਆਂ ਸਿਆਸੀ ਪਾਰਟੀਆਂ ਦਾ ਇੱਕੋ ਇੱਕ ਮਕਸਦ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਜਿੱਤ ਪ੍ਰਾਪਤ ਕਰਕੇ ਆਪਣੀ ਸਰਕਾਰ ਬਣਾਉਣਾ ਰਹਿ ਗਿਆ ਹੈ, ਜਿਸ ਕਾਰਨ ਪੰਜਾਬ ਦੇ ਮੁੱਖ ਮੁੱਦੇ ਅਤੇ ਮਸਲੇ ਅਣਗੌਲੇ ਜਾ ਰਹੇ ਹਨ।

ਪੰਜਾਬ ਵਿੱਚ ਸਾਲ 2022 ਦੀਆਂ ਚੋਣਾਂ ਦੌਰਾਨ ਆਮ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਚੰਗਾ ਹੁੰਗਾਰਾ ਭਰਿਆ ਸੀ। ਇਹ ਪਾਰਟੀ ਉਦੋਂ ਤੋਂ ਲੈ ਕੇ ਹੁਣ ਤੱਕ ਪੰਜਾਬ ਵਿੱਚ ਰਾਜ ਕਰ ਰਹੀ ਹੈ। ਇਸ ਪਾਰਟੀ ਦਾ ਰਾਜ ਕਰਨ ਦਾ ਸਮਾਂ ਛੇ ਕੁ ਮਹੀਨੇ ਹੀ ਰਹਿ ਗਿਆ ਹੈ, ਜਿਸ ਕਰਕੇ ਅਗਲੀਆਂ ਚੋਣਾਂ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਹਨ। ਆਮ ਆਦਮੀ ਪਾਰਟੀ ਜਦੋਂ ਹੋਂਦ ਵਿੱਚ ਆਈ ਸੀ ਤਾਂ ਸਭ ਤੋਂ ਪਹਿਲਾਂ ਪੰਜਾਬ ਵਿੱਚ ਇਸ ਪਾਰਟੀ ਨੂੰ ਆਮ ਲੋਕਾਂ ਵੱਲੋਂ ਹੁੰਗਾਰਾ ਭਰਿਆ ਗਿਆ ਸੀ ਅਤੇ ਭਗਵੰਤ ਮਾਨ ਉਸ ਸਮੇਂ ਇਸ ਪਾਰਟੀ ਦੇ ਮੋਹਰੀ ਨੇਤਾ ਦੇ ਰੂਪ ਵਿੱਚ ਸਾਹਮਣੇ ਆਏ ਸਨ। ਸਿਆਸੀ ਮਾਹਿਰ ਕਹਿੰਦੇ ਹਨ ਕਿ ਭਗਵੰਤ ਮਾਨ ਦੇ ਕਾਮੇਡੀਅਨ ਹੋਣ ਕਰਕੇ ਵੱਡੀ ਗਿਣਤੀ ਪੰਜਾਬੀ ਉਹਨਾਂ ਦੇ ਪ੍ਰਸੰਸਕ ਸਨ ਅਤੇ ਇਸ ਦਾ ਫ਼ਾਇਦਾ ਆਮ ਆਦਮੀ ਪਾਰਟੀ ਨੂੰ ਚੋਣਾਂ ਦੌਰਾਨ ਹੋਇਆ। ਭਗਵੰਤ ਮਾਨ ਦੀ ਨਿੱਜੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਅਤੇ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਚੱਲੀ ਹਨੇਰੀ ਕਾਰਨ ਆਮ ਆਦਮੀ ਪਾਰਟੀ ਪੰਜਾਬ ਵਿੱਚ ਸਰਕਾਰ ਬਣਾਉਣ ਵਿੱਚ ਕਾਮਯਾਬ ਹੋ ਗਈ ਪਰ ਇਸ ਪਾਰਟੀ ਤੋਂ ਵੱਡੀ ਗਿਣਤੀ ਪੰਜਾਬ ਦੇ ਲੋਕ ਇਸ ਸਮੇਂ ਨਾਰਾਜ਼ ਦੱਸੇ ਜਾਂਦੇ ਹਨ। ਆਪ ਆਗੂ ਵੀ ਇਹ ਗੱਲ ਸਮਝਦੇ ਹਨ। ਇਸੇ ਕਾਰਨ ਆਪ ਆਗੂ ਬਹੁਤ ਸੰਭਲ ਸੰਭਲ ਕੇ ਕਦਮ ਚੁੱਕ ਰਹੇ ਹਨ। ਵਿਰੋਧੀ ਦਲਾਂ ਦੇ ਆਗੂਆਂ ਵੱਲੋਂ ਦੋਸ਼ ਲਗਾਏ ਜਾ ਰਹੇ ਹਨ ਕਿ ਮੁੱਖ ਮੰਤਰੀ ਭਗਵੰਤ ਮਾਨ ਖੁਦ ਫ਼ੈਸਲੇ ਲੈਣ ਦੀ ਥਾਂ ਦਿੱਲੀ ਦੇ ਆਗੂਆਂ ਦੇ ਫ਼ੈਸਲਿਆਂ ਨੂੰ ਪੰਜਾਬੀਆਂ ਉਪਰ ਠੋਸ ਰਹੇ ਹਨ, ਜਿਸ ਕਾਰਨ ਵੀ ਪੰਜਾਬ ਦੇ ਅਨੇਕਾਂ ਲੋਕ ਇਸ ਪਾਰਟੀ ਤੋਂ ਨਿਰਾਸ਼ ਦੱਸੇ ਜਾਂਦੇ ਹਨ।

ਜੇ ਹੁਣ ਅਕਾਲੀ ਦਲ ਦੀ ਗੱਲ ਕੀਤੀ ਜਾਵੇ ਤਾਂ ਇਸ ਸਮੇਂ ਅਕਾਲੀ ਦਲਾਂ ਦੀ ਗਿਣਤੀ ਬਹੁਤ ਜਿਆਦਾ ਹੈ। ਕਈ ਲੋਕ ਅਕਸਰ ਮਜ਼ਾਕ ਵਿੱਚ ਕਹਿੰਦੇ ਹਨ ਕਿ ਪੰਜਾਬ ਵਿੱਚ ਜਿੰਨੇ ਜ਼ਿਲ੍ਹੇ ਹਨ, ਉਨੇ ਹੀ ਅਕਾਲੀ ਦਲ ਹਨ। ਇਸ ਦਾ ਇੱਕ ਕਾਰਨ ਇਹ ਵੀ ਹੈ ਕਿ ਕਈ ਜ਼ਿਲ੍ਹਾ ਪੱਧਰੀ ਆਗੂ ਆਪਣੇ ਆਪ ਨੂੰ ਪੰਜਾਬ ਪੱਧਰੀ ਆਗੂ ਸਮਝੀ ਬੈਠੇ ਹਨ। ਅਕਾਲੀ ਦਲ ਦੀ ਵਾਗਡੋਰ ਲੰਬਾ ਸਮਾਂ ਬਾਦਲ ਪਰਿਵਾਰ ਹੱਥ ਰਹੀ ਹੈ, ਜਦੋਂ ਕਿ ਵੱਡੀ ਗਿਣਤੀ ਟਕਸਾਲੀ ਅਤੇ ਸੀਨੀਅਰ ਅਕਾਲੀ ਆਗੂ ਸੁਖਬੀਰ ਬਾਦਲ ਦੀ ਅਧੀਨਗੀ ਨੂੰ ਸਵੀਕਾਰ ਨਹੀਂ ਕਰ ਰਹੇ ਦੂਜੇ ਪਾਸੇ ਸੁਖਬੀਰ ਬਾਦਲ ਪ੍ਰਧਾਨਗੀ ਛੱਡਣ ਨੂੰ ਤਿਆਰ ਨਹੀਂ। ਇਸ ਕਾਰਨ ਅਕਾਲੀ ਦਲ ਕਈ ਧੜਿਆਂ ਵਿੱਚ ਵੰਡਿਆ ਗਿਆ ਹੈ। ਬਾਦਲ ਦਲ ਦਾ ਵਿਰੋਧ ਕਰਨ ਲਈ ਅਕਾਲੀ ਦਲ ਪੁਨਰ ਸੁਰਜੀਤ ਅਤੇ ਹੋਰ ਅਕਾਲੀ ਧੜੇ ਸਰਗਰਮ ਹਨ। ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੀਆਂ ਕਾਰਵਾਈਆਂ ਤੋਂ ਅਸੰਤੁਸ਼ਟ ਇੱਕ ਧੜਾ ਵੱਖਰਾ ਹੋ ਗਿਆ ਹੈ, ਜੋ ਕਿ ਮਾਨ ਦਲ ਲਈ ਪ੍ਰੇਸ਼ਾਨੀਆਂ ਖੜੀਆਂ ਕਰ ਸਕਦਾ ਹੈ। ਇਸੇ ਤਰ੍ਹਾਂ ਅਕਾਲੀ ਦਲ ਪੁਨਰ ਸੁਰਜੀਤ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਦੀ ਸਿਆਸੀ ਖੇਤਰ ਵਿੱਚ ਘੱਟ ਸਰਗਰਮੀ ਕਾਰਨ ਵੀ ਇਸ ਪਾਰਟੀ ਦੇ ਕੁਝ ਆਗੂ ਸੰਤੁਸ਼ਟ ਨਹੀਂ ਹਨ। ਅਕਾਲੀ ਦਲ ਵਿੱਚ ਵੀ ਅਜਿਹਾ ਕੋਈ ਇੱਕ ਆਗੂ ਨਹੀਂ ਹੈ ਜੋ ਕਿ ਸਾਰੇ ਅਕਾਲੀ ਧੜਿਆਂ ਨੂੰ ਇਕੱਠਾ ਕਰਕੇ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਪਾਰਟੀ ਬਣਾ ਸਕੇ।

ਚਰਚਾ ਚੱਲ ਪੈਂਦੀ ਹੈ ਪਰ ਕੁਝ ਦਿਨਾਂ ਬਾਅਦ ਇਹ ਚਰਚਾ ਠੰਡੀ ਵੀ ਪੈ ਜਾਂਦੀ ਹੈ। (ਬਾਕੀ ਸਫ਼ਾ 26 'ਤੇ)

**ਭਾਰਤ ਦਾ ਸਰਹੱਦੀ ਸੂਬਾ ਹੋਣ ਕਰਕੇ ਪੰਜਾਬ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਪੰਜਾਬ ਨੂੰ ਭਾਰਤ ਦੀ ਖੜਗਭੁਜਾ ਕਿਹਾ ਜਾਂਦਾ ਹੈ। ਪੁਰਾਤਨ ਸਮੇਂ ਤੋਂ ਵਿਦੇਸ਼ਾਂ ਤੋਂ ਆਉਣ ਵਾਲੇ ਧਾੜਵੀਆਂ ਅਤੇ ਹਮਲਾਵਰਾਂ ਦਾ ਮੁਕਾਬਲਾ ਪੰਜਾਬ ਨੇ ਪੂਰੀ ਤਰ੍ਹਾਂ ਡਟ ਕੇ ਕੀਤਾ ਹੈ ਇਸ ਦੇ ਬਾਵਜੂਦ ਕੌਮੀ ਪੱਧਰ 'ਤੇ ਪੰਜਾਬ ਨੂੰ ਉਹ ਮਾਣ ਸਤਿਕਾਰ ਨਹੀਂ ਮਿਲਿਆ, ਜਿਸ ਦਾ ਉਹ ਹੱਕਦਾਰ ਹੈ। ਇਸ ਦਾ ਵੱਡਾ ਕਾਰਨ ਪੰਜਾਬ ਦੀ ਢਿੱਲੀ ਅਤੇ ਗ਼ੈਰ ਜ਼ਿੰਮੇਵਾਰ ਸਿਆਸੀ ਲੀਡਰਸ਼ਿਪ ਹੈ। ਇਹ ਲੀਡਰਸ਼ਿਪ ਸੱਤਾ ਵਿੱਚ ਆਉਣ ਦੇ ਬਾਵਜੂਦ ਪੰਜਾਬ ਦੇ ਮੁੱਖ ਮਸਲੇ ਹੱਲ ਕਰਵਾਉਣ ਵਿੱਚ ਨਾਕਾਮ ਰਹੀ ਹੈ ਅਤੇ ਪੰਜਾਬ ਅਕਸਰ ਜਿੱਤਦਾ ਜਿੱਤਦਾ ਹਾਰ ਜਾਂਦਾ ਹੈ। ਸ਼ਾਹ ਮੁਹੰਮਦ ਦੀ ਕਹੀ ਹੋਈ ਗੱਲ ਇਸ ਸਮੇਂ ਵੀ ਪੰਜਾਬ 'ਤੇ ਬਿਲਕੁਲ ਸਹੀ ਢੁੱਕਦੀ ਹੈ " ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ, ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ। " ਇਸੇ ਕਾਰਨ ਪੰਜਾਬ ਦੇ ਲੋਕ ਇਸ ਸਮੇਂ ਕਿਸੇ ਵੀ ਸਿਆਸੀ ਪਾਰਟੀ ਨੂੰ ਹੁੰਗਾਰਾ ਨਹੀਂ ਭਰ ਰਹੇ, ਜਿਸ ਕਾਰਨ ਪੰਜਾਬ ਦੀ ਸਿਆਸਤ ਦੇ ਨਿੱਤ ਦਿਨ ਸਮੀਕਰਨ ਬਦਲ ਰਹੇ ਹਨ। ਆਮ ਆਦਮੀ ਪਾਰਟੀ ਦੇ ਵੀ ਰਵਾਇਤੀ ਸਿਆਸੀ ਪਾਰਟੀਆਂ ਦੇ ਰਾਹ ਤੁਰਨ ਕਾਰਨ ਪੰਜਾਬੀ ਹੁਣ ਨਵੀਂ ਲੀਡਰਸ਼ਿਪ ਦੀ ਭਾਲ ਕਰਨ ਲੱਗੇ ਹਨ। ਪੰਜਾਬ ਨੂੰ ਹੁਣ ਮਹਾਰਾਜਾ ਰਣਜੀਤ ਸਿੰਘ ਵਰਗੇ ਸੂਰਵੀਰ ਯੋਧੇ ਅਤੇ ਸਿਆਸੀ ਮਾਹਿਰ ਦੀ ਵੱਡੀ ਲੋੜ ਹੈ, ਜੋ ਕਿ ਪੰਜਾਬ ਦੀ ਸਮੁੱਚੀ ਲੀਡਰਸ਼ਿਪ ਨੂੰ ਇਕੱਠੀ ਕਰ ਸਕੇ ਅਤੇ ਪੰਜਾਬ ਦੀ ਹਰ ਖੇਤਰ ਵਿੱਚ ਜਿੱਤ ਹੋਵੇ।**




ਕਾਂਗਰਸ ਲਈ ਚੁਣੇ ਜਾਣ ਤੋਂ ਬਾਅਦ, SCOPE ਨੇ ਡਾ. ਆਇਸ਼ਾ ਵਹਾਬ ਦੇ ਸਨਮਾਨ ਵਿੱਚ ਇੱਕ ਵਿਸ਼ੇਸ਼ 'ਮਿਲਣੀ' (Meet & Greet) ਸਮਾਗਮ ਦਾ ਆਯੋਜਨ ਕੀਤਾ। ਇਸ ਇਕੱਠ ਵਿੱਚ SCOPE ਦੇ ਮੈਂਬਰ, ਭਾਈਚਾਰੇ ਦੇ ਆਗੂ ਅਤੇ ਸਮਰਥਕ ਸ਼ਾਮਲ ਹੋਏ ਤਾਂ ਜੋ ਕਾਂਗਰਸ ਮੈਂਬਰ ਵਹਾਬ ਨੂੰ ਵਧਾਈ ਦਿੱਤੀ ਜਾ ਸਕੇ ਅਤੇ ਭਾਈਚਾਰੇ ਲਈ ਅਹਿਮ ਮੁੱਦਿਆਂ 'ਤੇ ਚਰਚਾ ਕੀਤੀ ਜਾ ਸਕੇ। ਸਮਾਗਮ ਦੌਰਾਨ, SCOPE ਦੇ ਮੈਂਬਰਾਂ ਨੇ ਉਨ੍ਹਾਂ ਦੀ ਜਨਤਕ ਸੇਵਾ ਦੀ ਸ਼ਲਾਘਾ ਕੀਤੀ ਅਤੇ 3 ਨਵੰਬਰ ਨੂੰ ਹੋਣ ਵਾਲੀਆਂ ਚੋਣਾਂ ਵਿੱਚ ਉਨ੍ਹਾਂ ਨੂੰ ਸਮਰਥਨ ਦੇਣ ਦਾ ਅਹਿਦ ਲਿਆ। ਇਹ ਸ਼ਾਮ ਨਾਗਰਿਕ ਸਰਗਰਮੀ ਅਤੇ ਲੋਕਤੰਤਰੀ ਪ੍ਰਕਿਰਿਆ ਵਿੱਚ ਭਾਈਚਾਰੇ ਦੀ ਆਵਾਜ਼ ਨੂੰ ਮਜ਼ਬੂਤ ਕਰਨ ਪ੍ਰਤੀ SCOPE ਦੀ ਨਿਰੰਤਰ ਵਚਨਬੱਧਤਾ ਨੂੰ ਦਰਸਾਉਂਦੀ ਸੀ।

### ਚੀਨੀ ਰਾਸ਼ਟਰਪਤੀ ਦਾ ਅਮਰੀਕਾ ਦੌਰਾ

# ਅਮਰੀਕਾ-ਚੀਨ ਵਿਚਾਲੇ ਰੇਸ ਹੋਵੇ, ਰੇਸਲਿੰਗ ਨਹੀਂ: ਸ਼ੀ ਜਿਨਪਿੰਗ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਵ੍ਹਾਈਟ ਹਾਊਸ ਵਿੱਚ ਮੁਲਾਕਾਤ ਕੀਤੀ। ਟਰੰਪ ਅਤੇ ਉਨ੍ਹਾਂ ਦੀ ਪਤਨੀ ਮੇਲਾਨੀਆ ਟਰੰਪ ਨੇ ਸ਼ੀ ਜਿਨਪਿੰਗ ਦਾ ਰਸਮੀ ਸਵਾਗਤ ਕੀਤਾ, ਜੋ ਇੱਕ ਦਹਾਕੇ ਤੋਂ ਵੱਧ ਸਮੇਂ ਬਾਅਦ ਵਾਸ਼ਿੰਗਟਨ ਪਹੁੰਚੇ ਸਨ। ਆਪਣੀ ਸ਼ੁਰੂਆਤੀ ਗੱਲਬਾਤ ਵਿੱਚ ਦੋਵਾਂ ਨੇਤਾਵਾਂ ਨੇ ਅਮਰੀਕਾ-ਚੀਨ ਸਬੰਧਾਂ ਨੂੰ ਬਿਹਤਰ ਬਣਾਉਣ ਅਤੇ ਦੋਵਾਂ ਦੇਸ਼ਾਂ ਵਿਚਕਾਰ ਟਕਰਾਅ ਤੋਂ ਬਚਣ 'ਤੇ ਜ਼ੋਰ ਦਿੱਤਾ।





ਚਰਚਾ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ, ਵਪਾਰ, ਤਕਨਾਲੋਜੀ, ਤਾਈਵਾਨ ਅਤੇ ਦੋਵਾਂ ਦੇਸ਼ਾਂ ਦੀਆਂ ਫ਼ੌਜਾਂ ਵਿਚਕਾਰ ਸੰਚਾਰ ਵਰਗੇ ਮੁੱਦੇ ਵੀ ਸ਼ਾਮਲ ਸਨ। ਟਰੰਪ ਨੇ ਕਿਹਾ ਕਿ ਜਿਸ ਤਰ੍ਹਾਂ ਅਮਰੀਕਾ ਅਤੇ ਚੀਨ ਨੇ ਦੂਜੇ ਵਿਸ਼ਵ ਯੁੱਧ ਦੌਰਾਨ ਮਿਲ ਕੇ ਕੰਮ ਕੀਤਾ ਸੀ, ਉਸੇ ਤਰ੍ਹਾਂ ਉਹ ਹੁਣ ਬਿਹਤਰ ਭਵਿੱਖ ਬਣਾਉਣ ਲਈ ਸਹਿਯੋਗ ਕਰ ਸਕਦੇ ਹਨ। ਉਨ੍ਹਾਂ ਨੇ ਸ਼ੀ ਜਿਨਪਿੰਗ ਨਾਲ ਆਪਣੇ ਸਬੰਧਾਂ ਨੂੰ ਇੱਕ ਸ਼ਾਨਦਾਰ ਦੋਸਤੀ ਦੱਸਿਆ ਅਤੇ ਕਿਹਾ ਕਿ ਇਹ 2016 ਵਿੱਚ ਰਾਸ਼ਟਰਪਤੀ ਵਜੋਂ ਉਨ੍ਹਾਂ ਦੀ ਪਹਿਲੀ ਚੋਣ ਤੋਂ ਬਾਅਦ ਵਿਕਸਤ ਹੋਈ ਹੈ। ਸ਼ੀ ਜਿਨਪਿੰਗ ਨੇ ਕਿਹਾ ਕਿ ਉਹ ਦੋਵਾਂ ਦੇਸ਼ਾਂ ਵਿਚਕਾਰ ਦੋਸਤੀ ਨੂੰ ਅੱਗੇ ਵਧਾਉਣ, ਸਹਿਯੋਗ ਵਧਾਉਣ ਅਤੇ ਆਪਣੇ ਲੋਕਾਂ ਦੀ ਭਲਾਈ ਯਕੀਨੀ ਬਣਾਉਣ ਲਈ ਟਰੰਪ ਦੇ ਸੱਦੇ 'ਤੇ ਅਮਰੀਕਾ ਆਏ ਹਨ।

ਸ਼ੀ ਜਿਨਪਿੰਗ ਨੇ ਕਿਹਾ ਕਿ ਚੀਨ ਅਤੇ ਅਮਰੀਕਾ ਨੂੰ ਸ਼ਾਂਤੀਪੂਰਵਕ ਇਕੱਠੇ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਨੂੰ ਸਹਿਯੋਗ ਤੋਂ ਲਾਭ ਹੋ ਸਕਦਾ ਹੈ, ਜਦੋਂ ਕਿ ਟਕਰਾਅ ਦੋਵਾਂ ਲਈ ਨੁਕਸਾਨਦੇਹ ਹੋਵੇਗਾ। ਅਮਰੀਕਾ ਅਤੇ ਚੀਨ ਵਿਚਕਾਰ ਮੁਕਾਬਲੇ ਨੂੰ ਖਤਮ ਕਰਨ ਦੀ ਕੋਈ ਲੋੜ ਨਹੀਂ ਹੈ, ਪਰ ਇਹ ਸਿਹਤਮੰਦ ਹੋਣਾ ਚਾਹੀਦਾ ਹੈ ਅਤੇ ਸੀਮਾਵਾਂ ਦੇ ਅੰਦਰ ਰਹਿਣਾ ਚਾਹੀਦਾ ਹੈ। ਇਹ ਅਮਰੀਕਾ ਅਤੇ ਚੀਨ ਵਿਚਕਾਰ ਇੱਕ ਦੌੜ ਹੋਣੀ ਚਾਹੀਦੀ ਹੈ, ਨਾ ਕਿ ਰੇਸਲਿੰਗ। ਉਨ੍ਹਾਂ ਨੇ ਇਸ ਨੂੰ ਇੱਕ-ਦੂਜੇ ਤੋਂ ਅੱਗੇ ਨਿਕਲਣ ਦੀ ਦੌੜ ਦੱਸਿਆ, ਨਾ ਕਿ ਰੇਸਲਿੰਗ ਦੇ ਮੁਕਾਬਲੇ ਵਜੋਂ ਜਿੱਥੇ ਇੱਕ ਦੀ ਜਿੱਤ ਦੂਜੇ ਦੀ ਹਾਰ 'ਤੇ ਨਿਰਭਰ ਕਰਦੀ ਹੈ।ਚੀਨੀ ਰਾਸ਼ਟਰਪਤੀ ਨੇ ਦੋਵਾਂ ਦੇਸ਼ਾਂ ਵਿਚਕਾਰ ਸੰਭਾਵੀ ਟਕਰਾਅ ਦੇ ਸਬੰਧ ਵਿੱਚ 'ਥੁਸੀਡਾਈਡਸ ਟ੍ਰੈਪ' ਦਾ ਵੀ ਜ਼ਿਕਰ ਕੀਤਾ। ਇਹ ਸਿਧਾਂਤ ਸੁਝਾਅ ਦਿੰਦਾ ਹੈ ਕਿ ਇੱਕ ਉੱਭਰਦੀ ਹੋਈ ਤਾਕਤ ਅਤੇ ਇੱਕ ਸਥਾਪਿਤ ਪ੍ਰਮੁੱਖ ਤਾਕਤ ਵਿਚਕਾਰ ਵਧਦਾ ਤਣਾਅ ਯੁੱਧ ਦਾ ਕਾਰਨ ਬਣ ਸਕਦਾ ਹੈ। ਸ਼ੀ ਨੇ ਕਿਹਾ ਕਿ ਚੀਨ ਅਤੇ ਅਮਰੀਕਾ ਨੂੰ ਟਕਰਾਅ ਅਤੇ ਵਿਵਾਦ ਤੋਂ ਬਚਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਅਤੇ ਦੋਵੇਂ ਦੇਸ਼ ਇਸ ਸਥਿਤੀ ਨਾਲ ਨਜਿੱਠਣ ਦਾ ਰਸਤਾ ਲੱਭ ਸਕਦੇ ਹਨ।ਸ਼ੀ ਜਿਨਪਿੰਗ ਨੇ ਆਰਟੀਫਿਸ਼ੀਅਲ ਇੰਟੈਲੀਜੈਂਸ ਨੂੰ ਵੀ ਆਪਣੀ ਸ਼ੁਰੂਆਤੀ ਟਿੱਪਣੀ ਵਿਚ ਪ੍ਰਮੁਖਤਾ ਦਿੱਤੀ। ਉਨ੍ਹਾਂ ਕਿਹਾ ਕਿ ਚੀਨ ਅਤੇ ਅਮਰੀਕਾ 19 (ਆਰਟੀਫੀਸ਼ੀਅਲ ਇੰਟੈਲੀਜੈਂਸ) ਦੇ ਖੇਤਰ ਵਿੱਚ ਵਿਸ਼ਵ ਪੱਧਰ 'ਤੇ ਮੋਹਰੀ ਹਨ ਅਤੇ ਇਸ ਲਈ, ਇਹ ਯਕੀਨੀ ਬਣਾਉਣਾ ਉਨ੍ਹਾਂ ਦੀ ਸਾਂਝੀ ਜ਼ਿੰਮੇਵਾਰੀ ਹੈ ਕਿ ਇਸਦਾ ਵਿਕਾਸ ਸਹੀ ਦਿਸ਼ਾ ਵਿੱਚ ਅੱਗੇ ਵਧੇ। ਸ਼ੀ ਨੇ ਕਿਹਾ ਕਿ ਦੋਵਾਂ ਦੇਸ਼ਾਂ ਕੋਲ ਸਮੁੱਚੇ ਭਲੇ ਲਈ ਏ.ਆਈ. ਨੂੰ ਵਿਕਸਤ ਕਰਨ ਅਤੇ ਇਸਦਾ ਪ੍ਰਬੰਧਨ ਕਰਨ ਦੀ ਸਮਰੱਥਾ ਅਤੇ ਜ਼ਿੰਮੇਵਾਰੀ ਦੋਵੇਂ ਹਨ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਏ.ਆਈ. ਦਾ ਵਿਕਾਸ ਹਮੇਸ਼ਾ ਮਨੁੱਖੀ ਨਿਯੰਤਰਣ ਅਧੀਨ ਰਹਿਣਾ ਚਾਹੀਦਾ ਹੈ ਅਤੇ ਇਸਦੀ ਵਰਤੋਂ ਲੋਕਾਂ ਦੀ ਭਲਾਈ ਲਈ ਕੀਤੀ ਜਾਣੀ ਚਾਹੀਦੀ ਹੈ। **(ਬਾਕੀ ਸਫ਼ਾ 27 'ਤੇ)**

## ਟਰੰਪ ਦੇ ਮੀਡੀਆ ਸਬੰਧੀ ਹੁਕਮਾਂ 'ਤੇ ਅਮਰੀਕੀ ਅਦਾਲਤ ਨੇ ਲਗਾਈ ਰੋਕ

ਨਿਊਯਾਰਕ/ਏ.ਟੀ.ਨਿਊਜ਼: ਅਮਰੀਕਾ ਵਿੱਚ ਇੱਕ ਫੈਡਰਲ ਜੱਜ ਨੇ ਸੀ.ਐੱਨ.ਐੱਨ. ਸਮੇਤ ਤਿੰਨ ਮੀਡੀਆ ਅਦਾਰਿਆਂ ਦੇ ਵ੍ਹਾਈਟ ਹਾਊਸ ਵਿੱਚ ਦਾਖ਼ਲ ਹੋਣ 'ਤੇ ਲੱਗੀ ਪਾਬੰਦੀ 'ਤੇ 14 ਦਿਨਾਂ ਲਈ ਅਸਥਾਈ ਰੋਕ ਲਗਾ ਦਿੱਤੀ ਹੈ। ਜੱਜ ਨੇ ਪ੍ਰਸ਼ਾਸਨ ਨੂੰ ਹੁਕਮ ਦਿੱਤਾ ਕਿ ਸੀ.ਐੱਨ.ਐੱਨ., ਐੱਮ.ਐੱਸ. ਨਾਓ ਅਤੇ ਪੋਲਿਟਿਕੋ ਦੇ ਪੱਤਰਕਾਰਾਂ ਨੂੰ ਵ੍ਹਾਈਟ ਹਾਊਸ ਵਿੱਚ ਜਾਣ ਤੋਂ ਨਾ ਰੋਕਿਆ ਜਾਵੇ, ਹਾਲਾਂਕਿ ਰਾਇਟਰ ਅਨੁਸਾਰ, ਜੱਜ ਦੇ ਹੁਕਮ ਦੇ ਬਾਵਜੂਦ ਪੋਲਿਟਿਕੋ ਅਤੇ ਐੱਮ.ਐੱਸ. ਨਾਓ ਨੂੰ ਵ੍ਹਾਈਟ ਹਾਊਸ ਵਿੱਚ ਦਾਖ਼ਲ ਹੋਣ ਤੋਂ ਰੋਕਿਆ ਗਿਆ।



ਰਾਸ਼ਟਰਪਤੀ ਡੋਨਾਲਡ ਟਰੰਪ ਨੇ ਫੇਕ ਨਿਊਜ਼ ਫੈਲਾਉਣ ਦੇ ਦੋਸ਼ ਲਗਾਉਂਦੇ ਹੋਏ ਪਿਛਲੇ ਦਿਨੀਂ ਤਿੰਨੋਂ ਸੰਸਥਾਵਾਂ ਦੇ ਵ੍ਹਾਈਟ ਹਾਊਸ ਵਿੱਚ ਦਾਖ਼ਲੇ 'ਤੇ ਪਾਬੰਦੀ ਲਗਾਈ ਸੀ। ਇਸ ਤੋਂ ਬਾਅਦ, ਇਨ੍ਹਾਂ ਸੰਸਥਾਵਾਂ ਨੇ ਮੁਕੱਦਮਾ ਦਰਜ ਕਰਵਾ ਕੇ ਪਾਬੰਦੀ ਨੂੰ 'ਫਸਟ ਅਮੈਂਡਮੈਂਟ' (ਸੰਵਿਧਾਨ ਦੀ ਪਹਿਲੇ ਸੋਧ) ਦੀ ਉਲੰਘਣਾ ਦੱਸਿਆ ਅਤੇ ਵ੍ਹਾਈਟ ਹਾਊਸ ਵਿੱਚ ਦਾਖ਼ਲ ਹੋਣ ਦੇਣ ਦੀ ਅਪੀਲ ਕੀਤੀ। ਫਸਟ ਅਮੈਂਡਮੈਂਟ ਪੱਤਰਕਾਰਾਂ ਦੀ ਆਜ਼ਾਦੀ ਨੂੰ ਸੁਰੱਖਿਆ ਦਿੰਦੀ ਹੈ।

ਟਰੰਪ ਦੁਆਰਾ ਨਿਯੁਕਤ ਡਿਸਟ੍ਰਿਕਟ ਕੋਰਟ ਜੱਜ ਟਿਮੋਥੀ ਜੇ. ਕੇਲੀ ਨੇ ਹੁਕਮ ਵਿੱਚ ਲਿਖਿਆ ਕਿ ਮੀਡੀਆ ਸੰਸਥਾ ਦੇ ਇਸ ਦਾਅਵੇ ਵਿੱਚ ਤਾਕਤ ਹੈ ਕਿ ਵ੍ਹਾਈਟ ਹਾਊਸ ਨੇ ਬਿਨਾਂ ਅਗਾਊਂ ਸੂਚਨਾ ਦੇ ਪੱਤਰਕਾਰਾਂ ਦੇ ਪ੍ਰੈੱਸ ਕ੍ਰੈਡੈਂਸ਼ੀਅਲਜ਼ ਰੱਦ ਕਰ ਕੇ ਉਨ੍ਹਾਂ ਦੇ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਕੀਤੀ ਹੈ। ਜੱਜ ਨੇ ਪ੍ਰਸ਼ਾਸਨ ਦੀ ਇਸ ਦਲੀਲ ਨੂੰ ਖ਼ਾਰਜ ਕਰ ਦਿੱਤਾ ਕਿ ਇਹ ਕਾਰਵਾਈ ਦੇਸ਼ ਦੀ ਸੁਰੱਖਿਆ ਲਈ ਜ਼ਰੂਰੀ ਸੀ। ਪ੍ਰੈੱਸ ਕ੍ਰੈਡੈਂਸ਼ਅਲਜ਼ ਦਾ ਮਤਲਬ ਪ੍ਰੈੱਸ ਪਾਸ ਜਾਂ ਮੀਡੀਆ ਪਛਾਣ ਪੱਤਰ ਹੁੰਦਾ ਹੈ। ਮੀਡੀਆ ਸੰਸਥਾਵਾਂ ਦੇ ਵਕੀਲ ਥਿਓਡੋਰ ਜੇ. ਬੋਟਰਸ ਨੇ ਕਿਹਾ ਕਿ ਇਹ ਪੱਤਰਕਾਰਾਂ ਦੀ ਆਜ਼ਾਦੀ ਨੂੰ ਸਹੀ ਢੰਗ ਨਾਲ ਸਥਾਪਤ ਕਰਨ ਵਾਲਾ ਫ਼ੈਸਲਾ ਹੈ।

### ਜੇਡੀ ਵੈਂਸ ਨੇ ਕੰਪਨੀਆਂ ਨੂੰ ਦਿੱਤੀ ਚਿਤਾਵਨੀ

## ਅਮਰੀਕਾ ਵਿੱਚ ਐਚ-1ਬੀ ਵੀਜ਼ਾ ਨਿਯਮ ਹੋਰ ਸਖ਼ਤ

ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕਾ ਦੇ ਉਪ-ਰਾਸ਼ਟਰਪਤੀ ਜੇਡੀ ਵੈਂਸ ਨੇ ਐਚ-1ਬੀ ਵੀਜ਼ਾ ਪ੍ਰੋਗਰਾਮ ਨੂੰ ਲੈ ਕੇ ਕੰਪਨੀਆਂ ਨੂੰ ਸਖ਼ਤ ਚਿਤਾਵਨੀ ਦਿੱਤੀ ਹੈ। ਟਰੰਪ ਪ੍ਰਸ਼ਾਸਨ ਵੱਲੋਂ ਵੀਜ਼ਾ ਨਿਯਮਾਂ ਨੂੰ ਹੋਰ ਕਰੜਾ ਕਰਨ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਇਸ ਨਾਲ ਅਮਰੀਕਾ ਵਿੱਚ ਨੌਕਰੀਆਂ ਦੇ ਚਾਹਵਾਨ ਵਿਦੇਸ਼ੀ ਕਾਮਿਆਂ, ਖ਼ਾਸ ਕਰਕੇ ਭਾਰਤੀ ਆਈਟੀ ਪੇਸ਼ੇਵਰਾਂ 'ਤੇ ਸਿੱਧਾ ਅਸਰ ਪੈ ਸਕਦਾ ਹੈ।

ਅਮਰੀਕੀ ਕਾਮਿਆਂ ਦੀ ਥਾਂ ਵਿਦੇਸ਼ੀ ਕਾਮੇ ਲਿਆਉਣ 'ਤੇ ਰੋਕ

ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਬਿਆਨ ਦਿੰਦਿਆਂ ਉਪ-ਰਾਸ਼ਟਰਪਤੀ ਜੇਡੀ ਵੈਂਸ ਨੇ ਕਿਹਾ ਕਿ ਪ੍ਰਸ਼ਾਸਨ ਅਜਿਹੇ ਨਿਯਮ ਲਿਆਉਣ ਬਾਰੇ ਵਿਚਾਰ ਕਰ ਰਿਹਾ ਹੈ ਤਾਂ ਜੋ ਕੰਪਨੀਆਂ ਅਮਰੀਕੀ ਮੁਲਾਜ਼ਮਾਂ ਨੂੰ ਨੌਕਰੀਆਂ ਤੋਂ ਕੱਢ ਕੇ ਵਿਦੇਸ਼ੀ ਕਾਮਿਆਂ ਦੀ ਘਾਟ ਦਾ ਬਹਾਨਾ ਨਾ ਬਣਾ ਸਕਣ।

ਵੈਂਸ ਨੇ ਕਿਹਾ ਕਿ ਜੇਕਰ ਕੋਈ ਕੰਪਨੀ ਅਮਰੀਕੀ ਮੁਲਾਜ਼ਮਾਂ ਨੂੰ ਕੰਮ ਤੋਂ ਹਟਾ ਰਹੀ ਹੈ, ਤਾਂ ਉਸ ਨੂੰ ਉਨ੍ਹਾਂ ਦੀ ਥਾਂ ਵਿਦੇਸ਼ੀ ਕਾਮਿਆਂ ਨੂੰ ਲਿਆਉਣ ਦੀ ਇਜਾਜ਼ਤ ਨਹੀਂ ਹੋਣੀ ਚਾਹੀਦੀ। ਐਚ-1ਬੀ ਵੀਜ਼ਾ ਦਾ ਮਕਸਦ ਘੱਟ ਤਨਖ਼ਾਹ 'ਤੇ ਵਿਦੇਸ਼ੀ ਕਾਮੇ ਲਿਆ ਕੇ ਅਮਰੀਕੀਆਂ ਦੀ ਥਾਂ ਲੈਣਾ ਨਹੀਂ, ਸਗੋਂ ਦੇਸ਼ ਦੀ ਆਰਥਿਕਤਾ ਨੂੰ ਮਜ਼ਬੂਤ ਕਰਨਾ ਹੈ। ਬਹੁਤ ਸਾਰੀਆਂ ਕੰਪਨੀਆਂ ਹਜ਼ਾਰਾਂ ਅਮਰੀਕੀਆਂ ਦੀ ਛਾਂਟੀ ਕਰ ਦਿੰਦੀਆਂ ਹਨ ਅਤੇ ਫਿਰ ਦਾਅਵਾ ਕਰਦੀਆਂ ਹਨ ਕਿ ਉਨ੍ਹਾਂ ਨੂੰ ਕਾਮੇ ਨਹੀਂ ਮਿਲ ਰਹੇ।

ਕਾਰਜਕਾਰੀ ਹੁਕਮ ਅਤੇ ਪ੍ਰਬੰਧਕੀ ਬਦਲਾਅ

ਜ਼ਿਕਰਯੋਗ ਹੈ ਕਿ 18 ਸਤੰਬਰ ਨੂੰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਕਾਰਜਕਾਰੀ ਹੁਕਮ 'ਤੇ ਦਸਤਖ਼ਤ ਕੀਤੇ ਸਨ। ਇਸ ਹੁਕਮ ਰਾਹੀਂ ਫੈਡਰਲ ਏਜੰਸੀਆਂ ਨੂੰ ਨਿਰਦੇਸ਼ ਦਿੱਤਾ ਗਿਆ ਹੈ ਕਿ ਐਚ-1ਬੀ ਅਰਜ਼ੀਆਂ ਦੀ ਸਮੀਖਿਆ ਕਰਦੇ ਸਮੇਂ ਇਹ ਜ਼ਰੂਰ ਵੇਖਿਆ ਜਾਵੇ ਕਿ ਕੀ ਅਰਜ਼ੀ ਦੇਣ ਵਾਲੀ ਕੰਪਨੀ ਨੇ ਹਾਲ ਹੀ ਵਿੱਚ ਅਮਰੀਕੀ ਕਾਮਿਆਂ ਦੀ ਛਾਂਟੀ ਤਾਂ ਨਹੀਂ ਕੀਤੀ। ਵੈਂਸ ਮੁਤਾਬਕ, ਕਾਂਗਰਸ ਰਾਹੀਂ ਕਾਨੂੰਨ ਬਦਲਣ ਦੀ ਉਡੀਕ ਕਰਨ ਦੀ ਬਜਾਏ ਪ੍ਰਸ਼ਾਸਨ ਸਿੱਧੇ ਤੌਰ 'ਤੇ ਨਿਯਮਾਂ ਨੂੰ ਸਖ਼ਤ ਕਰ ਰਿਹਾ ਹੈ।

### ਭਾਰਤੀ ਪੇਸ਼ੇਵਰਾਂ ਦੀਆਂ ਵਧੀਆਂ ਚਿੰਤਾਵਾਂ




ਭਾਰਤੀਆਂ 'ਤੇ ਕਿਉਂ ਪਵੇਗਾ ਸਭ ਤੋਂ ਵੱਡਾ ਅਸਰ?

ਵੱਡੀ ਹਿੱਸੇਦਾਰੀ: ਅਮਰੀਕਾ ਹਰ ਸਾਲ 65,000 ਰੈਗੂਲਰ ਅਤੇ ਉੱਚ ਡਿਗਰੀ ਵਾਲਿਆਂ ਲਈ 20,000 ਵਾਧੂ ਐਚ-1ਬੀ ਵੀਜ਼ੇ ਜਾਰੀ ਕਰਦਾ ਹੈ। ਵਿੱਤੀ ਸਾਲ 2025 ਵਿੱਚ ਇਹ ਵੀਜ਼ਾ ਹਾਸਲ ਕਰਨ ਵਾਲਿਆਂ ਵਿੱਚੋਂ 70 ਫ਼ੀਸਦੀ ਤੋਂ ਵੱਧ ਭਾਰਤੀ ਸਨ।

ਵਧਦਾ ਖ਼ਰਚਾ ਤੇ ਜਾਂਚ: ਨਵੇਂ ਨਿਯਮਾਂ, ਵਧੀ ਹੋਈ ਫੀਸ ਅਤੇ ਕੰਪਨੀਆਂ 'ਤੇ ਸਖ਼ਤ ਨਿਗਰਾਨੀ ਕਾਰਨ ਅਮਰੀਕੀ ਕੰਪਨੀਆਂ ਲਈ ਵਿਦੇਸ਼ੀ ਕਾਮਿਆਂ ਨੂੰ ਸਪਾਂਸਰ ਕਰਨਾ ਔਖਾ ਅਤੇ ਮਹਿੰਗਾ ਹੋ ਜਾਵੇਗਾ।

ਕੰਪਨੀਆਂ 'ਤੇ ਵਧਦੀ ਨਜ਼ਰਸਾਨੀ ਅਤੇ ਛਾਂਟੀ ਦੇ ਨਵੇਂ ਨਿਯਮਾਂ ਕਾਰਨ ਭਾਰਤੀ ਟੈੱਕ ਪੇਸ਼ੇਵਰਾਂ ਲਈ ਅਮਰੀਕਾ ਵਿੱਚ ਕੰਮ ਕਰਨ ਦੇ ਮੌਕੇ ਹੋਰ ਚੁਣੌਤੀਪੂਰਨ ਹੋਣ ਦੇ ਆਸਾਰ ਹਨ।

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

### ਚਾਵਲਾ ਕਥਿਤ ਬਲਾਤਕਾਰ ਕਾਂਡ

# ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਖ਼ਿਲਾਫ਼ ਪੰਥਕ ਰੋਸ ਪ੍ਰਚੰਡ

**➢ ਅਸਤੀਫ਼ੇ ਦੀ ਮੰਗ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਨਿਰਪੱਖ ਜਾਂਚ ਦੀ ਮੰਗ ➢ ਪੰਥਕ ਜਥੇਬੰਦੀਆਂ ਨੇ ਮੰਗਿਆ ਧਾਮੀ ਤੋਂ ਅਸਤੀਫ਼ਾ**

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ.) ਦੇ ਪ੍ਰਮੁੱਖ ਮੈਂਬਰ ਅਮਰਜੀਤ ਸਿੰਘ ਚਾਵਲਾ ਖ਼ਿਲਾਫ਼ ਬਹਿਰੀਨ ਵਾਸੀ ਇੱਕ ਔਰਤ ਵੱਲੋਂ ਲਗਾਏ ਗਏ ਬਲਾਤਕਾਰ ਦੇ ਦੋਸ਼ਾਂ ਨੇ ਸਿੱਖ ਸਿਆਸਤ ਅਤੇ ਧਾਰਮਿਕ ਪ੍ਰਬੰਧਾਂ ਵਿੱਚ ਭੂਚਾਲ ਲੈ ਆਂਦਾ ਹੈ। ਸ੍ਰੀ ਅਨੰਦਪੁਰ ਸਾਹਿਬ ਦੀਆਂ ਪਵਿੱਤਰ ਸਰਾਵਾਂ ਨਾਲ ਜੁੜੇ ਇਸ ਕੇਸ ਦੇ ਸਾਹਮਣੇ ਆਉਣ ਤੋਂ ਬਾਅਦ ਜਿੱਥੇ ਆਮ ਸਿੱਖ ਸੰਗਤ ਵਿੱਚ ਡੂੰਘਾ ਰੋਸ ਹੈ, ਉੱਥੇ ਹੀ ਪੰਥਕ ਜਥੇਬੰਦੀਆਂ ਨੇ ਇਸ ਮਾਮਲੇ ਨੂੰ ਸਿੱਧਾ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਨੈਤਿਕ ਅਤੇ ਪ੍ਰਬੰਧਕੀ ਨਾਕਾਮੀ ਨਾਲ ਜੋੜ ਕੇ ਵਿਰੋਧ ਪ੍ਰਚੰਡ ਕਰ ਦਿੱਤਾ ਹੈ। ਹੁਸ਼ਿਆਰਪੁਰ ਸਥਿਤ ਧਾਮੀ ਦੀ ਰਿਹਾਇਸ਼ ਅੱਗੇ ਹੋਏ ਤਿੱਖੇ ਮੁਜ਼ਾਹਰਿਆਂ ਅਤੇ ਪੰਥਕ ਤਾਲਮੇਲ ਸੰਗਠਨ ਦੇ ਸਖ਼ਤ ਸਵਾਲਾਂ ਨੇ ਕਮੇਟੀ ਲੀਡਰਸ਼ਿਪ ਨੂੰ ਪੂਰੀ ਤਰ੍ਹਾਂ ਕਟਹਿਰੇ ਵਿੱਚ ਖੜ੍ਹਾ ਕਰ ਦਿੱਤਾ ਹੈ। ਇਸ ਸਬੰਧੀ ਪੰਥਕ ਤਾਲਮੇਲ ਸੰਗਠਨ ਪੰਥਕ ਅਸੈਂਬਲੀ ਬੁਲਾ ਰਿਹਾ ਹੈ।





**ਐੱਸ.ਜੀ.ਪੀ.ਸੀ. ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨਿਸ਼ਾਨੇ 'ਤੇ ਕਿਉਂ ?**

ਵੱਖ ਵੱਖ ਪੰਥਕ ਜਥੇਬੰਦੀਆਂ ਪੰਥਕ ਤਾਲਮੇਲ ਸੰਗਠਨ ਅਕਾਲੀ ਦਲ ਵਾਰਿਸ ਪੰਜਾਬ ਦੇ,ਦਾ ਕਹਿਣਾ ਹੈ ਕਿ ਇਹ ਮਾਮਲਾ ਕੇਵਲ ਇੱਕ ਵਿਅਕਤੀ ਵਿਸ਼ੇਸ਼ ਦੇ ਅਪਰਾਧ ਤੱਕ ਸੀਮਤ ਨਹੀਂ, ਸਗੋਂ ਇਹ ਗੁਰਦੁਆਰਾ ਪ੍ਰਬੰਧ, ਗੁਰੂ ਕੀ ਗੋਲਕ ਅਤੇ ਧਾਰਮਿਕ ਮਰਯਾਦਾ ਦੇ ਸੰਸਥਾਗਤ ਘਾਣ ਦਾ ਪ੍ਰਤੱਖ ਸਬੂਤ ਹੈ।

'ਪੰਥਕ ਤਾਲਮੇਲ ਸੰਗਠਨ' (ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਦੀ ਅਗਵਾਈ ਹੇਠ) ਅਤੇ 'ਅਕਾਲ ਪੁਰਖ ਕੀ ਫ਼ੌਜ' ਨੇ ਜਨਤਕ ਤੌਰ 'ਤੇ ਸਵਾਲ ਚੁੱਕੇ ਹਨ ਕਿ ਪੀੜਤ ਔਰਤ ਦੀਆਂ ਵਿਦੇਸ਼ ਤੋਂ ਪੰਜਾਬ ਆਉਣ ਦੀਆਂ ਹਵਾਈ ਟਿਕਟਾਂ, ਸਫ਼ਰ ਦਾ ਖ਼ਰਚਾ, ਸ਼੍ਰੋਮਣੀ ਕਮੇਟੀ ਦੇ ਅਧਿਕਾਰਤ ਵਾਹਨ ਅਤੇ ਡਰਾਈਵਰ ਕਿਸ ਦੇ ਹੁਕਮਾਂ ਨਾਲ ਮੁਹੱਈਆ ਕਰਵਾਏ ਗਏ ਸਨ ?

ਅਨੰਦਪੁਰ ਸਾਹਿਬ ਦੀਆਂ ਸ਼੍ਰੋਮਣੀ ਕਮੇਟੀ ਅਧੀਨ ਆਉਂਦੀਆਂ ਸਰਾਵਾਂ ਵਿੱਚ ਔਰਤ ਦੀ ਲੰਮੀ ਰਿਹਾਇਸ਼ ਕਿਸ ਅਧਿਕਾਰ ਹੇਠ ਕਰਵਾਈ ਗਈ ? ਸੰਗਠਨ ਨੇ ਸਵਾਲ ਦਾਗਿਆ ਹੈ ਕਿ ਉਹ ਕਿਹੜੇ ਮੈਨੇਜਰ, ਅਧਿਕਾਰੀ ਅਤੇ ਮੈਂਬਰ ਸਨ ਜਿਨ੍ਹਾਂ ਦੀ ਨਿਗਰਾਨੀ ਹੇਠ ਇਹ ਸਭ ਵਾਪਰਿਆ ਅਤੇ ਉਨ੍ਹਾਂ ਖ਼ਿਲਾਫ਼ ਹੁਣ ਤੱਕ ਅੰਦਰੂਨੀ ਕਾਰਵਾਈ ਕਿਉਂ ਨਹੀਂ ਹੋਈ ?

ਪੰਥਕ ਜਥੇਬੰਦੀਆਂ ਨੇ ਦੋਸ਼ ਲਾਇਆ ਹੈ ਕਿ ਕੀ ਇਸ ਪੂਰੇ ਘਟਨਾਕ੍ਰਮ ਵਿੱਚ ਸੰਗਤ ਵੱਲੋਂ ਚੜ੍ਹਾਈ ਗਈ ਗੁਰੂ ਕੀ ਗੋਲਕ ਦੇ ਫ਼ੰਡਾਂ ਦੀ ਗ਼ੈਰ-ਕਾਨੂੰਨੀ ਵਰਤੋਂ ਕੀਤੀ ਗਈ ? ਜੇਕਰ ਅਜਿਹਾ ਹੈ, ਤਾਂ ਪ੍ਰਧਾਨ ਧਾਮੀ ਇਸ ਦੀ ਜਵਾਬਦੇਹੀ ਤੋਂ ਕਿਵੇਂ ਮੁਕਤ ਹੋ ਸਕਦੇ ਹਨ।

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਵਾਰਿਸ ਪੰਜਾਬ ਦੇ ਅਤੇ ਹੋਰ ਪੰਥਕ ਜਥੇਬੰਦੀਆਂ ਅਨੁਸਾਰ ਐੱਫ.ਆਈ.ਆਰ. ਦਰਜ ਹੋਣ ਤੋਂ ਪਹਿਲਾਂ ਵੀ ਇਹ ਸ਼ਿਕਾਇਤ ਕਮੇਟੀ ਦੇ ਉੱਚ ਅਧਿਕਾਰੀਆਂ ਅਤੇ ਅਕਾਲੀ ਸਿਆਸੀ ਹਲਕਿਆਂ ਦੇ ਧਿਆਨ ਵਿੱਚ ਸੀ। ਦੋਸ਼ ਹੈ ਕਿ ਮਾਮਲੇ ਨੂੰ ਦਬਾਉਣ ਅਤੇ ਚਾਵਲਾ ਨੂੰ ਬਚਾਉਣ ਦੀ ਪੂਰੀ ਕੋਸ਼ਿਸ਼ ਕੀਤੀ ਗਈ।

ਹੁਸ਼ਿਆਰਪੁਰ ਵਿਖੇ ਪ੍ਰਧਾਨ ਧਾਮੀ ਦੇ ਘਰ ਘਿਰਾਓ ਦੌਰਾਨ ਵਾਰਿਸ ਪੰਜਾਬ ਦੇ ਆਗੂਆਂ ਨੇ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਬਾਦਲ ਪਰਿਵਾਰ ਦੇ ਸਿਆਸੀ ਪ੍ਰਭਾਵ ਹੇਠ ਆਪਣੀ ਸੁਤੰਤਰਤਾ ਅਤੇ ਨੈਤਿਕ ਸਾਖ਼ ਗੁਆ ਚੁੱਕੀ ਹੈ। ਕੌਮਾਂਤਰੀ ਪੱਧਰ 'ਤੇ ਸਿੱਖ ਸੰਸਥਾ ਦਾ ਅਕਸ ਧੁੰਦਲਾ ਹੋਣ ਕਾਰਨ ਪ੍ਰਧਾਨ ਨੂੰ ਤੁਰੰਤ ਅਹੁਦਾ ਛੱਡਣਾ ਚਾਹੀਦਾ ਹੈ ਅਤੇ ਕਮੇਟੀ ਦੀਆਂ ਨਵੀਆਂ ਚੋਣਾਂ ਕਰਵਾਉਣੀਆਂ ਚਾਹੀਦੀਆਂ ਹਨ।

**ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਕੀ ਪੁਜੀਸ਼ਨ ਲੈਣੀ ਚਾਹੀਦੀ ਹੈ ?**

ਮੀਰੀ-ਪੀਰੀ ਦੇ ਸਰਵਉੱਚ ਕੇਂਦਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜ਼ਿੰਮੇਵਾਰੀ ਅਜਿਹੇ ਗੰਭੀਰ ਮੌੜ 'ਤੇ ਨਿਰਪੱਖ ਨਿਆਂ ਅਤੇ ਸੰਸਥਾਗਤ ਮਰਯਾਦਾ ਨੂੰ ਬਹਾਲ ਰੱਖਣ ਦੀ ਹੈ। ਜਥੇਦਾਰ ਸਾਹਿਬ ਨੂੰ ਬਿਨਾਂ ਕਿਸੇ ਸਿਆਸੀ ਦਬਾਅ ਦੇ ਹੇਠ ਲਿਖੀ ਸਖ਼ਤ ਅਤੇ ਦਲੇਰਾਨਾ ਪੁਜੀਸ਼ਨ ਲੈਣੀ ਚਾਹੀਦੀ ਹੈ। ਸ਼੍ਰੋਮਣੀ ਕਮੇਟੀ ਦੇ ਅੰਦਰੂਨੀ ਪ੍ਰਬੰਧਕਾਂ ਦੀ ਬਜਾਏ ਅਕਾਲ ਤਖ਼ਤ ਸਾਹਿਬ ਵੱਲੋਂ ਇੱਕ ਨਿਰਪੱਖ ਜਾਂਚ ਕਮਿਸ਼ਨ ਬਣਾਇਆ ਜਾਵੇ। ਇਸ ਕਮਿਸ਼ਨ ਵਿੱਚ ਸੇਵਾਮੁਕਤ ਸਿੱਖ ਜੱਜ, ਉੱਘੇ ਪੰਥਕ ਚਿੰਤਕ ਅਤੇ ਪ੍ਰਮੁੱਖ ਸਿੱਖ ਬੀਬੀਆਂ ਸ਼ਾਮਲ ਹੋਣ, ਜੋ ਸਰਾਵਾਂ ਦੇ ਰਿਕਾਰਡ, ਸੀਸੀਟੀਵੀ ਫੁਟੇਜ, ਲੌਗ-ਬੁੱਕ ਅਤੇ ਵਿੱਤੀ ਖ਼ਰਚਿਆਂ ਦੀ ਬਾਰੀਕੀ ਨਾਲ ਜਾਂਚ ਕਰਨ।

(ਬਾਕੀ ਸਫ਼ਾ 26 'ਤੇ)

# ਇਸਤਰੀ ਅਕਾਲੀ ਦਲ ਨੇ ਸੰਯੁਕਤ ਸਕੱਤਰ ਰੂਪ ਕੌਰ ਸੰਧੂ ਨੂੰ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਤੋਂ ਕੀਤਾ ਲਾਂਭੇ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਅਕਾਲੀ ਦਲ ਨੇ ਪਾਰਟੀ ਦੀ ਸੰਯੁਕਤ ਸਕੱਤਰ ਰੂਪ ਕੌਰ ਸੰਧੂ ਨੂੰ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਤੋਂ ਲਾਂਭੇ ਕਰ ਦਿੱਤਾ ਹੈ। ਇਹ ਕਾਰਵਾਈ ਰੂਪ ਕੌਰ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ.) ਦੇ ਮੈਂਬਰ ਅਮਰਜੀਤ ਸਿੰਘ ਚਾਵਲਾ ਨਾਲ ਜੁੜੇ ਮਾਮਲੇ ਵਰਗੇ ਹੋਰ ਵੀ ਕਈ ਮਾਮਲਿਆਂ ਦਾ ਪਰਦਾਫਾਸ਼ ਕਰਨ ਦੇ ਕੀਤੇ ਦਾਅਵੇ ਤੋਂ ਬਾਅਦ ਅਮਲ ਵਿੱਚ ਲਿਆਂਦੀ ਗਈ ਹੈ।

ਇਸ ਫੈਸਲੇ ਦਾ ਐਲਾਨ ਇਸਤਰੀ ਅਕਾਲੀ ਦਲ ਦੀ ਪ੍ਰਧਾਨ ਹਰਗੋਬਿੰਦ ਕੌਰ ਨੇ ਕੀਤਾ। ਉਨ੍ਹਾਂ ਦੱਸਿਆ ਕਿ ਰੂਪ ਕੌਰ ਨੂੰ ਵਾਰ-ਵਾਰ ਅਨੁਸ਼ਾਸਨਹੀਣਤਾ ਕਰਨ ਅਤੇ ਗਲਤ ਆਚਰਣ ਦੇ ਦੋਸ਼ਾਂ ਤਹਿਤ ਪਾਰਟੀ 'ਚੋਂ ਬਾਹਰ ਦਾ ਰਸਤਾ ਦਿਖਾਇਆ ਗਿਆ ਹੈ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਇਹ ਫੈਸਲਾ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨਾਲ ਬਕਾਇਦਾ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਹੀ ਲਿਆ ਗਿਆ ਹੈ।



ਜ਼ਿਕਰਯੋਗ ਹੈ ਕਿ ਰੂਪ ਕੌਰ ਨੇ 19 ਸਤੰਬਰ ਨੂੰ ਬਹਿਰੀਨ ਤੋਂ ਆਈ ਔਰਤ ਨੂੰ ਕੈਮਰੇ ਸਾਹਮਣੇ ਲਿਆ ਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਸਰਾਂ ਵਿੱਚ ਹੋਈ ਘਟਨਾ ਸਬੰਧੀ ਅਮਰਜੀਤ ਸਿੰਘ ਚਾਵਲਾ ਖ਼ਿਲਾਫ਼ ਦਰਜ ਐੱਫ.ਆਈ.ਆਰ. ਵਿੱਚ ਲਗਾਏ ਗਏ ਦੋਸ਼ਾਂ ਨੂੰ ਦੁਹਰਾਇਆ ਸੀ।

ਸੋਸ਼ਲ ਮੀਡੀਆ 'ਤੇ ਪੋਸਟ ਪਾ ਕੇ ਰੂਪ ਕੌਰ ਨੇ ਦਾਅਵਾ ਕੀਤਾ ਕਿ ਬਹਿਰੀਨ ਦੀ ਔਰਤ ਦੇ ਦੋਸ਼ ਸਾਹਮਣੇ ਆਉਣ ਤੋਂ ਬਾਅਦ ਕਈ ਹੋਰ ਔਰਤਾਂ ਨੇ ਵੀ ਉਨ੍ਹਾਂ ਨਾਲ ਸੰਪਰਕ ਕੀਤਾ ਹੈ ਅਤੇ ਆਪਣੇ ਨਾਲ ਹੋਏ ਹੱਡਬੀਤੇ ਅਨੁਭਵ ਸਾਂਝੇ ਕੀਤੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਔਰਤਾਂ ਨੇ ਕਈ ਅਜਿਹੇ ਨਾਮਵਰ ਵਿਅਕਤੀਆਂ ਦੇ ਨਾਂ ਲਏ ਹਨ, ਜਿਨ੍ਹਾਂ ਨੇ ਪੰਜਾਬ ਅਤੇ ਵਿਦੇਸ਼ਾਂ ਵਿੱਚ ਧਾਰਮਿਕ ਅਤੇ ਸਿਆਸੀ ਹਲਕਿਆਂ ਵਿੱਚ ਆਪਣੀ ਚੰਗੀ ਪੈਠ ਬਣਾਈ ਹੋਈ ਹੈ। ਰੂਪ ਕੌਰ ਨੇ ਕਿਸੇ ਦਾ ਨਾਂ ਲਏ ਬਿਨਾਂ ਦੋਸ਼ ਲਾਇਆ ਕਿ ਇਹਨਾਂ ਵਿੱਚੋਂ ਕੁਝ ਵਿਅਕਤੀ ਪ੍ਰਮੁੱਖ ਪੰਥਕ ਹਲਕਿਆਂ ਨਾਲ ਸਬੰਧਤ ਹਨ।

ਰੂਪ ਕੌਰ ਨੇ ਇਹ ਵੀ ਕਿਹਾ ਕਿ ਉਹ ਆਉਣ ਵਾਲੇ ਦਿਨਾਂ ਵਿੱਚ ਅਜਿਹੇ ਵਿਅਕਤੀਆਂ ਦੀ ਪਛਾਣ ਅਤੇ ਉਨ੍ਹਾਂ ਦੇ ਕਥਿਤ ਵਿਵਹਾਰ ਦਾ ਖੁਲਾਸਾ ਕਰਨਗੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਠੋਸ ਸਬੂਤ ਰੱਖ ਕੇ ਸਖ਼ਤ ਕਾਰਵਾਈ ਦੀ ਮੰਗ ਕਰਨਗੇ। ਇਸ ਦੇ ਨਾਲ ਹੀ ਉਨ੍ਹਾਂ ਨੇ ਆਪਣੀ ਜਾਨ ਨੂੰ ਖ਼ਤਰਾ ਹੋਣ ਦਾ ਖ਼ਦਸ਼ਾ ਵੀ ਜਤਾਇਆ, ਪਰ ਨਾਲ ਹੀ ਕਿਹਾ ਕਿ ਜੇਕਰ ਉਹ ਸੁਰੱਖਿਅਤ ਰਹੇ ਤਾਂ ਇਹ ਖੁਲਾਸੇ ਜਾਰੀ ਰੱਖਣਗੇ।

## ਯੂ.ਏ.ਈ. 'ਚ ਕੈਨੇਡਾ ਦੇ ਨਵੇਂ ਰਾਜਦੂਤ ਬਣੇ ਅੰਗਦ ਸਿੰਘ ਢਿੱਲੋਂ

ਓਟਾਵਾ/ਏ.ਟੀ.ਨਿਊਜ਼: ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ ਅੰਗਦ ਸਿੰਘ ਢਿੱਲੋਂ ਨੂੰ ਸੰਯੁਕਤ ਅਰਬ ਅਮੀਰਾਤ ਵਿੱਚ ਕੈਨੇਡਾ ਦਾ ਨਵਾਂ ਰਾਜਦੂਤ ਨਿਯੁਕਤ ਕਰਨ ਦਾ ਐਲਾਨ ਕੀਤਾ ਹੈ। ਉਹ ਰਾਧਾ ਕ੍ਰਿਸ਼ਨ ਪਾਂਡੇ ਦੀ ਥਾਂ ਲੈਣਗੇ।

ਗਲੋਬਲ ਅਫੇਅਰਜ਼ ਕੈਨੇਡਾ ਵੱਲੋਂ ਜਾਰੀ ਕੀਤੇ ਗਏ ਐਲਾਨ ਅਨੁਸਾਰ, ਇਹ ਨਿਯੁਕਤੀ ਅਜਿਹੇ ਸਮੇਂ ਹੋਈ ਹੈ ਜਦੋਂ ਕੈਨੇਡਾ ਅਤੇ ਸੰਯੁਕਤ ਅਰਬ ਅਮੀਰਾਤ ਵਿਚਕਾਰ ਆਰਥਿਕ ਅਤੇ ਕੂਟਨੀਤਕ ਸਬੰਧ ਮਜ਼ਬੂਤ ਹੋ ਰਹੇ ਹਨ।

ਦੋਵਾਂ ਦੇਸ਼ਾਂ ਨੇ ਹਾਲ ਹੀ ਵਿੱਚ ਵਿਆਪਕ ਆਰਥਿਕ ਭਾਈਵਾਲੀ ਸਮਝੌਤੇ ਲਈ ਗੱਲਬਾਤ ਪੂਰੀ ਕੀਤੀ ਹੈ। ਇਸ ਤੋਂ ਇਲਾਵਾ, ਵਿਦੇਸ਼ੀ ਨਿਵੇਸ਼ ਨੂੰ ਉਤਸ਼ਾਹਿਤ ਕਰਨ ਅਤੇ ਸੁਰੱਖਿਆ ਦੇਣ ਵਾਲਾ ਸਮਝੌਤਾ ਵੀ ਇਸ ਸਾਲ ਲਾਗੂ ਹੋਇਆ ਹੈ।



ਯੂ.ਏ.ਈ. ਮੱਧ ਪੂਰਬ ਵਿੱਚ ਕੈਨੇਡਾ ਦਾ ਸਭ ਤੋਂ ਵੱਡਾ ਬਰਾਮਦ ਬਾਜ਼ਾਰ ਹੈ। ਸਾਲ 2025 ਵਿੱਚ ਦੋਵਾਂ ਦੇਸ਼ਾਂ ਵਿਚਕਾਰ ਗੈਰ-ਤੇਲ ਵਪਾਰ ਲਗਭਗ 4.2 ਅਰਬ ਅਮਰੀਕੀ ਡਾਲਰ ਤੱਕ ਪਹੁੰਚ ਗਿਆ ਸੀ।

**ਕੌਣ ਹਨ ਅੰਗਦ ਸਿੰਘ ਢਿੱਲੋਂ ?**

ਅੰਗਦ ਸਿੰਘ ਢਿੱਲੋਂ ਇਸ ਤੋਂ ਪਹਿਲਾਂ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੇ ਦਫ਼ਤਰ ਵਿੱਚ ਡਾਇਰੈਕਟਰ ਆਫ਼ ਆਪਰੇਸ਼ਨਜ਼ ਅਤੇ ਸਟੇਕਹੋਲਡਰ ਰਿਲੇਸ਼ਨਜ਼ ਵਜੋਂ ਸੇਵਾਵਾਂ ਨਿਭਾ ਰਹੇ ਸਨ।

# ਬ੍ਰਿਟਿਸ਼ ਸਿੱਖ ਨੌਜਵਾਨ ਨੂੰ ਆਪਣੀ ਸਜ਼ਾ ਖ਼ਿਲਾਫ਼ ਅਪੀਲ ਕਰਨ ਦੀ ਮਿਲੀ ਇਜਾਜ਼ਤ

ਲੰਡਨ/ਏ.ਟੀ.ਨਿਊਜ਼ : ਦੱਖਣ-ਪੂਰਬੀ ਇੰਗਲੈਂਡ ਵਿੱਚ 18 ਸਾਲਾ ਵਿਦਿਆਰਥੀ ਨੂੰ ਚਾਕੂ ਮਾਰ ਕੇ ਕਤਲ ਕਰਨ ਦੇ ਮਾਮਲੇ ਵਿੱਚ ਉਮਰ ਕੈਦ ਦੀ ਸਜ਼ਾ ਵਾਲੇ 23 ਸਾਲਾ ਬ੍ਰਿਟਿਸ਼ ਸਿੱਖ ਨੌਜਵਾਨ ਨੂੰ ਆਪਣੀ ਸਜ਼ਾ ਖ਼ਿਲਾਫ਼ ਅਪੀਲ ਕਰਨ ਦੀ ਇਜਾਜ਼ਤ ਮਿਲ ਗਈ। ਵਿਕਰਮ ਦਿਗਵਾ ਨੂੰ ਸਾਊਥੈਂਪਟਨ ਯੂਨੀਵਰਸਿਟੀ ਦੇ ਵਿਦਿਆਰਥੀ ਦੀ ਹੱਤਿਆ ਦਾ ਦੋਸ਼ੀ ਠਹਿਰਾਇਆ ਗਿਆ ਸੀ ਤੇ ਉਸ ਨੇ ਅਦਾਲਤ 'ਚ ਆਪਣੇ ਬਚਾਅ ਲਈ ਧਾਰਮਿਕ ਕਾਰਨਾਂ ਦੀਆਂ ਦਲੀਲਾਂ ਦਿੱਤੀਆਂ ਸਨ। ਉਸ ਨੇ ਕਿਹਾ ਸੀ ਕਿ ਉਸ ਕੋਲ ਕਿਰਪਾਨ ਸੀ ਜਿਸ ਨੂੰ ਸਿੱਖ ਬਰਤਾਨੀਆ 'ਚ ਕਾਨੂੰਨੀ ਤੌਰ 'ਤੇ ਆਪਣੇ ਕੋਲ ਰੱਖ ਸਕਦੇ ਹਨ। ਅਦਾਲਤ ਮੁਤਾਬਕ ਹੈਨਰੀ ਨੇ ਦਿਗਵਾ ਨੂੰ ਸਿਰਫ਼ ਇਹ ਪੁੱਛਿਆ ਸੀ ਕਿ ਕੀ ਤੁਸੀਂ ਬੁਰੇ ਆਦਮੀ ਹੋ ? ਦਿਗਵਾ ਵੱਲੋਂ ਉਸ 'ਤੇ ਨਸਲੀ ਟਿੱਪਣੀ ਕਰਨ ਦਾ ਦਾਅਵਾ ਅਦਾਲਤ ਨੇ ਰੱਦ ਕਰ ਦਿੱਤਾ ਸੀ।ਜਾਣਕਾਰੀ ਅਨੁਸਾਰ ਦਿਗਵਾ ਨੂੰ ਪਿਛਲੇ ਸਾਲ ਦਸੰਬਰ ਵਿੱਚ ਸਾਊਥੈਂਪਟਨ ਯੂਨੀਵਰਸਿਟੀ ਦੇ 18 ਸਾਲਾ ਵਿਦਿਆਰਥੀ ਹੈਨਰੀ ਨੋਵਾਕ ਦੀ ਹੱਤਿਆ ਦਾ ਦੋਸ਼ੀ ਠਹਿਰਾਇਆ ਗਿਆ ਸੀ। ਅਦਾਲਤ ਮੁਤਾਬਕ ਨੋਵਾਕ ਪੋਰਟਸਵੁੱਡ ਵਿੱਚ ਰਾਤ ਬਾਹਰ ਬਿਤਾਉਣ ਮਗਰੋਂ ਘਰ ਪਰਤ ਰਿਹਾ ਸੀ, ਜਦੋਂ ਦਿਗਵਾ ਨੇ ਉਸ 'ਤੇ ਪੰਜ ਵਾਰ ਵਾਰ ਕੀਤੇ।

ਜੂਨ ਵਿੱਚ ਦਿਗਵਾ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ ਅਤੇ ਪੈਰੋਲ ਲਈ ਯੋਗ ਹੋਣ ਤੋਂ ਪਹਿਲਾਂ ਘੱਟੋ-ਘੱਟ 21 ਸਾਲ ਜੇਲ੍ਹ ਵਿੱਚ ਰਹਿਣ ਦਾ ਹੁਕਮ ਦਿੱਤਾ ਗਿਆ ਸੀ। ਹੁਣ ਉਸ ਨੂੰ 5 ਨਵੰਬਰ ਨੂੰ ਕੋਰਟ ਆਫ਼ ਅਪੀਲ ਵਿੱਚ ਇਸ ਸਜ਼ਾ ਦੀ ਮਿਆਦ ਨੂੰ ਚੁਣੌਤੀ ਦੇਣ ਦੀ ਇਜਾਜ਼ਤ ਦਿੱਤੀ ਗਈ ਹੈ। ਉਸ ਨੇ ਆਪਣੇ ਕਤਲ ਦੇ ਦੋਸ਼ੀ ਠਹਿਰਾਏ ਜਾਣ ਖ਼ਿਲਾਫ਼ ਵੀ ਅਪੀਲ ਕਰਨ ਦੀ ਅਰਜ਼ੀ ਦਿੱਤੀ ਹੈ, ਜਿਸ 'ਤੇ ਵੱਖਰੇ ਤੌਰ 'ਤੇ ਫ਼ੈਸਲਾ ਕੀਤਾ ਜਾਵੇਗਾ।



ਇਹ ਕਿਹਾ ਗਿਆ ਸੀ ਕਿ ਦਿਗਵਾ ਨੇ ਧਾਰਮਿਕ ਆਧਾਰ 'ਤੇ ਸਵੈ-ਰੱਖਿਆ ਦੀ ਦਲੀਲ ਦੇਣ ਦੀ ਕੋਸ਼ਿਸ਼ ਕੀਤੀ ਸੀ। ਉਸ ਨੇ ਦਾਅਵਾ ਕੀਤਾ ਸੀ ਕਿ ਕਤਲ ਵਿੱਚ ਵਰਤਿਆ ਗਿਆ ਚਾਕੂ ਨਹੀਂ ਕਿਰਪਾਨ ਸੀ। ਬ੍ਰਿਟੇਨ ਵਿੱਚ ਸਿੱਖਾਂ ਨੂੰ ਧਾਰਮਿਕ ਕਕਾਰ ਕਿਰਪਾਨ ਰੱਖਣ ਦੀ ਕਾਨੂੰਨੀ ਇਜਾਜ਼ਤ ਹੈ।ਇਸ ਮਾਮਲੇ ਮਗਰੋਂ ਬ੍ਰਿਟਿਸ਼ ਸਿੱਖ ਜਥੇਬੰਦੀਆਂ ਨੇ ਭਾਈਚਾਰੇ ਖ਼ਿਲਾਫ਼ ਪ੍ਰਤੀਕਿਰਿਆ ਅਤੇ 'ਹੇਟ ਕ੍ਰਾਈਮ' ਵਧਣ ਦਾ ਖ਼ਦਸ਼ਾ ਜ਼ਾਹਰ ਕੀਤਾ ਸੀ।

ਜੁਲਾਈ ਵਿੱਚ ਦਿਗਵਾ ਦੀ ਭਾਰਤ ਵਿੱਚ ਜਨਮੀ ਮਾਂ ਕਿਰਨ ਕੌਰ ਨੂੰ ਵੀ ਸਾਊਥੈਂਪਟਨ ਕ੍ਰਾਊਨ ਕੋਰਟ ਨੇ ਮੁਲਜ਼ਮ ਦੀ ਮਦਦ ਕਰਨ ਦੇ ਦੋਸ਼ ਵਿੱਚ ਤਿੰਨ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਸੀ।53 ਸਾਲਾ ਕਿਰਨ ਕੌਰ ਨੂੰ ਦਿਗਵਾ ਵੱਲੋਂ ਨੋਵਾਕ ਦੇ ਕਤਲ ਲਈ ਵਰਤੇ ਗਏ ਹਥਿਆਰ ਨੂੰ ਆਪਣੇ ਕਬਜ਼ੇ ਵਿੱਚ ਲੈਣ ਅਤੇ ਜਾਂਚ ਵਿੱਚ ਰੁਕਾਵਟ ਪਾਉਣ ਲਈ ਉਸ ਨੂੰ ਘਟਨਾ ਸਥਾਨ ਤੋਂ ਹਟਾਉਣ ਵਿੱਚ ਮਦਦ ਕਰਨ ਦਾ ਦੋਸ਼ੀ ਠਹਿਰਾਇਆ ਗਿਆ ਸੀ।

(ਬਾਕੀ ਸਫ਼ਾ 26 'ਤੇ)


ਪੰਜਾਬੀ ਕਲਚਰਲ ਸੈਂਟਰ ਯੂ ਐੱਸ ਏ
ਅਤੇ ਪੰਜਾਬੀ ਰੇਡੀਓ ਯੂ ਐੱਸ ਏ ਵਲੋਂ
ਸੱਦਾ ਪੱਤਰ
PUNJABI CULTURAL CENTER USA
Punjabi
ਦੋਵਾਂ ਪੰਜਾਬਾਂ ਵਿੱਚ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦੇ ਖੇਤਰਾਂ ਵਿੱਚ ਹੋ ਰਹੇ ਯਤਨਾਂ ਬਾਰੇ ਵਿਚਾਰਾਂ ਕਰਨ ਲਈ ਇੱਕ ਸਾਹਿਤਕ ਮਿਲਣੀ ਲਈ ਤੁਹਾਨੂੰ ਸੱਦਾ ਦਿੰਦਿਆਂ ਸਾਨੂੰ ਬੇਹੱਦ ਖੁਸ਼ੀ ਤੇ ਮਾਣ ਮਹਿਸੂਸ ਹੋ ਰਿਹਾ ਹੈ
ਪ੍ਰੋਗਰਾਮ ਦਾ ਵੇਰਵਾ :
3 ਅਕਤੂਬਰ ਸ਼ਨਿਚਰਵਾਰ
ਸ਼ੁਰੂਆਤ : ਸਵੇਰੇ 10:30 ਵਜੇ
ਮੁੱਖ ਮਹਿਮਾਨ
ਪ੍ਰੋਫੈਸਰ ਡਾ. ਨਬੀਲਾ ਰਹਿਮਾਨ
(ਪ੍ਰਿੰਸੀਪਲ ਓਰੀਐਂਟਲ ਕਾਲਜ ਯੂਨੀਵਰਸਿਟੀ ਆਫ਼ ਪੰਜਾਬ, ਪਾਕਿਸਤਾਨ)
ਜਾਣੇ ਪਛਾਣੇ ਪੰਜਾਬੀ ਲੇਖਕ ਤੇ ਪੰਜਾਬੀ ਹਿਤੈਸ਼ੀ ਆਪਣੇ ਵਿਚਾਰ ਸਾਂਝੇ ਕਰਨਗੇ।
ਕਵੀ ਦਰਬਾਰ ਵੀ ਹੋਵੇਗਾ
ਬਾਅਦ ਦੁਪਹਿਰ : 1:00 ਵਜੇ
ਪ੍ਰੋਫੈਸਰ ਡਾ. ਨਬੀਲਾ ਰਹਿਮਾਨ ਦਾ ਸਨਮਾਨ
ਹੋਰ ਜਾਣਕਾਰੀ ਲਈ ਸੰਪਰਕ ਕਰੋ:
(559) 403-9290
408-272-5200
ਪੰਜਾਬੀ ਕੁਲਚਰਲ ਸੈਂਟਰ ਯੂ ਐੱਸ ਏ
ਫਰਿਜਨੋਂ
(2125 N Barton Ave, Fresno, CA 93703)

## ਫ਼ਰਾਂਸ ਦੀ ਇਤਿਹਾਸਕ ਕ੍ਰਾਂਤੀ

# ਭੁੱਖਮਰੀ, ਜ਼ੁਲਮ ਅਤੇ ਬੇਇਨਸਾਫ਼ੀ ਖ਼ਿਲਾਫ਼ ਆਮ ਜਨਤਾ ਦਾ ਵਿਸਫ਼ੋਟ


ਬਲਵਿੰਦਰ ਪਾਲ ਸਿੰਘ
ਪ੍ਰੋਫ਼ੈਸਰ
99142-58142

ਦੁਨੀਆ ਦੇ ਇਤਿਹਾਸ ਅੰਦਰ ਕਈ ਵੱਡੀਆਂ ਤਬਦੀਲੀਆਂ ਆਈਆਂ ਪਰ 1789 ਦੀ ਫ਼ਰਾਂਸ ਦੀ ਕ੍ਰਾਂਤੀ ਵਰਗੀ ਸਿਰਫ਼ ਰਾਜਾ ਬਦਲਣ ਦੀ ਲੜਾਈ ਨਹੀਂ ਸੀ। ਇਹ ਸਦੀਆਂ ਪੁਰਾਣੇ ਗਲੇ-ਸੜੇ ਢਾਂਚੇ ਨੂੰ ਜੜ੍ਹੋਂ ਪੁੱਟਣ ਦਾ ਸੰਘਰਸ਼ ਸੀ। ਇਹ ਉਹ ਇਤਿਹਾਸ ਸੀ ਜਿੱਥੋਂ ਆਮ ਬੰਦੇ ਨੇ ਸਿਰ ਚੁੱਕ ਕੇ ਜਿਊਣਾ ਸਿੱਖਿਆ। ਜਦੋਂ ਜ਼ੁਲਮ ਹੱਦੋਂ ਵੱਧ ਜਾਵੇ, ਤਾਂ ਸਬਰ ਦਾ ਬੰਨ੍ਹ ਟੁੱਟਣਾ ਕੁਦਰਤੀ ਹੁੰਦਾ ਹੈ। ਫ਼ਰਾਂਸ ਵਿੱਚ ਵੀ ਇਹੀ ਹੋਇਆ। ਲੋਕ ਭੁੱਖੇ ਮਰ ਰਹੇ ਸਨ। ਰਾਜਾ ਆਪਣੇ ਮਹਿਲਾਂ ਵਿੱਚ ਮੌਜਾਂ ਮਾਣ ਰਿਹਾ ਸੀ। ਆਖ਼ਰ ਲੋਕਾਂ ਬਗਾਵਤ ਉਪਰ ਉਤਰ ਆਏ।

**ਇਸ ਕ੍ਰਾਂਤੀ ਨੇ ਪੂਰੀ ਦੁਨੀਆ ਨੂੰ ਤਿੰਨ ਵੱਡੇ ਵਿਚਾਰ ਦਿੱਤੇ:** ਆਜ਼ਾਦੀ, ਬਰਾਬਰੀ ਅਤੇ ਭਾਈਚਾਰਾ। ਅੱਜ ਵੀ ਜਦੋਂ ਦੁਨੀਆ ਵਿੱਚ ਕਿਤੇ ਮਨੁੱਖੀ ਹੱਕਾਂ ਦੀ ਗੱਲ ਤੁਰਦੀ ਹੈ, ਤਾਂ ਫ਼ਰਾਂਸ ਦਾ ਨਾਂ ਸਭ ਤੋਂ ਪਹਿਲਾਂ ਆਉਂਦਾ ਹੈ।

ਅਠਾਰਵੀਂ ਸਦੀ ਵਿੱਚ ਫ਼ਰਾਂਸ ਦੀ ਬਾਹਰੀ ਸ਼ਾਨੋ-ਸ਼ੌਕਤ ਦੇ ਪਿੱਛੇ ਪ੍ਰਸ਼ਾਸਨਿਕ ਖੋਖਲਾਪਣ ਅਤੇ ਡੂੰਘੀ ਸਮਾਜਿਕ ਨਾਬਰਾਬਰੀ ਛੁਪੀ ਹੋਈ ਸੀ, ਜਿੱਥੇ ਇੱਕ ਪਾਸੇ ਅਮੀਰ ਐਸ਼ ਕਰ ਰਹੇ ਸਨ ਅਤੇ ਦੂਜੇ ਪਾਸੇ ਆਮ ਜਨਤਾ ਭੁੱਖਮਰੀ ਤੇ ਕਰਜ਼ਿਆਂ ਵਿੱਚ ਡੁੱਬੀ ਹੋਈ ਸੀ। 1770-80 ਦੇ ਦਹਾਕਿਆਂ ਵਿੱਚ ਫ਼ਸਲਾਂ ਦੀ ਬਰਬਾਦੀ ਅਤੇ ਮਹਿੰਗਾਈ ਨੇ ਹਾਲਾਤ ਹੋਰ ਬਦਤਰ ਕਰ ਦਿੱਤੇ, ਜਦਕਿ ਰਾਜਾ ਲੂਈ ਸੋਲ੍ਹਵਾਂ ਪਰਜਾ ਦੇ ਦੁੱਖਾਂ ਤੋਂ ਬੇਖ਼ਬਰ ਆਪਣੀ ਮੌਜ-ਮਸਤੀ ਵਿੱਚ ਰਿਹਾ। ਆਖ਼ਰਕਾਰ, ਭੁੱਖ ਅਤੇ ਲਾਚਾਰੀ ਤੋਂ ਤੰਗ ਆਏ ਲੋਕਾਂ ਦਾ ਗੁੱਸਾ ਇੱਕ ਵੱਡੇ ਲੋਕ-ਵਿਰੋਧ ਦੇ ਰੂਪ ਵਿੱਚ ਫੁੱਟ ਪਿਆ ਸੀ, ਜਿਸ ਨੇ ਤਾਨਾਸ਼ਾਹ ਰਾਜਸ਼ਾਹੀ ਦਾ ਖ਼ਾਤਮਾ ਕਰ ਦਿੱਤਾ ਸੀ।

ਲੂਈ ਸੋਲ੍ਹਵਾਂ ਇੱਕ ਤਾਨਾਸ਼ਾਹ ਅਤੇ ਗ਼ੈਰ-ਜ਼ਿੰਮੇਵਾਰ ਹਾਕਮ ਸੀ। ਉਸ ਦੇ ਰਾਜ ਵਿੱਚ ਆਮ ਨਾਗਰਿਕਾਂ ਨੂੰ ਬੋਲਣ, ਲਿਖਣ ਜਾਂ ਧਾਰਮਿਕ ਆਜ਼ਾਦੀ ਦਾ ਕੋਈ ਹੱਕ ਨਹੀਂ ਸੀ । ਜੋ ਵਿਰੋਧ ਕਰਦਾ ਸੀ, ਉਸਨੂੰ ਬਿਨਾਂ ਸੁਣਵਾਈ ਜੇਲ੍ਹ ਭੇਜ ਦਿੱਤਾ ਜਾਂਦਾ ਸੀ। ਦੇਸ਼ ਦਾ ਪ੍ਰਸ਼ਾਸਨ ਭ੍ਰਿਸ਼ਟਾਚਾਰ ਅਤੇ ਪੱਖਪਾਤ ਨਾਲ ਭਰਪੂਰ ਸੀ। ਕਾਨੂੰਨੀ ਪਖੋਂ ਲੋਕਾਂ ਨਾਲ ਵਿਤਕਰਾ ਹੁੰਦਾ ਸੀ। ਇਨਸਾਫ਼ ਸਿਰਫ਼ ਅਮੀਰਾਂ ਤੱਕ ਸੀਮਤ ਸੀ। ਇਸ ਦੌਰਾਨ ਸਮਾਜ ਤਿੰਨ ਅਸਟੇਟਾਂ ਵਿੱਚ ਵੰਡਿਆ ਹੋਇਆ ਸੀ, ਜਿਸ ਵਿੱਚ ਸਭ ਤੋਂ ਸ਼ਕਤੀਸ਼ਾਲੀ ਪਾਦਰੀ ਵਰਗ (ਚਰਚ) ਕੋਲ ਦੇਸ਼ ਦੀ ਪੰਜਵਾਂ ਹਿੱਸਾ ਜ਼ਮੀਨ ਅਤੇ ਅਥਾਹ ਦੌਲਤ ਸੀ। ਉਹ ਖ਼ੁਦ ਕਰ-ਮੁਕਤ ਰਹਿ ਕੇ ਆਮ ਜਨਤਾ 'ਤੇ ਟੈਕਸ ਲਾਉਂਦੇ ਸਨ ਅਤੇ ਐਸ਼ਪ੍ਰਸਤੀ ਵਾਲਾ ਜੀਵਨ ਜਿਊਂਦੇ ਸਨ।

ਦੂਜਾ ਵਰਗ ਕੁਲੀਨਾਂ ਯਾਨੀ ਜਗੀਰਦਾਰਾਂ ਦਾ ਸੀ। ਇਹ ਰਾਜੇ ਦੇ ਖ਼ਾਸ ਦਰਬਾਰੀ ਸਨ। ਫ਼ੌਜ, ਸਰਕਾਰ ਅਤੇ ਅਦਾਲਤਾਂ ਦੇ ਸਾਰੇ ਉੱਚੇ ਅਹੁਦੇ ਇਨ੍ਹਾਂ ਦੀ ਜੇਬ ਵਿੱਚ ਸਨ। ਇਹ ਲੋਕ ਵੀ ਸਾਰੇ ਟੈਕਸਾਂ ਤੋਂ ਪੂਰੀ ਤਰ੍ਹਾਂ ਮੁਕਤ ਸਨ। ਇਹ ਦਿਨ-ਰਾਤ ਸ਼ਾਹੀ ਮਹਿਲਾਂ ਵਿੱਚ ਮੌਜ-ਮੇਲਿਆਂ ਵਿੱਚ ਗ਼ਲਤਾਨ ਰਹਿੰਦੇ ਸਨ ਅਤੇ ਖ਼ਰਚੇ ਪੂਰੇ ਕਰਨ ਲਈ ਗ਼ਰੀਬ ਕਿਸਾਨਾਂ 'ਤੇ ਨਵੇਂ-ਨਵੇਂ ਟੈਕਸ ਮੜ੍ਹਦੇ ਰਹਿੰਦੇ ਸਨ।

ਤੀਜਾ ਵਰਗ ਦੇਸ਼ ਦੇ ਆਮ ਲੋਕਾਂ ਦਾ ਸੀ, ਜਿਨ੍ਹਾਂ ਦੀ ਅਬਾਦੀ ਕੁੱਲ ਆਬਾਦੀ ਦਾ 98 ਫ਼ੀਸਦੀ ਬਣਦੀ ਸੀ। ਇਸ ਵਰਗ ਵਿੱਚ ਖੇਤਾਂ ਵਿੱਚ ਕੰਮ ਕਰਨ ਵਾਲੇ ਕਿਸਾਨ, ਸ਼ਹਿਰਾਂ ਦੇ ਮਜ਼ਦੂਰ ਅਤੇ ਪੜ੍ਹੇ-ਲਿਖੇ ਮੱਧ ਵਰਗੀ ਲੋਕ ਜਿਵੇਂ ਵਕੀਲ, ਡਾਕਟਰ ਅਤੇ ਵਪਾਰੀ ਸ਼ਾਮਲ ਸਨ। ਦੇਸ਼ ਦਾ ਸਾਰਾ ਟੈਕਸ ਇਕੱਲਾ ਇਹ ਵਰਗ ਭਰਦਾ ਸੀ, ਪਰ ਸਮਾਜ ਵਿੱਚ ਇਨ੍ਹਾਂ ਨੂੰ ਕੋਈ ਇੱਜ਼ਤ ਜਾਂ ਅਧਿਕਾਰ ਹਾਸਲ ਨਹੀਂ ਸੀ। ਸਭ ਤੋਂ ਵੱਧ ਗੁੱਸਾ ਪੜ੍ਹੇ-ਲਿਖੇ ਮੱਧ ਵਰਗ ਵਿੱਚ ਸੀ, ਜਿਨ੍ਹਾਂ ਨੇ ਅੱਗੇ ਚੱਲ ਕੇ ਇਸ ਲੋਕ-ਲਹਿਰ ਦੀ ਵਾਗਡੋਰ ਸੰਭਾਲੀ।



ਫ਼ਰਾਂਸ ਦਾ ਸ਼ਾਹੀ ਖ਼ਜ਼ਾਨਾ ਪੂਰੀ ਤਰ੍ਹਾਂ ਖ਼ਾਲੀ ਹੋ ਚੁੱਕਾ ਸੀ। ਇਸ ਦਾ ਵੱਡਾ ਕਾਰਨ ਬੇਲੋੜੀਆਂ ਜੰਗਾਂ ਸਨ। ਫ਼ਰਾਂਸ ਨੇ ਬਰਤਾਨੀਆ ਨੂੰ ਨੀਵਾਂ ਦਿਖਾਉਣ ਲਈ ਅਮਰੀਕਾ ਦੀ ਆਜ਼ਾਦੀ ਦੀ ਲੜਾਈ ਵਿੱਚ ਬਹੁਤ ਪੈਸਾ ਝੋਕਿਆ। ਇਸ ਕਾਰਨ ਦੇਸ਼ ਕਰਜ਼ੇ ਵਿਚ ਬੁਰੀ ਤਰ੍ਹਾਂ ਫ਼ਸ ਗਿਆ।

ਦੂਜੇ ਪਾਸੇ, ਮਹਿਲ ਦੇ ਸ਼ਾਹੀ ਖ਼ਰਚਿਆਂ ਵਿੱਚ ਕੋਈ ਕਮੀ ਨਹੀਂ ਆਈ। ਰਾਣੀ ਮੈਰੀ ਐਂਤੋਇਨੇਤ ਬੇਹਿਸਾਬ ਫ਼ਜ਼ੂਲਖ਼ਰਚੀ ਲਈ ਬਦਨਾਮ ਸੀ। ਜਦੋਂ ਦੇਸ਼ ਦੇ ਲੋਕ ਸੁੱਕੀ ਰੋਟੀ ਲਈ ਤਰਸ ਰਹੇ ਸਨ, ਉਸ ਵੇਲੇ ਰਾਣੀ ਮਹਿੰਗੇ ਹੀਰੇ-ਜਵਾਹਰਾਤ ਅਤੇ ਸ਼ਾਹੀ ਪੁਸ਼ਾਕਾਂ 'ਤੇ ਪਾਣੀ ਵਾਂਗ ਪੈਸਾ ਵਹਾ ਰਹੀ ਸੀ।

ਸਰਕਾਰ ਦੀ ਆਮਦਨ ਘਟਦੀ ਜਾ ਰਹੀ ਸੀ ਅਤੇ ਖ਼ਰਚੇ ਵਧਦੇ ਜਾ ਰਹੇ ਸਨ। ਸਰਕਾਰ ਕੋਲ ਕਰਜ਼ਿਆਂ ਦਾ ਵਿਆਜ ਤਾਰਨ ਲਈ ਵੀ ਪੈਸੇ ਨਹੀਂ ਬਚੇ ਸਨ। ਅਜਿਹੇ ਮਾੜੇ ਹਾਲਾਤ ਵਿੱਚ ਵੀ ਸ਼ਾਸਕਾਂ ਨੇ ਆਪਣੀ ਐਸ਼ਪ੍ਰਸਤੀ ਘਟਾਉਣ ਦੀ ਬਜਾਏ ਆਮ ਲੋਕਾਂ 'ਤੇ ਹੋਰ ਟੈਕਸ ਲਾਉਣ ਦੀ ਤਿਆਰੀ ਸ਼ੁਰੂ ਕਰ ਦਿੱਤੀ ਸੀ, ਜਿਸ ਨਾਲ ਲੋਕਾਂ ਦਾ ਗੁੱਸਾ ਸੱਤਵੇਂ ਅਸਮਾਨ 'ਤੇ ਪਹੁੰਚ ਗਿਆ ਸੀ।

ਫ਼ਰਾਂਸ ਦੇ ਮਹਾਨ ਲੇਖਕਾਂ ਅਤੇ ਫ਼ਿਲਾਸਫ਼ਰਾਂ ਨੇ ਲੋਕਾਂ ਨੂੰ ਗ਼ੁਲਾਮੀ ਦਾ ਅਹਿਸਾਸ ਕਰਵਾਇਆ। ਬੁਧੀਜੀਵੀ ਮੋਂਤੇਸਕਿਊ ਨੇ ਸਮਝਾਇਆ ਕਿ ਸਾਰੀ ਤਾਕਤ ਕਿਸੇ ਇੱਕ ਬੰਦੇ ਕੋਲ ਨਹੀਂ ਹੋਣੀ ਚਾਹੀਦੀ। ਉਸ ਨੇ ਸਰਕਾਰ ਦੇ ਤਿੰਨਾਂ ਅੰਗਾਂ—ਕਾਨੂੰਨ ਬਣਾਉਣ ਵਾਲੀ ਸਭਾ, ਪ੍ਰਸ਼ਾਸਨ ਅਤੇ ਅਦਾਲਤ ਨੂੰ ਇੱਕ ਦੂਜੇ ਤੋਂ ਵੱਖ ਰੱਖਣ ਦਾ ਵਿਚਾਰ ਦਿੱਤਾ ਤਾਂ ਜੋ ਤਾਨਾਸ਼ਾਹੀ ਰੋਕੀ ਜਾ ਸਕੇ।

ਵੋਲਟੇਅਰ ਨੇ ਚਰਚ ਦੇ ਪਾਖੰਡਾਂ, ਧਾਰਮਿਕ ਕੱਟੜਤਾ ਅਤੇ ਰਾਜੇ ਦੇ ਜ਼ੁਲਮਾਂ 'ਤੇ ਤਿੱਖੇ ਵਿਅੰਗ ਕੀਤੇ। ਉਸ ਨੇ ਬੋਲਣ ਅਤੇ ਲਿਖਣ ਦੀ ਆਜ਼ਾਦੀ ਨੂੰ ਮਨੁੱਖ ਦਾ ਸਭ ਤੋਂ ਵੱਡਾ ਹੱਕ ਦੱਸਿਆ।

ਰੂਸੋ ਨੇ ਆਪਣੀ ਕਿਤਾਬ ਵਿੱਚ ਸਾਫ਼ ਲਿਖਿਆ ਕਿ ਮਨੁੱਖ ਆਜ਼ਾਦ ਪੈਦਾ ਹੁੰਦਾ ਹੈ ਪਰ ਉਹ ਹਰ ਪਾਸੇ ਜ਼ੰਜੀਰਾਂ ਵਿੱਚ ਜਕੜਿਆ ਹੋਇਆ ਹੈ। ਉਸ ਨੇ ਕਿਹਾ ਕਿ ਰਾਜੇ ਦਾ ਹੁਕਮ ਨਹੀਂ, ਸਗੋਂ ਜਨਤਾ ਦੀ ਮਰਜ਼ੀ ਹੀ ਸਰਵਉੱਚ ਹੈ। ਜੇ ਰਾਜਾ ਲੋਕਾਂ ਦੀ ਸੇਵਾ ਨਹੀਂ ਕਰ ਸਕਦਾ, ਤਾਂ ਉਸ ਨੂੰ ਗੱਦੀ ਤੋਂ ਲਾਹੁਣ ਦਾ ਪੂਰਾ ਹੱਕ ਲੋਕਾਂ ਕੋਲ ਹੈ। ਇਹਨਾਂ ਵਿਚਾਰਾਂ ਨੇ ਲੋਕਾਂ ਦੇ ਦਿਲਾਂ ਵਿੱਚ ਇਨਕਲਾਬ ਦੀ ਅੱਗ ਬਾਲ ਦਿੱਤੀ।

### ਫ਼ੌਜ ਵਿੱਚ ਬਗ਼ਾਵਤ ਦੀ ਹਵਾ

ਫ਼ਰਾਂਸੀਸੀ ਫ਼ੌਜ ਦੇ ਆਮ ਸਿਪਾਹੀ ਮਾੜੇ ਖਾਣ-ਪੀਣ, ਪੁਰਾਣੇ ਹਥਿਆਰਾਂ ਅਤੇ ਤਨਖ਼ਾਹਾਂ ਵਿੱਚ ਦੇਰੀ ਕਾਰਨ ਰਾਜਸ਼ਾਹੀ ਤੋਂ ਪੂਰੀ ਤਰ੍ਹਾਂ ਨਿਰਾਸ਼ ਸਨ। ਫ਼ੌਜ ਦੇ ਉੱਚੇ ਅਹੁਦੇ ਸਿਰਫ਼ ਅਮੀਰ ਕੁਲੀਨਾਂ ਲਈ ਰਾਖਵੇਂ ਹੋਣ ਕਾਰਨ ਯੋਗਤਾ ਦੀ ਕੋਈ ਕਦਰ ਨਹੀਂ ਸੀ, ਜਿਸ ਕਾਰਨ ਕ੍ਰਾਂਤੀ ਵੇਲੇ ਸਿਪਾਹੀਆਂ ਨੇ ਬਾਗ਼ੀ ਜਨਤਾ 'ਤੇ ਗੋਲੀਆਂ ਚਲਾਉਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਦੂਜੇ ਪਾਸੇ, ਨਵੇਂ ਟੈਕਸ ਮਨਜ਼ੂਰ ਕਰਵਾਉਣ ਲਈ ਰਾਜੇ ਵੱਲੋਂ 175 ਸਾਲਾਂ ਬਾਅਦ ਬੁਲਾਈ ਗਈ 'ਜਨਰਲ ਅਸਟੇਟ' ਦੀ ਸਭਾ ਵਿੱਚ ਜਦੋਂ ਆਮ ਲੋਕਾਂ ਦੇ ਨੁਮਾਇੰਦਿਆਂ ਨੂੰ ਬਰਾਬਰ ਵੋਟ ਅਧਿਕਾਰ ਦੇਣ ਤੋਂ ਨਾਂਹ ਕਰ ਦਿੱਤੀ ਗਈ, ਤਾਂ ਇਸ ਨੇ ਕ੍ਰਾਂਤੀ ਦੇ ਵਿਸਫ਼ੋਟ ਨੂੰ ਸਿੱਧਾ ਸੱਦਾ ਦੇ ਦਿੱਤਾ।

ਗੁੱਸੇ ਵਿੱਚ ਆਏ ਤੀਜੀ ਅਸਟੇਟ ਦੇ ਨੁਮਾਇੰਦਿਆਂ ਨੇ ਆਪਣੇ-ਆਪ ਨੂੰ ਦੇਸ਼ ਦੀ ਅਸਲ 'ਨੈਸ਼ਨਲ ਅਸੈਂਬਲੀ' ਐਲਾਨ ਦਿੱਤਾ। ਉਹਨਾਂ ਨੇ ਇੱਕ ਟੈਨਿਸ ਕੋਰਟ ਵਿੱਚ ਇਕੱਠੇ ਹੋ ਕੇ ਸਹੁੰ ਚੁੱਕੀ ਕਿ ਜਦੋਂ ਤੱਕ ਉਹ ਦੇਸ਼ ਦਾ ਨਵਾਂ ਲੋਕ-ਪੱਖੀ ਸੰਵਿਧਾਨ ਤਿਆਰ ਨਹੀਂ ਕਰ ਲੈਂਦੇ, ਉਹ ਪਿੱਛੇ ਨਹੀਂ ਹਟਣਗੇ।

14 ਜੁਲਾਈ 1789 ਨੂੰ ਲੋਕਾਂ ਦਾ ਗੁੱਸਾ ਬੇਕਾਬੂ ਹੋ ਗਿਆ। ਹਜ਼ਾਰਾਂ ਦੀ ਗਿਣਤੀ ਵਿੱਚ ਲੋਕਾਂ ਨੇ ਬਾਸਤੀਲ ਦੇ ਕਿਲ੍ਹੇ 'ਤੇ ਹਮਲਾ ਕਰ ਦਿੱਤਾ। ਇਹ ਕਿਲ੍ਹਾ ਰਾਜੇ ਦੇ ਜ਼ੁਲਮ, ਬੇਇਨਸਾਫ਼ੀ ਅਤੇ ਤਾਨਾਸ਼ਾਹੀ ਦਾ ਸਭ ਤੋਂ ਵੱਡਾ ਪ੍ਰਤੀਕ ਸੀ। ਲੋਕਾਂ ਨੇ ਦਰਵਾਜ਼ੇ ਭੰਨ ਕੇ ਕੈਦੀ ਛੁਡਵਾ ਲਏ ਅਤੇ ਕਿਲ੍ਹੇ ਦੀਆਂ ਕੰਧਾਂ ਢਾਹ ਦਿੱਤੀਆਂ। ਇਸ ਘਟਨਾ ਨੇ ਪੂਰੇ ਯੂਰਪ ਨੂੰ ਕੰਬਣੀ ਛੇੜ ਦਿੱਤੀ। ਇਸੇ ਸਾਲ ਅਕਤੂਬਰ ਵਿੱਚ ਭੁੱਖ ਤੋਂ ਤੰਗ ਔਰਤਾਂ ਨੇ ਵਰਸਾਏ ਦੇ ਮਹਿਲ ਨੂੰ ਘੇਰ ਲਿਆ ਅਤੇ ਰਾਜੇ-ਰਾਣੀ ਨੂੰ ਬੰਦੀ ਬਣਾ ਕੇ ਪੈਰਿਸ ਲਿਆ ਕੇ ਬਿਠਾ ਦਿੱਤਾ।

ਕ੍ਰਾਂਤੀ ਸ਼ੁਰੂ ਹੋਣ ਤੋਂ ਬਾਅਦ ਸੱਤਾ ਨੂੰ ਸੰਭਾਲਣਾ ਸੌਖਾ ਨਹੀਂ ਰਿਹਾ। ਇਨਕਲਾਬੀਆਂ ਵਿੱਚ ਆਪਸੀ ਫ਼ੁੱਟ ਪੈ ਗਈ। ਸੱਤਾ ਮੈਕਸੀਮਿਲੀਅਨ ਰੋਬਸਪੀਅਰ ਵਰਗੇ ਕੱਟੜਪੰਥੀ ਆਗੂ ਦੇ ਹੱਥ ਆ ਗਈ। ਉਸ ਨੇ 1793 ਤੋਂ 1794 ਤੱਕ ਦੇਸ਼ ਵਿੱਚ ਸਖ਼ਤ ਦਹਿਸ਼ਤ ਦਾ ਮਾਹੌਲ ਬਣਾ ਦਿੱਤਾ, ਜਿਸ ਨੂੰ 'ਦਹਿਸ਼ਤ ਦਾ ਰਾਜ' ਕਿਹਾ ਜਾਂਦਾ ਹੈ।

ਜਿਸ ਕਿਸੇ ਉੱਤੇ ਵੀ ਕ੍ਰਾਂਤੀ ਦੇ ਖ਼ਿਲਾਫ਼ ਹੋਣ ਦਾ ਸ਼ੱਕ ਪੈਂਦਾ, ਉਸ ਨੂੰ ਗ੍ਰਿਫ਼ਤਾਰ ਕਰ ਲਿਆ ਜਾਂਦਾ ਸੀ। ਬਿਨਾਂ ਕਿਸੇ ਲੰਬੀ ਸੁਣਵਾਈ ਦੇ ਲੋਕਾਂ ਨੂੰ 'ਗਿਲੋਟੀਨ' ਨਾਮੀ ਮਸ਼ੀਨ ਹੇਠ ਰੱਖ ਕੇ ਸਿਰ ਕਲਮ ਕਰ ਦਿੱਤੇ ਜਾਂਦੇ ਸਨ। ਆਖ਼ਰ ਰਾਜਾ ਲੂਈ ਸੋਲ੍ਹਵਾਂ ਅਤੇ ਉਸ ਦੀ ਰਾਣੀ ਨੂੰ ਵੀ ਦੇਸ਼-ਧ੍ਰੋਹ ਦੇ ਦੋਸ਼ ਵਿੱਚ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਇੱਕ ਸਾਲ ਦੇ ਅੰਦਰ ਹਜ਼ਾਰਾਂ ਲੋਕ ਮਾਰੇ ਗਏ। ਅਖ਼ੀਰ ਲੋਕ ਇਸ ਖ਼ੂਨ-ਖ਼ਰਾਬੇ ਤੋਂ ਅੱਕ ਗਏ ਅਤੇ ਰੋਬਸਪੀਅਰ ਨੂੰ ਵੀ ਗ੍ਰਿਫ਼ਤਾਰ ਕਰਕੇ ਉਸੇ ਮਸ਼ੀਨ ਨਾਲ ਮੌਤ ਦੀ ਸਜ਼ਾ ਦਿੱਤੀ ਗਈ।

ਰਾਜੇ ਦੇ ਕਤਲ ਮਗਰੋਂ ਆਸਟਰੀਆ, ਪ੍ਰਸ਼ੀਆ ਅਤੇ ਬਰਤਾਨੀਆ ਨੇ ਘਬਰਾ ਕੇ ਫ਼ਰਾਂਸ @ਤੇ ਹਮਲਾ ਕਰ ਦਿੱਤਾ, ਜਿਸ ਦੇ ਜਵਾਬ ਵਿੱਚ ਦੇਸ਼ ਦੇ ਨੌਜਵਾਨ ਆਜ਼ਾਦੀ ਦੀ ਰਾਖੀ ਲਈ ਮੈਦਾਨ ਵਿੱਚ ਉੱਤਰ ਆਏ। ਇਸ ਸੰਕਟ ਦੌਰਾਨ ਨੌਜਵਾਨ ਕਮਾਂਡਰ ਨੈਪੋਲੀਅਨ ਬੋਨਾਪਾਰਟ ਨੇ ਆਪਣੀ ਜੰਗੀ ਸੂਝ ਨਾਲ ਦੁਸ਼ਮਣ ਫ਼ੌਜਾਂ ਨੂੰ ਹਰਾ ਕੇ ਵੱਡੀ ਲੋਕਪ੍ਰਿਅਤਾ ਹਾਸਲ ਕੀਤੀ। ਦੇਸ਼ ਵਿੱਚ ਫ਼ੈਲੀ ਅਰਾਜਕਤਾ ਅਤੇ ਦੰਗਿਆਂ ਤੋਂ ਅੱਕੀ ਜਨਤਾ ਨੂੰ ਇੱਕ ਮਜ਼ਬੂਤ ਆਗੂ ਦੀ ਲੋੜ ਸੀ, ਜਿਸ ਦਾ ਲਾਹਾ ਲੈਂਦਿਆਂ ਨੈਪੋਲੀਅਨ ਨੇ ਸੱਤਾ ਸੰਭਾਲ ਕੇ ਖ਼ੁਦ ਨੂੰ ਸਮਰਾਟ ਐਲਾਨ ਦਿੱਤਾ। ਦੇਸ਼ ਵਿੱਚ ਰਾਜਸ਼ਾਹੀ ਮੁੜ ਬਹਾਲ ਹੋ ਗਈ, ਪਰ ਇਸ ਦਾ ਸ਼ਾਸਨ ਪੁਰਾਣੀ ਤਾਨਾਸ਼ਾਹੀ ਦੀ ਥਾਂ ਕ੍ਰਾਂਤੀਕਾਰੀ ਸਿਧਾਂਤਾਂ 'ਤੇ ਟਿਕਿਆ ਹੋਇਆ ਸੀ।

ਫ਼ਰਾਂਸੀਸੀ ਕ੍ਰਾਂਤੀ ਨੇ ਜਗੀਰਦਾਰੀ ਪ੍ਰਥਾ ਅਤੇ ਜਨਮ-ਅਧਾਰਤ ਵਿਸ਼ੇਸ਼ ਅਧਿਕਾਰਾਂ ਦਾ ਸਦਾ ਲਈ ਖ਼ਾਤਮਾ ਕਰਕੇ ਸਾਰੇ ਨਾਗਰਿਕਾਂ ਲਈ ਬਰਾਬਰੀ ਦੇ ਕਨੂੰਨ ਬਣਾਏ। ਇਸ ਨਾਲ ਕਿਸਾਨ ਆਪਣੀ ਜ਼ਮੀਨ ਦੇ ਅਸਲ ਮਾਲਕ ਬਣੇ। ਮਨੁੱਖੀ ਅਧਿਕਾਰਾਂ ਦੇ ਇਤਿਹਾਸਕ ਐਲਾਨਨਾਮੇ ਰਾਹੀਂ ਲੋਕਾਂ ਨੂੰ ਬੋਲਣ, ਲਿਖਣ ਅਤੇ ਧਾਰਮਿਕ ਆਜ਼ਾਦੀ ਦੇ ਮੌਲਿਕ ਹੱਕ ਮਿਲੇ, ਜੋ ਅੱਜ ਦੇ ਆਧੁਨਿਕ ਸੰਵਿਧਾਨਾਂ ਦਾ ਅਧਾਰ ਬਣੇ। ਇਸ ਦੇ ਨਾਲ ਹੀ ਚਰਚ ਦੇ ਸਿਆਸੀ ਦਖ਼ਲ ਨੂੰ ਰੋਕ ਕੇ ਧਰਮ-ਨਿਰਪੱਖ ਰਾਜ, ਸਾਰਿਆਂ ਲਈ ਸਰਕਾਰੀ ਸਿੱਖਿਆ, ਇਕਸਾਰ ਕਾਨੂੰਨੀ ਢਾਂਚਾ ਅਤੇ ਮੈਟ੍ਰਿਕ ਪ੍ਰਣਾਲੀ ਲਾਗੂ ਕਰਕੇ ਨਵੇਂ ਯੁੱਗ ਦੀ ਸ਼ੁਰੂਆਤ ਕੀਤੀ ਗਈ। ਸਭ ਤੋਂ ਅਹਿਮ ਗੱਲ ਇਹ ਰਹੀ ਕਿ ਇਸ ਕ੍ਰਾਂਤੀ ਨੇ ਇਹ ਸਿਧਾਂਤ ਸਥਾਪਤ ਕੀਤਾ ਕਿ ਸਰਕਾਰਾਂ ਜਨਤਾ ਪ੍ਰਤੀ ਜਵਾਬਦੇਹ ਹੁੰਦੀਆਂ ਹਨ, ਜਿਸ ਨਾਲ ਦੁਨੀਆ ਭਰ ਵਿੱਚ ਆਧੁਨਿਕ ਲੋਕਤੰਤਰ ਦੀ ਮਜ਼ਬੂਤ ਨੀਂਹ ਪਈ।

ਲੋਕਾਂ ਨੂੰ ਇਹ ਗੱਲ ਸਮਝ ਆ ਗਈ ਕਿ ਸਰਕਾਰ ਲੋਕਾਂ ਲਈ ਹੁੰਦੀ ਹੈ, ਲੋਕ ਸਰਕਾਰ ਲਈ ਨਹੀਂ ਹੁੰਦੇ। ਜੇ ਕੋਈ ਹਾਕਮ ਜਨਤਾ ਨਾਲ ਧੋਖਾ ਕਰਦਾ ਹੈ, ਤਾਂ ਜਨਤਾ ਕੋਲ ਉਸ ਨੂੰ ਗੱਦੀਓਂ ਲਾਹੁਣ ਦੀ ਤਾਕਤ ਹੈ।1789 ਦੀ ਫ਼ਰਾਂਸੀਸੀ ਕ੍ਰਾਂਤੀ ਹਰ ਦੌਰ ਦੇ ਹਾਕਮਾਂ ਲਈ ਸਖ਼ਤ ਚਿਤਾਵਨੀ ਸੀ। ਇਹ ਕ੍ਰਾਂਤੀ ਦੱਸਦੀ ਹੈ ਕਿ ਜਦੋਂ ਹਕੂਮਤਾਂ ਪਰਜਾ ਦੇ ਦੁੱਖਾਂ ਤੋਂ ਅੱਖਾਂ ਮੀਚ ਲੈਂਦੀਆਂ ਹਨ, ਜਦੋਂ ਅਮੀਰ ਹੋਰ ਅਮੀਰ ਅਤੇ ਮਿਹਨਤਕਸ਼ ਕੰਗਾਲ ਹੁੰਦਾ ਜਾਂਦਾ ਹੈ, ਤਾਂ ਲੋਕ-ਰੋਹ ਦਾ ਭਾਂਬੜ ਮੱਚਣਾ ਤੈਅ ਹੁੰਦਾ ਹੈ।

ਹੰਕਾਰ, ਜ਼ੁਲਮ ਅਤੇ ਬੇਇਨਸਾਫ਼ੀ ਦੇ ਕਿਲ੍ਹੇ ਭਾਵੇਂ ਕਿੰਨੇ ਵੀ ਪੱਕੇ ਕਿਉਂ ਨਾ ਜਾਪਣ, ਜਾਗਰੂਕ ਲੋਕਾਂ ਦੇ ਹੜ੍ਹ ਅੱਗੇ ਉਹ ਕਦੇ ਟਿਕ ਨਹੀਂ ਸਕਦੇ। ਬਾਸਤੀਲ ਦੀਆਂ ਢਹੀਆਂ ਕੰਧਾਂ ਨੇ ਇਹ ਗੱਲ ਸਦਾ ਲਈ ਸੱਚ ਸਾਬਤ ਕਰ ਦਿੱਤੀ ਕਿ ਅਸਲ ਤਾਕਤ ਸ਼ਾਹੀ ਮਹਿਲਾਂ ਵਿੱਚ ਨਹੀਂ, ਸਗੋਂ ਕਿਰਤੀਆਂ ਦੇ ਹੱਥਾਂ ਵਿੱਚ ਹੁੰਦੀ ਹੈ।



# ਪ੍ਰਿੰਸੀਪਲ ਬ੍ਰਿਜਿੰਦਰ ਸਿੰਘ ਸਿੱਧੂ ਦੀ ਨਵੀਂ ਕਿਤਾਬ 'ਨੇੜਿਓਂ ਤੱਕੀ ਜ਼ਿੰਦਗੀ' ਰਿਲੀਜ਼

ਫ਼ਰੀਮਾਂਟ/ਏ.ਟੀ.ਨਿਊਜ਼ : ਪ੍ਰਿੰਸੀਪਲ (ਰਿਟਾਇਰਡ) ਬ੍ਰਿਜਿੰਦਰ ਸਿੰਘ ਸਿੱਧੂ ਦੀ ਨਵੀਂ ਕਿਤਾਬ 'ਨੇੜਿਓਂ ਤੱਕੀ ਜ਼ਿੰਦਗੀ' ਇੱਥੇ ਅਮਰੀਕਾ ਵਿੱਚ ਪੰਜਾਬੀ ਸਾਹਿਤ, ਭਾਸ਼ਾ, ਬੋਲੀ ਅਤੇ ਸਭਿਆਚਾਰ ਨੂੰ ਸਮਰਪਿਤ ਉੱਘੀ ਸਾਹਿਤਕ ਸੰਸਥਾ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਕੈਲੀਫ਼ੋਰਨੀਆ ਦੀ 26ਵੀਂ ਸਾਲਾਨਾ ਕਾਨਫ਼ਰੰਸ ਮੌਕੇ ਰਿਲੀਜ਼ ਕੀਤੀ ਗਈ।




ਲੰਘੇ ਦਿਨੀਂ ਕਾਨਫ਼ਰੰਸ ਦੇ ਬਾਅਦ ਦੁਪਹਿਰ ਦੇ ਸੈਸ਼ਨ ਮੌਕੇ ਕਿਤਾਬ ਰਿਲੀਜ਼ ਸਮਾਰੋਹ ਦੌਰਾਨ ਓਰੀਐਂਟਲ ਕਾਲਜ ਯੂਨੀਵਰਸਿਟੀ ਆਫ਼ ਪੰਜਾਬ ਪਾਕਿਸਤਾਨ ਦੇ ਪ੍ਰਿੰਸੀਪਲ ਡਾ. ਨਬੀਲਾ ਰਹਿਮਾਨ, ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ, ਅਕਾਦਮੀ ਦੇ ਪ੍ਰਧਾਨ ਸ਼ਾਇਰ ਕੁਲਵਿੰਦਰ ਅਤੇ ਸ਼ਾਇਰ ਹਰਜਿੰਦਰ ਕੰਗ ਨੇ ਇਸ ਕਿਤਾਬ ਨੂੰ ਕਾਨਫ਼ਰੰਸ ਵਿੱਚ ਸ਼ਾਮਲ ਵਿਦਵਾਨਾਂ, ਪਾਠਕਾਂ ਤੇ ਦਰਸ਼ਕਾਂ ਦੇ ਰੂ-ਬ-ਰੂ ਕੀਤਾ।

ਪ੍ਰਿੰਸੀਪਲ ਡਾ. ਨਬੀਲਾ ਰਹਿਮਾਨ ਕਿਤਾਬ ਦੇ ਮੁਖੜੇ ਅਤੇ ਸੋਹਣੀ ਛਪਾਈ ਦੀ ਸਰਾਹਨਾ ਕਰਦਿਆਂ ਕਿਹਾ ਕਿ ਉਹ ਇਸ ਕਿਤਾਬ ਨੂੰ ਜ਼ਰੂਰ ਹੀ ਪੜ੍ਹਨਗੇ।

ਸੀਨੀਅਰ ਪੱਤਰਕਾਰ ਦਲਜੀਤ ਸਿੰਘ ਸਰਾਂ, ਜਿਨ੍ਹਾਂ ਨੇ ਇਸ ਪੁਸਤਕ ਦੀ ਸੰਪਾਦਨਾ ਅਤੇ ਪ੍ਰਕਾਸ਼ਨਾਂ ਵਿੱਚ ਸਹਿਯੋਗ ਦਿੱਤਾ ਹੈ ਅਤੇ ਲੇਖਕ ਦੇ ਸਪੁੱਤਰ ਇੰਜੀਨੀਅਰ ਅਮਰਦੀਪ ਸਿੰਘ ਸਿੱਧੂ (ਸੰਨੀ ਸਿੱਧੂ) ਵੀ ਇਸ ਮੌਕੇ ਹਾਜ਼ਰ ਸਨ। ਲੇਖਕ ਇਨ੍ਹੀਂ ਦਿਨੀਂ ਪੰਜਾਬ ਗਏ ਹੋਣ ਕਾਰਨ ਖੁਦ ਹਾਜ਼ਰ ਨਹੀਂ ਹੋ ਸਕੇ। ਵਰਨਣਯੋਗ ਹੈ ਕਿ ਸਪਤਰਿਸ਼ੀ ਪਬਲੀਕੇਸ਼ਨ ਚੰਡੀਗੜ੍ਹ ਵੱਲੋਂ ਪ੍ਰਕਾਸ਼ਿਤ ਇਹ ਕਿਤਾਬ ਕਾਲਮਨਵੀਸ ਵਜੋਂ ਕਾਫ਼ੀ ਪੜ੍ਹੇ ਜਾਂਦੇ ਪ੍ਰਿੰਸੀਪਲ (ਰਿਟਾਇਰਡ) ਬ੍ਰਿਜਿੰਦਰ ਸਿੰਘ ਸਿੱਧੂ ਦੇ ਪੰਜਾਬ ਟਾਈਮਜ਼ ਯੂ ਐੱਸ ਏ ਵਿੱਚ ਛਪਦੇ ਰਹੇ ਚੋਣਵੇਂ ਕਾਲਮਾਂ ਦਾ ਸੰਗ੍ਰਹਿ ਹੈ। ਪ੍ਰੋ. ਸਿੱਧੂ ਨੇ ਇਹ ਕਿਤਾਬ ਸ. ਅਮੋਲਕ ਸਿੰਘ ਜੰਮੂ ਨੂੰ ਸਮਰਪਿਤ ਕੀਤੀ ਹੋਈ ਹੈ।



ਪ੍ਰਿੰਸੀਪਲ (ਰਿਟਾਇਰਡ) ਬ੍ਰਿਜਿੰਦਰ ਸਿੰਘ ਸਿੱਧੂ ਦੀ ਨਵੀਂ ਕਿਤਾਬ 'ਨੇੜਿਓਂ ਤੱਕੀ ਜ਼ਿੰਦਗੀ' ਨੂੰ ਰਿਲੀਜ਼ ਕਰਨ ਸਮੇਂ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਕੈਲੀਫ਼ੋਰਨੀਆ ਦੇ ਪ੍ਰਧਾਨ ਕੁਲਵਿੰਦਰ, ਸੀਨੀਅਰ ਪੱਤਰਕਾਰ ਦਲਜੀਤ ਸਿੰਘ ਸਰਾਂ, ਓਰੀਐਂਟਲ ਕਾਲਜ ਯੂਨੀਵਰਸਿਟੀ ਆਫ਼ ਪੰਜਾਬ ਪਾਕਿਸਤਾਨ ਦੇ ਪ੍ਰਿੰਸੀਪਲ ਡਾ. ਨਬੀਲਾ ਰਹਿਮਾਨ, ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ, ਸ਼ਾਇਰ ਹਰਜਿੰਦਰ ਕੰਗ ਤੇ ਲੇਖਕ ਦ ਸਪੁੱਤਰ ਇੰਜੀਨੀਅਰ ਅਮਰਦੀਪ ਸਿੰਘ ਸਿੱਧੂ (ਸੰਨੀ ਸਿੱਧੂ) ਫ਼ੋਟੋ : ਮਸੂਦ ਮੱਲ੍ਹੀ

### ਵਾਸ਼ਿੰਗਟਨ ਦੀ ਸਿੱਖਾਂ ਨਾਲ ਸਾਂਝ ਮਜ਼ਬੂਤ ਕਰਨ ਦੀ ਪਹਿਲ

# ਅਮਰੀਕੀ ਰਾਜਦੂਤ ਦੇ ਸ੍ਰੀ ਦਰਬਾਰ ਸਾਹਿਬ ਦੀ ਯਾਤਰਾ ਦੌਰਾਨ ਉੱਠੇ ਕੂਟਨੀਤਕ ਤੇ ਪੰਥਕ ਸਰੋਕਾਰ

ਭਾਰਤ ਵਿੱਚ ਨਿਯੁਕਤ ਅਮਰੀਕੀ ਰਾਜਦੂਤ ਸਰਜੀਓ ਗੋਰ ਨੇ ਇੱਕ ਉੱਚ-ਪੱਧਰੀ 29 ਮੈਂਬਰੀ ਅਮਰੀਕੀ ਵਫ਼ਦ ਸਮੇਤ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋ ਕੇ ਅਰਦਾਸ ਕੀਤੀ। ਇਸ ਵਫ਼ਦ ਵਿੱਚ ਪ੍ਰਮੁੱਖ ਅਮਰੀਕੀ ਸੈਨੇਟਰ, ਵਿਦੇਸ਼ ਮਾਮਲਿਆਂ ਬਾਰੇ ਕਮੇਟੀ ਦੇ ਚੇਅਰਮੈਨ ਬ੍ਰਾਇਨ ਮਾਸਟ ਦੀ ਪਤਨੀ ਬ੍ਰਾਇਨਾ ਮਾਸਟ, ਪ੍ਰਤੀਨਿਧ ਮਾਈਕ ਗੈਲਾਘਰ, ਸ਼੍ਰੀ ਥਾਣੇਦਾਰ ਅਤੇ ਵਿਦੇਸ਼ ਨੀਤੀ ਨਾਲ ਜੁੜੇ ਸੀਨੀਅਰ ਮਾਹਿਰ ਸ਼ਾਮਲ ਸਨ। ਗੋਰ ਨੇ ਗੁਰਬਾਣੀ ਕੀਰਤਨ ਸਰਵਣ ਕੀਤਾ, ਸ੍ਰੀ ਦਰਬਾਰ ਸਾਹਿਬ ਦੀ ਮਰਯਾਦਾ ਤੇ ਸੇਵਾ ਪਰੰਪਰਾ ਬਾਰੇ ਜਾਣਕਾਰੀ ਲਈ ਅਤੇ ਯਾਤਰੂ ਡਾਇਰੀ ਵਿੱਚ ਦਰਜ ਕੀਤਾ ਕਿ ਕਰੀਬ 15 ਸਾਲਾਂ ਬਾਅਦ ਇਸ ਰੂਹਾਨੀ ਅਸਥਾਨ 'ਤੇ ਪਰਤਣਾ ਉਨ੍ਹਾਂ ਲਈ ਡੂੰਘੇ ਮਾਣ ਵਾਲੀ ਗੱਲ ਹੈ। ਦਰਬਾਰ ਸਾਹਿਬ ਤੋਂ ਬਾਅਦ ਵਫ਼ਦ ਨੇ ਜਲ੍ਹਿਆਂਵਾਲਾ ਬਾਗ ਅਤੇ ਪਾਰਟੀਸ਼ਨ ਮਿਊਜ਼ੀਅਮ ਦਾ ਵੀ ਦੌਰਾ ਕੀਤਾ।



**ਦੌਰੇ ਪਿੱਛੇ ਮੁੱਖ ਮੰਤਵ**

ਇਸ ਦੌਰੇ ਪਿੱਛੇ ਵਾਸ਼ਿੰਗਟਨ ਦਾ ਮੁੱਖ ਉਦੇਸ਼ ਨਵੀਂ ਦਿੱਲੀ ਤੋਂ ਅੱਗੇ ਵਧ ਕੇ ਭਾਰਤ ਦੇ ਖੇਤਰੀ ਸੂਬਿਆਂ ਖਾਸ ਕਰਕੇ ਸਿੱਖ ਪੰਥ ਨਾਲ ਸਿੱਧੇ ਸਬੰਧ ਮਜ਼ਬੂਤ ਕਰਨਾ ਹੈ। ਪੰਜਾਬ ਦਾ ਉੱਤਰੀ ਅਮਰੀਕਾ (ਅਮਰੀਕਾ ਅਤੇ ਕੈਨੇਡਾ) ਨਾਲ ਡੂੰਘਾ ਸੱਭਿਆਚਾਰਕ ਅਤੇ ਪਰਵਾਸੀ (ਡਾਇਸਪੋਰਾ) ਸਬੰਧ ਹੈ। ਇਸ ਪਹੁੰਚ ਪ੍ਰੋਗਰਾਮ ਰਾਹੀਂ ਅਮਰੀਕੀ ਪ੍ਰਸ਼ਾਸਨ ਸਿੱਖ ਕੌਮ ਦੀਆਂ ਧਾਰਮਿਕ ਭਾਵਨਾਵਾਂ, ਇਤਿਹਾਸਕ ਪਿਛੋਕੜ ਅਤੇ ਵਿਦੇਸ਼ਾਂ ਵਿੱਚ ਵਸਦੇ ਪੰਜਾਬੀਆਂ ਨਾਲ ਸਿੱਧਾ ਸੰਵਾਦ ਕਾਇਮ ਕਰਨਾ ਚਾਹੁੰਦਾ ਸੀ।

ਸੂਚਨਾ ਕੇਂਦਰ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਅਮਰੀਕੀ ਰਾਜਦੂਤ ਦਾ ਸਨਮਾਨ ਕਰਦਿਆਂ ਕਈ ਅਹਿਮ ਮੁੱਦੇ ਚੁੱਕੇ।

ਐਡਵੋਕੇਟ ਧਾਮੀ ਨੇ ਅਮਰੀਕਾ ਵਿੱਚ ਇੱਕ ਪੋਸਟਰ ਮੁਹਿੰਮ ਦੌਰਾਨ ਪਵਿੱਤਰ ਟਾਈਟਲ 'ਸਿੰਘ' ਦੀ ਗ਼ਲਤ ਵਰਤੋਂ ਦਾ ਮਾਮਲਾ ਉਠਾਇਆ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਇਤਰਾਜ਼ ਤੋਂ ਬਾਅਦ ਹਾਲਾਂਕਿ ਉਹ ਪੋਸਟ ਹਟਾ ਦਿੱਤੀ ਗਈ ਸੀ, ਪਰ ਅਮਰੀਕੀ ਸਰਕਾਰ ਨੂੰ ਅਜਿਹੇ ਢੁੱਕਵੇਂ ਕਦਮ ਚੁੱਕਣੇ ਚਾਹੀਦੇ ਹਨ ਤਾਂ ਜੋ ਭਵਿੱਖ ਵਿੱਚ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਨਾ ਪਹੁੰਚੇ।

ਅਮਰੀਕਾ ਦੇ ਵਿਕਾਸ ਵਿੱਚ ਸਿੱਖਾਂ ਤੇ ਪੰਜਾਬੀਆਂ ਦੇ ਯੋਗਦਾਨ ਦੀ ਸ਼ਲਾਘਾ ਕਰਦਿਆਂ ਧਾਮੀ ਨੇ ਡੋਨਾਲਡ ਟਰੰਪ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਅਮਰੀਕਾ ਵਿੱਚ ਰਹਿ ਰਹੇ ਸਮੁੱਚੇ ਪਰਵਾਸੀ ਭਾਈਚਾਰਿਆਂ, ਖ਼ਾਸ ਕਰਕੇ ਸਿੱਖਾਂ ਦੀ ਜਾਨ-ਮਾਲ ਦੀ ਪੂਰੀ ਸੁਰੱਖਿਆ ਯਕੀਨੀ ਬਣਾਈ ਜਾਵੇ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਦੱਸਿਆ ਕਿ ਸਿੱਖਾਂ ਦੇ ਅਮਰੀਕਾ ਨਾਲ ਇਤਿਹਾਸਕ ਸਬੰਧ ਹਨ; ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿੱਚ ਵੀ ਅਮਰੀਕੀ ਮੂਲ ਦੇ ਅਫ਼ਸਰ ਸੇਵਾ ਨਿਭਾਉਂਦੇਰਹੇ ਸਨ। ਉਨ੍ਹਾਂ ਨੇ ਅਮਰੀਕਾ ਵਿੱਚ ਵਸਦੇ ਸਿੱਖ ਭਾਈਚਾਰੇ ਦੇ ਮੁੱਖ ਮਸਲਿਆਂ ਅਤੇ ਸਰਬੱਤ ਦੇ ਭਲੇ ਦੇ ਸੰਕਲਪ 'ਤੇ ਚਰਚਾ ਕੀਤੀ।

**ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਉਠਾਏ ਮੁੱਦੇ ਤੇ ਮੰਗ ਪੱਤਰ**

ਅਮਰੀਕੀ ਦੂਤ ਦੇ ਦੌਰੇ ਦੌਰਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਕਾਰਜਕਾਰੀ ਪ੍ਰਧਾਨ ਇਮਾਨ ਸਿੰਘ ਮਾਨ ਦੀ ਅਗਵਾਈ ਹੇਠ ਪਾਰਟੀ ਵਰਕਰਾਂ ਨੇ ਪਲਾਜ਼ਾ ਬਾਹਰ ਸੰਖੇਪ ਰੋਸ ਪ੍ਰਦਰਸ਼ਨ ਕੀਤਾ ਅਤੇ 'ਖ਼ਾਲਿਸਤਾਨ ਜ਼ਿੰਦਾਬਾਦ' ਤੇ 'ਗਾਡ ਬਲੈਸ ਅਮਰੀਕਾ' ਦੇ ਨਾਅਰੇ ਲਗਾਏ। ਵਫ਼ਦ ਨਾਲ ਸਿੱਧੀ ਮੁਲਾਕਾਤ ਦੀ ਆਗਿਆ ਨਾ ਮਿਲਣ ਕਾਰਨ ਪਾਰਟੀ ਨੇ ਈਮੇਲ ਰਾਹੀਂ ਅਮਰੀਕੀ ਦੂਤਾਵਾਸ ਨੂੰ ਮੰਗ ਪੱਤਰ ਭੇਜਿਆ, ਜਿਸ ਵਿੱਚ ਹੇਠ ਲਿਖੇ ਨੁਕਤੇ ਸ਼ਾਮਲ ਸਨ:

ਅਕਾਲੀ ਦਲ ਅੰਮ੍ਰਿਤਸਰ ਨੇ ਮਈ 2025 ਦੇ ਭਾਰਤ-ਪਾਕਿਸਤਾਨ ਟਕਰਾਅ ਨੂੰ ਰੋਕਣ ਵਿੱਚ ਰਾਸ਼ਟਰਪਤੀ ਟਰੰਪ ਦੀ ਕੂਟਨੀਤਕ ਭੂਮਿਕਾ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਨੋਬਲ ਸ਼ਾਂਤੀ ਪੁਰਸਕਾਰ ਦੇਣ ਦੀ ਵਕਾਲਤ ਕੀਤੀ ਅਤੇ ਸਰਹੱਦੀ ਖੇਤਰਾਂ ਵਿੱਚ ਤਣਾਅ ਘਟਾਉਣ ਲਈ ਅਮਰੀਕੀ ਦਖ਼ਲ ਦੀ ਮੰਗ ਕੀਤੀ।

ਖੇਤਰੀ ਸਥਿਰਤਾ ਲਈ ਸਿੰਧੂ ਜਲ ਸਮਝੌਤੇ ਦੀ ਬਹਾਲੀ ਅਤੇ ਪੰਜਾਬ ਦੇ ਆਰਥਿਕ ਵਿਕਾਸ ਲਈ ਤਾਪੀ (ਤੁਰਕਮੇਨਿਸਤਾਨ-ਅਫ਼ਗਾਨਿਸਤਾਨ-ਪਾਕਿਸਤਾਨ-ਭਾਰਤ) ਗੈਸ ਪਾਈਪਲਾਈਨ ਪ੍ਰੋਜੈਕਟ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ। ਵਪਾਰ ਤੇ ਲਾਂਘੇ: ਭਾਰਤ ਅਤੇ ਪਾਕਿਸਤਾਨ ਵਿਚਾਲੇ ਸਰਹੱਦੀ ਵਪਾਰ, ਯਾਤਰਾ ਅਤੇ ਕਰਤਾਰਪੁਰ ਲਾਂਘੇ ਨੂੰ ਹੋਰ ਸੁਖਾਲਾ ਬਣਾਉਣ ਦੀ ਮੰਗ ਰੱਖੀ ਗਈ। ਪਾਰਟੀ ਨੇ ਆਪਣੇ ਸਿਆਸੀ ਏਜੰਡੇ ਅਤੇ ਖ਼ੁਦਮੁਖ਼ਤਿਆਰੀ ਦੇ ਮਿਸ਼ਨ ਵੱਲ ਵਿਸ਼ਵ ਪੱਧਰੀ ਧਿਆਨ ਦਿਵਾਉਣ ਦੀ ਕੋਸ਼ਿਸ਼ ਵੀ ਕੀਤੀ।

ਅਮਰੀਕੀ ਰਾਜਦੂਤ ਦੇ ਇਸ ਦੌਰੇ ਨੂੰ ਜਿੱਥੇ ਇੱਕ ਪਾਸੇ ਕੂਟਨੀਤਕ ਤੇ ਰੂਹਾਨੀ ਸਾਂਝ ਵਜੋਂ ਦੇਖਿਆ ਗਿਆ, ਉੱਥੇ ਹੀ ਸਿੱਖ ਲੀਡਰਸ਼ਿਪ ਅਤੇ ਸਿਆਸੀ ਧਿਰਾਂ ਨੇ ਇਸ ਮੰਚ ਦੀ ਵਰਤੋਂ ਪੰਜਾਬ ਦੇ ਆਰਥਿਕ, ਭੂ-ਰਾਜਨੀਤਕ ਅਤੇ ਸਿੱਖ ਪਛਾਣ ਨਾਲ ਜੁੜੇ ਸਰੋਕਾਰਾਂ ਨੂੰ ਵਾਸ਼ਿੰਗਟਨ ਦੇ ਧਿਆਨ ਵਿੱਚ ਲਿਆਉਣ ਲਈ ਕੀਤੀ ਹੈ।

## ਪੰਜਾਬੀ ਕਲਚਰਲ ਸੈਂਟਰ ਯੂ.ਐਸ.ਏ. ਅਤੇ ਪੰਜਾਬੀ ਰੇਡੀਓ ਯੂ.ਐਸ.ਏ. ਵੱਲੋਂ 'ਸਾਹਿਤਕ ਮਿਲਣੀ ਸਮਾਗਮ' 3 ਅਕਤੂਬਰ ਨੂੰ

### ਡਾ. ਨਬੀਲਾ ਰਹਿਮਾਨ ਨੂੰ ਕੀਤਾ ਜਾਵੇਗਾ ਸਨਮਾਨਿਤ

ਫ਼ਰਿਜਨੋ/ਏ.ਟੀ.ਨਿਊਜ਼ : ਪੰਜਾਬੀ ਕਲਚਰਲ ਸੈਂਟਰ ਯੂ.ਐਸ.ਏ. ਅਤੇ ਪੰਜਾਬੀ ਰੇਡੀਓ ਯੂ.ਐਸ.ਏ. ਵੱਲੋਂ 3 ਅਕਤੂਬਰ ਨੂੰ ਸਾਹਿਤਕ ਮਿਲਣੀ ਸਮਾਗਮ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬੀ ਕਲਚਰਲ ਸੈਂਟਰ ਯੂ.ਐਸ.ਏ. ਅਤੇ ਪੰਜਾਬੀ ਰੇਡੀਓ ਯੂ.ਐਸ.ਏ. ਦੇ ਬੁਲਾਰੇ ਨੇ ਦੱਸਿਆ ਕਿ ਦੋਵਾਂ ਪੰਜਾਬਾਂ ਵਿੱਚ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦੇ ਖੇਤਰਾਂ ਵਿੱਚ ਹੋ ਰਹੇ ਯਤਨਾਂ ਬਾਰੇ ਵਿਚਾਰਾਂ ਕਰਨ ਲਈ ਕਰਵਾਏ ਜਾ ਰਹੇ ਇਸ ਸਾਹਿਤਕ ਮਿਲਣੀ ਸਮਾਗਮ ਦੀ ਸ਼ੁਰੂਆਤ 3 ਅਕਤੂਬਰ ਦਿਨ ਸ਼ਨਿਚਰਵਾਰ ਨੂੰ ਸਵੇਰੇ 10.30 ਵਜੇ ਹੋਵੇਗੀ। ਇਸ ਸਮਾਗਮ ਵਿੱਚ ਮੁੱਖ ਮਹਿਮਾਨ ਪ੍ਰੋਫ਼ੈਸਰ ਡਾ. ਨਬੀਲਾ ਰਹਿਮਾਨ ਪ੍ਰਿੰਸੀਪਲ ਓਰੀਐਂਟਲ ਕਾਲਜ ਯੂਨੀਵਰਸਿਟੀ ਆਫ਼ ਪੰਜਾਬ, ਪਾਕਿਸਤਾਨ ਹੋਣਗੇ। ਇਸ ਮੌਕੇ ਡਾ. ਨਬੀਲਾ ਰਹਿਮਾਨ ਆਪਣੇ ਵਿਚਾਰ ਵੀ ਪੇਸ਼ ਕਰਨਗੇ। ਇਸ ਸਮਾਗਮ ਵਿੱਚ ਕਵੀ ਦਰਬਾਰ ਵੀ ਹੋਵੇਗਾ। ਇਸ ਉਪਰੰਤ ਡਾ. ਨਬੀਲਾ ਰਹਿਮਾਨ ਦਾ ਸਨਮਾਨ ਵੀ ਕੀਤਾ ਜਾਵੇਗਾ।



# ਡਰੱਗਜ਼ ਮਾਮਲੇ 'ਚ ਸਿੱਟ ਵੱਲੋਂ ਮਜੀਠੀਆ ਮੁੜ ਤਲਬ

ਚੰਡੀਗੜ੍ਹ /ਏ.ਟੀ.ਨਿਊਜ਼: ਪੰਜਾਬ ਦੇ ਬਹੁਚਰਚਿਤ ਡਰੱਗਜ਼ ਮਾਮਲੇ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਨੇ ਇੱਕ ਵਾਰ ਫਿਰ ਪੁੱਛਗਿੱਛ ਲਈ ਤਲਬ ਕੀਤਾ ਹੈ। ਐੱਸਆਈਟੀ ਨੇ ਉਨ੍ਹਾਂ ਨੂੰ 5 ਅਕਤੂਬਰ ਨੂੰ ਜਾਂਚ ਵਿੱਚ ਸ਼ਾਮਲ ਹੋਣ ਦੇ ਨਿਰਦੇਸ਼ ਦਿੱਤੇ ਹਨ। ਇਸੇ ਦਿਨ ਡਰੱਗਜ਼ ਰੈਕੇਟ ਦੇ ਮੁੱਖ ਮੁਲਜ਼ਮ ਅਤੇ ਪੰਜਾਬ ਪੁਲਿਸ ਦੇ ਬਰਖ਼ਾਸਤ ਡੀਐੱਸਪੀ ਜਗਦੀਸ਼ ਸਿੰਘ ਭੋਲਾ ਨੂੰ ਵੀ ਪੁੱਛਗਿੱਛ ਲਈ ਬੁਲਾਇਆ ਗਿਆ ਹੈ। ਦੋਵਾਂ ਨੂੰ ਇੱਕੋ ਦਿਨ ਤਲਬ ਕੀਤੇ ਜਾਣ ਕਾਰਨ ਮਾਮਲੇ ਵਿੱਚ ਆਹਮੋ-ਸਾਹਮਣੇ ਪੁੱਛਗਿੱਛ ਦੀ ਸੰਭਾਵਨਾ ਵੀ ਬਣੀ ਹੋਈ ਹੈ।



ਇਹ ਮਾਮਲਾ ਪੰਜਾਬ ਵਿੱਚ ਸਾਹਮਣੇ ਆਏ ਬਹੁਚਰਚਿਤ ਸਿੰਥੈਟਿਕ ਡਰੱਗਜ਼ ਰੈਕੇਟ ਨਾਲ ਜੁੜਿਆ ਹੈ, ਜਿਸ ਨੂੰ ਸਿਆਸੀ ਤੌਰ 'ਤੇ ਕਰੀਬ ਛੇ ਹਜ਼ਾਰ ਕਰੋੜ ਰੁਪਏ ਦੇ ਕਥਿਤ ਡਰੱਗਜ਼ ਘੁਟਾਲੇ ਵਜੋਂ ਵੀ ਉਠਾਇਆ ਜਾਂਦਾ ਰਿਹਾ ਹੈ। ਮਾਮਲੇ ਦੀ ਜਾਂਚ ਦੌਰਾਨ ਕਈ ਮੁਲਜ਼ਮਾਂ ਦੇ ਨਾਂ ਸਾਹਮਣੇ ਆਏ ਅਤੇ ਡਰੱਗਜ਼ ਦੇ ਕਾਰੋਬਾਰ ਨਾਲ ਜੁੜੇ ਕਥਿਤ ਵਿੱਤੀ ਲੈਣ-ਦੇਣ ਦੀ ਵੀ ਜਾਂਚ ਹੋਈ।

ਇਸ ਮਾਮਲੇ ਵਿੱਚ ਬਰਖ਼ਾਸਤ ਡੀ.ਐੱਸ.ਪੀ. ਜਗਦੀਸ਼ ਸਿੰਘ ਭੋਲਾ ਦਾ ਨਾਂ ਪ੍ਰਮੁੱਖਤਾ ਨਾਲ ਸਾਹਮਣੇ ਆਇਆ ਸੀ। ਕਰੀਬ ਇੱਕ ਦਹਾਕਾ ਪਹਿਲਾਂ ਭੋਲਾ ਨੇ ਪੁੱਛਗਿੱਛ ਦੌਰਾਨ ਬਿਕਰਮ ਸਿੰਘ ਮਜੀਠੀਆ ਦਾ ਨਾਂ ਲਿਆ ਸੀ। ਇਸ ਤੋਂ ਬਾਅਦ ਦਸੰਬਰ 2021 ਵਿੱਚ ਮਜੀਠੀਆ ਖ਼ਿਲਾਫ਼ ਨਸ਼ੀਲੇ ਪਦਾਰਥਾਂ ਨਾਲ ਸਬੰਧਤ ਐੱਨਡੀਪੀਐੱਸ ਐਕਟ ਤਹਿਤ ਐੱਫਆਈਆਰ ਦਰਜ ਕੀਤੀ ਗਈ। ਮਜੀਠੀਆ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕਰਦੇ ਰਹੇ ਹਨ।

**ਦਰਪਣ ਝੂਠ ਨਹੀਂ ਬੋਲਦਾ**

# ਸੁੱਕਦੀ ਧਰਤੀ, ਡੁੱਬਦੀ ਕਿਸਾਨੀ: ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦਾ ਅੰਨ੍ਹੇਵਾਹ ਉਜਾੜਾ ਬਣਿਆ ਹੋਂਦ ਲਈ ਖ਼ਤਰਾ

## ਡਿੱਗਦੇ ਜਲ ਪੱਧਰ ਕਾਰਨ ਪੇਂਡੂ ਅਰਥਚਾਰੇ ਵਿੱਚ ਵਧਿਆ ਪਾੜਾ; ਛੋਟੇ ਕਿਸਾਨ ਮੁੱਲ ਪਾਣੀ ਖ਼ਰੀਦਣ ਲਈ ਮਜਬੂਰ

## ਪੰਜਾਬ ਦੇ 72 ਫੀਸਦੀ ਬਲਾਕ 'ਰੈੱਡ ਜ਼ੋਨ' ਦੀ ਲਪੇਟ ਵਿੱਚ; ਮਾਰੂਥਲ ਬਣਨ ਵੱਲ ਵਧ ਰਹੇ ਮਾਲਵੇ ਦੇ ਜ਼ਿਲ੍ਹੇ

ਪੰਜਾਬ ਦਾ ਧਰਤੀ ਹੇਠਲਾ ਪਾਣੀ—ਅੱਜ ਉਸ ਖ਼ਤਰਨਾਕ ਮੋੜ 'ਤੇ ਪਹੁੰਚ ਚੁੱਕਾ ਹੈ ਜੋ ਪੰਜਾਬੀ ਸਭਿਅਤਾ ਦੇ ਉਜਾੜੇ ਦਾ ਕਾਰਣ ਬਣਦਾ ਜਾ ਰਿਹਾ ਹੈ। 'ਡਾਇਨਾਮਿਕ ਗਰਾਊਂਡਵਾਟਰ ਅਸੈਸਮੈਂਟ (2025-26)' ਦੇ ਤਾਜ਼ਾ ਅੰਕੜੇ ਸੂਬੇ ਦੇ ਭਵਿੱਖ ਲਈ ਇੱਕ ਵੱਡੀ ਚਿਤਾਵਨੀ ਹਨ। ਪੰਜਾਬ ਵਿੱਚ ਜ਼ਮੀਨੀ ਪਾਣੀ ਦੀ ਨਿਕਾਸੀ ਦਰ 152 ਫ਼ੀਸਦੀ ਤੱਕ ਪਹੁੰਚ ਚੁੱਕੀ ਹੈ। ਇਸ ਦਾ ਸਾਫ਼ ਮਤਲਬ ਹੈ ਕਿ ਜਿੰਨਾ ਮੀਂਹ ਜਾਂ ਦਰਿਆਵਾਂ ਰਾਹੀਂ ਪਾਣੀ ਜ਼ਮੀਨ ਵਿੱਚ ਰੀਚਾਰਜ ਹੁੰਦਾ ਹੈ, ਉਸ ਨਾਲੋਂ ਡੇਢ ਗੁਣਾ ਵੱਧ ਬਾਹਰ ਕੱਢਿਆ ਜਾ ਰਿਹਾ ਹੈ। ਕੁੱਲ 153 ਬਲਾਕਾਂ ਵਿੱਚੋਂ 72 ਫ਼ੀਸਦੀ ਬਲਾਕ 'ਰੈੱਡ ਜ਼ੋਨ' (ਅੱਤ-ਸ਼ੋਸ਼ਿਤ) ਵਿੱਚ ਆ ਚੁੱਕੇ ਹਨ, ਜੋ ਪੂਰੇ ਦੇਸ਼ ਵਿੱਚ ਸਭ ਤੋਂ ਵੱਧ



ਅਨੁਪਾਤ ਹੈ। ਮੁੱਖ ਤੌਰ 'ਤੇ ਝੋਨੇ ਅਤੇ ਕਣਕ ਦੇ ਫ਼ਸਲੀ ਚੱਕਰ ਕਾਰਨ ਸਾਲਾਨਾ ਲਗਭਗ 25 ਅਰਬ ਘਣ ਮੀਟਰ ਪਾਣੀ ਸਿੰਚਾਈ ਲਈ ਕੱਢਿਆ ਜਾ ਰਿਹਾ ਹੈ, ਜਿਸ ਕਾਰਨ 40 ਮੀਟਰ ਤੋਂ ਹੇਠਾਂ ਪਾਣੀ ਵਾਲੇ ਨਿਰੀਖਣ ਖੂਹਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ।

ਜੇਕਰ ਪਾਣੀ ਇਸੇ ਰਫ਼ਤਾਰ ਨਾਲ ਮੁੱਕਦਾ ਰਿਹਾ, ਤਾਂ ਪੰਜਾਬ ਸਾਹਮਣੇ ਸਿਰਫ਼ ਸਿੰਚਾਈ ਦਾ ਸੰਕਟ ਹੀ ਨਹੀਂ, ਸਗੋਂ ਮਾਰੂਥਲੀਕਰਨ ਅਤੇ ਵਾਤਾਵਰਣੀ ਤਬਾਹੀ ਦਾ ਵੱਡਾ ਖ਼ਤਰਾ ਖੜ੍ਹਾ ਹੋ ਜਾਵੇਗਾ। ਮਾਹਿਰਾਂ ਅਨੁਸਾਰ ਅਗਲੇ ਦੋ ਦਹਾਕਿਆਂ ਵਿੱਚ ਮੱਧ ਅਤੇ ਦੱਖਣੀ ਪੰਜਾਬ ਦੇ ਵੱਡੇ ਹਿੱਸੇ ਬੰਜਰ ਹੋਣ ਦੀ ਕਗਾਰ 'ਤੇ ਪਹੁੰਚ ਜਾਣਗੇ। ਜ਼ਮੀਨ ਵਿੱਚੋਂ ਹੋਰ ਹੇਠਾਂ ਜਾ ਕੇ ਪਾਣੀ ਕੱਢਣ ਕਾਰਨ ਪੀਣ ਵਾਲੇ ਪਾਣੀ ਵਿੱਚ ਯੂਰੇਨੀਅਮ, ਫਲੋਰਾਈਡ ਅਤੇ ਭਾਰੀ ਧਾਤਾਂ ਦਾ ਜ਼ਹਿਰ ਘੁਲ ਰਿਹਾ ਹੈ, ਜਿਸ ਦੀ ਮਾਰ ਪਹਿਲਾਂ ਹੀ ਕੈਂਸਰ ਅਤੇ ਹੱਡੀਆਂ ਦੇ ਰੋਗਾਂ ਵਜੋਂ ਲੋਕ ਝੱਲ ਰਹੇ ਹਨ। ਇਸ ਤੋਂ ਇਲਾਵਾ, ਬੋਰਵੈੱਲਾਂ ਨੂੰ ਵਾਰ-ਵਾਰ ਡੂੰਘਾ ਕਰਵਾਉਣ ਅਤੇ ਵੱਡੀਆਂ ਸਬਮਰਸੀਬਲ ਮੋਟਰਾਂ ਲਗਾਉਣ ਦਾ ਖ਼ਰਚਾ ਖੇਤੀ ਲਾਗਤਾਂ ਨੂੰ ਅੰਤਾਂ ਦਾ ਵਧਾ ਕੇ ਕਿਸਾਨੀ ਨੂੰ ਕਰਜ਼ੇ ਦੀ ਦਲਦਲ ਵਿੱਚ ਧੱਕ ਰਿਹਾ ਹੈ। ਇਸ ਨਾਲ ਦੇਸ਼ ਦਾ ਅੰਨ-ਭੰਡਾਰ ਭਰਨ ਵਾਲੇ ਸੂਬੇ ਦੀ ਆਪਣੀ ਹੋਂਦ ਖ਼ਤਰੇ ਵਿੱਚ ਪੈ ਚੁੱਕੀ ਹੈ।ਇਸ ਸੰਕਟ ਦਾ ਭੂਗੋਲਿਕ ਕੇਂਦਰ ਮਾਲਵਾ ਪੱਟੀ ਦੇ ਜ਼ਿਲ੍ਹੇ ਹਨ, ਜਿੱਥੇ ਸੰਗਰੂਰ, ਬਰਨਾਲਾ, ਪਟਿਆਲਾ, ਮੋਗਾ, ਲੁਧਿਆਣਾ, ਫ਼ਤਹਿਗੜ੍ਹ ਸਾਹਿਬ, ਬਠਿੰਡਾ ਅਤੇ ਮਾਨਸਾ ਦੇ 90 ਤੋਂ 100 ਫ਼ੀਸਦੀ ਬਲਾਕ ਅੱਤ-ਸ਼ੋਸ਼ਿਤ ਐਲਾਨੇ ਜਾ ਚੁੱਕੇ ਹਨ। ਦੋਆਬੇ ਵਿੱਚ ਜਲੰਧਰ, ਕਪੂਰਥਲਾ ਅਤੇ ਸ਼ਹੀਦ ਭਗਤ ਸਿੰਘ ਨਗਰ ਵਿੱਚ ਆਲੂ ਅਤੇ ਝੋਨੇ ਦੀ ਤੀਬਰ ਖੇਤੀ ਕਾਰਨ ਪਾਣੀ ਬਹੁਤ ਹੇਠਾਂ ਚਲਾ ਗਿਆ ਹੈ, ਜਦਕਿ ਮਾਝੇ ਦੇ ਤਰਨਤਾਰਨ ਅਤੇ ਅੰਮ੍ਰਿਤਸਰ ਵਰਗੇ ਜ਼ਿਲ੍ਹੇ ਵੀ ਤੇਜ਼ੀ ਨਾਲ ਰੈੱਡ ਜ਼ੋਨ ਦੀ ਲਪੇਟ ਵਿੱਚ ਆ ਰਹੇ ਹਨ। ਇਹ ਸਾਰੇ ਖੇਤਰ ਉਹ ਹਨ ਜਿੱਥੇ ਧਰਤੀ ਹੇਠਲੇ ਜਲ ਭੰਡਾਰਾਂ ਦੀ ਕੁਦਰਤੀ (ਬਾਕੀ ਸਫ਼ਾ 27 'ਤੇ)

# ਪੰਜਾਬ ਵਿੱਚ ਭਾਜਪਾ ਦਾ 'ਸਿੱਖ ਕਾਰਡ': ਕੀ ਪੰਜਾਬ ਵਿੱਚ ਸਫ਼ਲ ਹੋ ਸਕੇਗੀ ਭਾਜਪਾ

## ਕਾਂਗਰਸ ਤੋਂ ਆਏ ਚਿਹਰਿਆਂ ਦੇ ਸਿਰ 'ਤੇ ਭਾਜਪਾ ਦਾ ਪੰਥਕ ਦਾਅ, ਕੀ ਪੰਜਾਬ ਦੇ ਪਿੰਡਾਂ ਵਿੱਚ ਮਿਲੇਗੀ ਥਾਂ ?

ਪੰਜਾਬ ਦੀ ਰਾਜਨੀਤਿਕ ਤਾਸੀਰ ਦੇਸ਼ ਦੇ ਬਾਕੀ ਸੂਬਿਆਂ ਨਾਲੋਂ ਹਮੇਸ਼ਾ ਵੱਖਰੀ ਅਤੇ ਗੁੰਝਲਦਾਰ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਨਾਲ ਦਹਾਕਿਆਂ ਪੁਰਾਣਾ ਗਠਜੋੜ ਟੁੱਟਣ ਅਤੇ ਇਤਿਹਾਸਕ ਕਿਸਾਨ ਅੰਦੋਲਨ ਦੇ ਤਲਖ਼ ਤਜਰਬਿਆਂ ਤੋਂ ਬਾਅਦ, ਭਾਰਤੀ ਜਨਤਾ ਪਾਰਟੀ ਹੁਣ ਸੂਬੇ ਵਿੱਚ ਆਪਣੀ ਸਿਆਸੀ ਹੋਂਦ ਨੂੰ ਨਵੇਂ ਸਿਰਿਓਂ ਪਰਿਭਾਸ਼ਿਤ ਕਰਨ ਦੇ ਰੌਂਅ ਵਿੱਚ ਹੈ। ਪਹਿਲਾਂ ਸ਼ਹਿਰੀ ਹਿੰਦੂ ਵੋਟ ਬੈਂਕ ਤੱਕ ਸੀਮਤ ਰਹਿਣ ਵਾਲੀ ਭਾਜਪਾ ਹੁਣ ਖੁੱਲ੍ਹ ਕੇ 'ਸਿੱਖ ਕਾਰਡ' ਖੇਡਣ ਦੀ ਰਣਨੀਤੀ ਅਪਣਾ ਰਹੀ ਹੈ। ਪਾਰਟੀ ਦਾ ਮੰਨਣਾ ਹੈ ਕਿ ਪੰਜਾਬ ਦੀ ਸੱਤਾ ਤੱਕ ਪਹੁੰਚਣ ਦਾ ਰਾਹ ਪੇਂਡੂ ਅਤੇ ਸਿੱਖ ਵੋਟਰਾਂ ਵਿੱਚ ਅਧਾਰ ਬਣਾਏ ਬਿਨਾਂ ਸੰਭਵ ਨਹੀਂ। ਇਸ ਮਕਸਦ ਲਈ ਭਾਜਪਾ ਇੱਕ ਪਾਸੇ ਕਰਤਾਰਪੁਰ ਲਾਂਘਾ, ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ 'ਵੀਰ ਬਾਲ ਦਿਵਸ' ਅਤੇ ਕਾਲੀ ਸੂਚੀ ਖ਼ਤਮ ਕਰਨ ਵਰਗੇ ਪ੍ਰਤੀਕਾਤਮਕ ਕਦਮ ਉਠਾ ਚੁੱਕੀ ਹੈ, ਪਰ ਦੂਜੇ ਪਾਸੇ ਕਿਸਾਨੀ ਮੰਗਾਂ, ਬੰਦੀ ਸਿੰਘਾਂ ਦੀ ਰਿਹਾਈ ਅਤੇ ਸੂਬੇ ਦੇ ਪਾਣੀਆਂ ਦੇ ਮਸਲਿਆਂ ਪ੍ਰਤੀ ਅਪਣਾਇਆ ਸਖ਼ਤ ਰਵੱਈਆ ਉਸ ਦੇ ਸਿਆਸੀ ਮਾਰਗ ਵਿੱਚ ਵੱਡੀ ਰੁਕਾਵਟ ਬਣ ਰਿਹਾ ਹੈ। ਹਾਲੇ ਤੱਕ ਪਾਕਿ ਨਾਲ ਤਣਾਅ ਕਾਰਣ ਬੰਦ ਹੋਇਆ ਕਰਤਾਰਪੁਰ ਲਾਂਘਾਂ ਖੋਲਿਆ ਨਹੀਂ।

ਇਸ ਨਵੇਂ ਸਿਆਸੀ ਬਿਰਤਾਂਤ ਨੂੰ ਜ਼ਮੀਨ 'ਤੇ ਉਤਾਰਨ ਲਈ ਭਾਜਪਾ ਕੋਲ ਜੋ ਸਿੱਖ ਲੀਡਰਸ਼ਿਪ ਮੌਜੂਦ ਹੈ, ਉਸ ਦੀ ਆਪਣੀ ਇੱਕ ਵੱਖਰੀ ਤ੍ਰਾਸਦੀ ਹੈ। ਪਾਰਟੀ ਨੇ ਜ਼ਮੀਨੀ ਪੱਧਰ ਤੋਂ ਆਪਣਾ ਸਿੱਖ ਕਾਡਰ ਤਿਆਰ ਕਰਨ ਦੀ ਬਜਾਏ ਹੋਰਨਾਂ ਪਾਰਟੀਆਂ, ਖ਼ਾਸ ਕਰਕੇ ਕਾਂਗਰਸ ਵਿੱਚੋਂ ਆਏ ਆਗੂਆਂ ਉੱਤੇ ਦਾਅ ਲਗਾਇਆ ਹੈ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਰਵਨੀਤ ਸਿੰਘ ਬਿੱਟੂ, ਕੇਵਲ ਸਿੰਘ ਢਿੱਲੋਂ, ਮਨਪ੍ਰੀਤ ਸਿੰਘ ਬਾਦਲ ਅਤੇ ਰਾਣਾ ਗੁਰਮੀਤ ਸਿੰਘ ਸੋਢੀ



ਵਰਗੇ ਆਗੂ ਇਸ ਵੇਲੇ ਭਾਜਪਾ ਦੇ ਮੁੱਖ ਸਿੱਖ ਚਿਹਰੇ ਹਨ। ਇਹ ਸਾਰੇ ਆਗੂ ਆਪੋ-ਆਪਣੇ ਹਲਕਿਆਂ ਵਿੱਚ ਨਿੱਜੀ ਅਸਰ-ਰਸੂਖ਼ ਤਾਂ ਰੱਖਦੇ ਹਨ, ਪਰ ਸਿੱਖ ਪੰਥ ਵਿੱਚ ਉਨ੍ਹਾਂ ਦੀ ਸੰਗਤ ਪੱਧਰ ਉਪਰ ਪਕੜ ਨਹੀਂ ਹੈ।

ਸਿੱਖ ਬੁੱਧੀਜੀਵੀਆਂ ਦਾ ਮੰਨਣਾ ਹੈ ਕਿ ਬਾਹਰੋਂ ਲਿਆਂਦੇ ਗਏ ਇਹ ਆਗੂ ਜਦੋਂ ਭਾਜਪਾ ਦੇ ਮੰਚ ਤੋਂ ਸਿੱਖਾਂ ਦੇ ਹੱਕਾਂ ਦੀ ਗੱਲ ਕਰਦੇ ਹਨ, ਤਾਂ ਆਮ ਪੇਂਡੂ ਲੋਕਾਂ ਵਿੱਚ ਉਨ੍ਹਾਂ ਨੂੰ ਦਿੱਲੀ ਦੇ ਏਜੰਡੇ ਦੇ ਤਰਜਮਾਨ ਵਜੋਂ ਹੀ ਦੇਖਿਆ ਜਾਂਦਾ ਹੈ। ਜਿਸ ਕਾਰਨ ਭਾਜਪਾ ਦਾ ਸਿੱਖ ਨੈਰੇਟਿਵ ਜ਼ਮੀਨ 'ਤੇ ਪ੍ਰਭਾਵਹੀਣ ਸਾਬਤ ਹੋ ਰਿਹਾ ਹੈ।

ਕੈਪਟਨ ਅਮਰਿੰਦਰ ਸਿੰਘ ਦੀ ਭਾਜਪਾ ਵਿਰੋਧੀ ਬਿਆਨਬਾਜ਼ੀ ਕਾਰਣ ਭਾਜਪਾ ਨੂੰ ਨੁਕਸਾਨ ਪਹੁੰਚਿਆ ਹੈ ਕਿ ਭਾਜਪਾ ਪੰਜਾਬ ਤੇ ਸਿੱਖ ਮੁਦੇ ਸਮਝ ਨਹੀਂ ਰਹੀ। ਅਸਲ ਵਿੱਚ ਲੀਹੋਂ ਲੱਥੇ ਕੈਪਟਨ ਤਿਖੀ ਵਿਵਾਦ ਭਰਪੂਰ ਬਿਆਨਬਾਜ਼ੀ ਕਰਕੇ ਆਪਣੀ ਥਾਂ ਭਾਜਪਾ ਵਿੱਚ ਬਣਾਉਣਾ ਚਾਹੁੰਦੇ ਹਨ।

ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਦੀ ਸਿਆਸੀ ਪੁਜ਼ੀਸ਼ਨ ਇਸ ਸਾਰੀ ਮੁਹਿੰਮ ਦਾ ਸਭ ਤੋਂ ਦਿਲਚਸਪ ਪਹਿਲੂ ਹੈ। ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤੇ ਹੋਣ ਕਾਰਨ ਬਿੱਟੂ ਕੋਲ ਬੇਅੰਤ ਸਿੰਘ ਦੀ ਪਰਿਵਾਰਕ ਵਿਰਾਸਤ ਜ਼ਰੂਰ ਹੈ, ਪਰ ਇਹੋ ਵਿਰਾਸਤ ਪੰਥਕ ਅਤੇ ਪੇਂਡੂ ਸਿੱਖ ਹਲਕਿਆਂ ਵਿੱਚ ਉਨ੍ਹਾਂ ਦੀ ਸਭ ਤੋਂ ਵੱਡੀ ਕਮਜ਼ੋਰੀ ਬਣ ਜਾਂਦੀ ਹੈ। ਨੱਬੇ ਦੇ ਦਹਾਕੇ ਦੌਰਾਨ ਪੰਜਾਬ ਵਿੱਚ ਹੋਏ ਮਨੁੱਖੀ ਅਧਿਕਾਰਾਂ ਦੇ ਘਾਣ ਦੇ ਦੋਸ਼ਾਂ ਕਾਰਨ ਪੰਥਕ ਵੋਟਰ ਬਿੱਟੂ ਨੂੰ ਕਦੇ ਵੀ ਆਪਣਾ ਨੁਮਾਇੰਦਾ ਸਵੀਕਾਰ ਨਹੀਂ ਕਰ ਸਕੇ।

ਇਸ ਤੋਂ ਇਲਾਵਾ, ਕਿਸਾਨ ਅੰਦੋਲਨ ਦੌਰਾਨ ਕਿਸਾਨ ਜਥੇਬੰਦੀਆਂ ਵਿਰੁੱਧ ਉਨ੍ਹਾਂ ਦੇ ਤਲਖ਼ ਬਿਆਨਾਂ ਅਤੇ ਹਾਲ ਹੀ ਵਿੱਚ ਜਸਵੰਤ ਸਿੰਘ ਖਾਲੜਾ ਦੇ ਮਾਮਲੇ 'ਤੇ ਕੀਤੀਆਂ ਟਿੱਪਣੀਆਂ ਨੇ ਭਾਜਪਾ ਦੇ ਅਕਸ ਨੂੰ ਹੋਰ ਨੁਕਸਾਨ ਪਹੁੰਚਾਇਆ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਤਿੰਨ ਵਾਰ ਸੰਸਦ ਮੈਂਬਰ ਰਹਿਣ ਦੇ ਬਾਵਜੂਦ, 2024 ਦੀਆਂ ਆਮ ਚੋਣਾਂ ਵਿੱਚ ਲੁਧਿਆਣਾ ਵਰਗੀ ਸ਼ਹਿਰੀ ਸੀਟ ਤੋਂ ਉਨ੍ਹਾਂ ਦੀ ਹਾਰ ਨੇ ਸਪੱਸ਼ਟ ਕਰ ਦਿੱਤਾ ਕਿ ਉਨ੍ਹਾਂ ਦੀ ਪਕੜ ਲੋਕਾਂ ਵਿੱਚ ਘੱਟ ਅਤੇ ਦਿੱਲੀ ਦੇ ਸੱਤਾਧਾਰੀ ਗਲਿਆਰਿਆਂ ਵਿੱਚ ਵੱਧ ਹੈ।

# ਦਿੱਲੀ 'ਚ ਨਾਬਾਲਗ ਨਾਲ ਦਰਿੰਦਗੀ ਮਗਰੋਂ ਭੜਕਿਆ ਰੋਸ: ਸੜਕਾਂ 'ਤੇ ਉੱਤਰੀਆਂ ਕਾਲਜਾਂ ਦੀਆਂ ਵਿਦਿਆਰਥਣਾਂ

## ➢ ਨਿਰਭਯਾ ਕਾਂਡ ਤੋਂ ਬਾਅਦ ਵੀ ਨਹੀਂ ਬਦਲੇ ਹਾਲਾਤ ➢ ਸਖ਼ਤ ਕਾਨੂੰਨਾਂ ਦੇ ਬਾਵਜੂਦ ਜ਼ਮੀਨੀ ਪੱਧਰ 'ਤੇ ਖ਼ੌਫ਼ ਬਰਕਰਾਰ

ਦੇਸ਼ ਦੀ ਰਾਜਧਾਨੀ ਦਿੱਲੀ ਦੀਆਂ ਸੜਕਾਂ 'ਤੇ ਇੱਕ ਵਾਰ ਫਿਰ ਕਾਲਜਾਂ ਦੀਆਂ ਵਿਦਿਆਰਥਣਾਂ ਤਖ਼ਤੀਆਂ ਫੜੀ ਨਿਆਂ ਅਤੇ ਸੁਰੱਖਿਆ ਦੀ ਗੁਹਾਰ ਲਗਾ ਰਹੀਆਂ ਹਨ। 21 ਸਤੰਬਰ ਨੂੰ ਦਿੱਲੀ ਦੇ ਆਸਥਾ ਕੁੰਜ ਪਾਰਕ ਵਿੱਚ ਖ਼ੁਦ ਨੂੰ ਪੁਲਿਸ ਵਾਲੇ ਦੱਸ ਕੇ ਤਿੰਨ ਵਿਅਕਤੀਆਂ ਨੇ ਇੱਕ ਨਾਬਾਲਗ ਲੜਕੀ ਨਾਲ ਜਬਰ-ਜਨਾਹ ਕੀਤਾ। ਇਹ ਘਟਨਾ ਮਸ਼ਹੂਰ ਲੇਡੀ ਸ਼੍ਰੀ ਰਾਮ ਕਾਲਜ ਦੇ ਨੇੜੇ ਵਾਪਰੀ, ਜਿਸ ਤੋਂ ਬਾਅਦ ਵਿਦਿਆਰਥਣਾਂ ਵਿੱਚ ਡਰ ਦਾ ਮਾਹੌਲ ਬਣ ਗਿਆ ਅਤੇ ਕਾਲਜ ਨੂੰ ਕਲਾਸਾਂ ਰੱਦ ਕਰਨੀਆਂ ਪਈਆਂ। ਪ੍ਰਸ਼ਾਸਨ ਵੱਲੋਂ ਹੱਲ ਵਜੋਂ ਸੂਰਜ ਢਲਣ ਤੋਂ ਬਾਅਦ ਪਾਰਕ ਵਿੱਚ ਦਾਖ਼ਲੇ 'ਤੇ ਪਾਬੰਦੀ ਲਗਾ ਦਿੱਤੀ ਗਈ, ਜਿਸ ਨੇ ਕੁੜੀਆਂ ਦੇ ਗੁੱਸੇ ਨੂੰ ਹੋਰ ਭੜਕਾ ਦਿੱਤਾ।

ਇਸ ਘਟਨਾ ਤੋਂ ਬਾਅਦ ਲੇਡੀ ਸ਼੍ਰੀ ਰਾਮ, ਗਾਰਗੀ ਅਤੇ ਮਿਰਾਂਡਾ ਹਾਊਸ ਸਮੇਤ ਕਈ ਕਾਲਜਾਂ ਦੀਆਂ ਵਿਦਿਆਰਥਣਾਂ ਸੜਕਾਂ 'ਤੇ ਨਿਕਲ ਆਈਆਂ ਅਤੇ ਕਈ ਪਾਰਕਾਂ ਵਿੱਚ ਧਰਨੇ ਦਿੱਤੇ।

ਪ੍ਰਦਰਸ਼ਨ ਦੀ ਅਗਵਾਈ ਕਰ ਰਹੀ ਮਹਿਲਾ ਅਧਿਕਾਰ ਕਾਰਕੁੰਨ ਯੋਗਿਤਾ ਭਯਾਨਾ ਮੁਤਾਬਕ, ਨਿਰਭਯਾ ਕਾਂਡ ਤੋਂ ਬਾਅਦ ਕਾਗਜ਼ਾਂ




'ਤੇ ਕਾਨੂੰਨ ਜ਼ਰੂਰ ਬਦਲੇ ਹਨ ਪਰ ਜ਼ਮੀਨੀ ਪੱਧਰ 'ਤੇ ਹਾਲਾਤ ਨਹੀਂ ਬਦਲੇ। ਉਨ੍ਹਾਂ ਦੱਸਿਆ ਕਿ ਪ੍ਰਦਰਸ਼ਨਕਾਰੀਆਂ ਨੇ ਮੰਗ ਕੀਤੀ ਹੈ ਕਿ ਔਰਤਾਂ ਦੀ ਸੁਰੱਖਿਆ ਨੂੰ ਲੈ ਕੇ ਸੰਸਦ ਦਾ ਦੋ ਦਿਨਾਂ ਦਾ ਵਿਸ਼ੇਸ਼ ਇਜਲਾਸ ਬੁਲਾਇਆ ਜਾਵੇ। ਮੌਜੂਦਾ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇ।

ਵਿਦਿਆਰਥਣਾਂ ਦਾ ਸਵਾਲ ਹੈ ਕਿ ਜੇਕਰ ਜਨਤਕ ਥਾਵਾਂ 'ਤੇ ਹਿੰਸਾ ਹੁੰਦੀ ਹੈ, ਤਾਂ ਕੀ ਹੱਲ ਸਿਰਫ਼ ਕੁੜੀਆਂ ਦੇ ਬਾਹਰ ਨਿਕਲਣ 'ਤੇ ਰੋਕ ਲਗਾਉਣਾ ਹੀ ਹੈ ? ਇਹ ਤਾਂ ਉਹੀ ਗੱਲ ਹੋਈ ਕਿ ਜਿਸ ਨਾਲ ਹਿੰਸਾ ਹੋ ਰਹੀ ਹੈ, ਆਪਣੀ ਸੁਰੱਖਿਆ ਦੀ ਜ਼ਿੰਮੇਵਾਰੀ ਵੀ ਸਿਰਫ਼ ਉਸੇ ਸਿਰ ਮੜ੍ਹ ਦਿੱਤੀ ਜਾਵੇ।

ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਅੰਕੜਿਆਂ ਅਤੇ ਰੁਝਾਨਾਂ ਅਨੁਸਾਰ ਭਾਰਤ ਵਿੱਚ ਔਰਤਾਂ ਵਿਰੁੱਧ ਅਪਰਾਧਾਂ ਦਾ ਸਾਲਾਨਾ ਅੰਕੜਾ ਲਗਭਗ 4.4 ਲੱਖ ਤੋਂ 4.5 ਲੱਖ ਦੇ ਵਿਚਕਾਰ ਦਰਜ ਹੁੰਦਾ ਰਿਹਾ ਹੈ। ਪ੍ਰਤੀ ਲੱਖ ਮਹਿਲਾ ਆਬਾਦੀ ਪਿੱਛੇ ਅਪਰਾਧ ਦਰ ਲਗਭਗ 65 ਤੋਂ 66 ਦੇ ਕਰੀਬ ਰਹੀ ਹੈ। ਇਹ ਅੰਕੜੇ ਦਰਸਾਉਂਦੇ ਹਨ ਕਿ ਸਖ਼ਤ ਕਾਨੂੰਨਾਂ ਦੇ ਬਾਵਜੂਦ ਜ਼ਮੀਨੀ ਪੱਧਰ 'ਤੇ ਔਰਤਾਂ ਖ਼ਿਲਾਫ਼ ਹਿੰਸਾ ਇੱਕ ਵੱਡੀ ਚੁਣੌਤੀ ਬਣੀ ਹੋਈ ਹੈ।

ਅਪਰਾਧਾਂ ਦੀ ਸ਼੍ਰੇਣੀ ਅਨੁਸਾਰ ਸਭ ਤੋਂ ਵੱਡਾ ਹਿੱਸਾ ਘਰੇਲੂ ਹਿੰਸਾ ਦਾ ਹੈ। ਕੁੱਲ ਦਰਜ ਮਾਮਲਿਆਂ ਵਿੱਚੋਂ ਲਗਭਗ 31 ਤੋਂ 32 ਫ਼ੀਸਦੀ ਮਾਮਲੇ ਪਤੀ ਜਾਂ ਉਸ ਦੇ ਰਿਸ਼ਤੇਦਾਰਾਂ ਵੱਲੋਂ ਕੀਤੀ ਜਾਂਦੀ ਬੇਰਹਿਮੀ (ਭਾਰਤੀ ਦੰਡਾਵਲੀ ਦੀ ਧਾਰਾ 4981 / ਨਵੇਂ ਕਾਨੂੰਨ ਬੀ.ਐਨ.ਐਸ. ਤਹਿਤ) ਨਾਲ ਸੰਬੰਧਿਤ ਹਨ। ਇਸ ਤੋਂ ਬਾਅਦ ਦੂਜਾ ਸਭ ਤੋਂ ਵੱਡਾ ਕਾਰਨ ਔਰਤਾਂ ਦਾ ਅਗਵਾ (ਲਗਭਗ 19-20 ਫ਼ੀਸਦੀ) ਅਤੇ ਤੀਜਾ ਸਭ ਤੋਂ ਵੱਡਾ ਹਿੱਸਾ ਔਰਤਾਂ ਦੀ ਇੱਜ਼ਤ 'ਤੇ ਹਮਲਾ ਜਾਂ ਛੇੜਛਾੜ (ਲਗਭਗ 18-19 ਫ਼ੀਸਦੀ) ਦੇ ਮਾਮਲੇ ਹਨ।

### ਪੰਜਾਬ ਦੀ ਪੰਥਕ ਸਿਆਸਤ ’ਚ ਆਈ ਤੇਜ਼ੀ

# ਸਾਂਸਦ ਭਾਈ ਅੰਮ੍ਰਿਤਪਾਲ ਸਿੰਘ ਮਾਲਵੇ ਅਤੇ ਮਾਝੇ ਦੀਆਂ ਦੋ ਸੀਟਾਂ ਤੋਂ ਲੜਨਗੇ ਵਿਧਾਨ ਸਭਾ ਚੋਣ

## ਵਿਧਾਨ ਸਭਾ ਚੋਣਾਂ ਲਈ ‘ਵਾਰਿਸ ਪੰਜਾਬ ਦੇ’ ਪਾਰਟੀ ਨੇ ਬਣਾਈ ਨਵੀਂ ਰਣਨੀਤੀ

ਅਕਾਲੀ ਦਲ (ਵਾਰਿਸ ਪੰਜਾਬ ਦੇ) ਦੇ ਪ੍ਰਧਾਨ ਅਤੇ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅਮ੍ਰਿਤਪਾਲ ਸਿੰਘ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ’ਚ ਦੋ ਸੀਟਾਂ ਤੋਂ ਚੋਣ ਲੜ ਸਕਦੇ ਹਨ। ਪਾਰਟੀ ਦੇ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਨੇ ਦਾਅਵਾ ਕੀਤਾ ਹੈ ਕਿ ਪਾਰਟੀ ਦੀ ਸਮੂਹਿਕ ਲੀਡਰਸ਼ਿਪ ਵਿਵਸਥਾ ਨੇ ਅਮ੍ਰਿਤਪਾਲ ਸਿੰਘ ਨੂੰ ਮਾਝਾ ਅਤੇ ਮਾਲਵਾ ਖੇਤਰ ਦੀਆਂ ਦੋ ਵਿਧਾਨ ਸਭਾ ਸੀਟਾਂ ਤੋਂ ਮੈਦਾਨ ’ਚ ਉਤਾਰਨ ਦਾ ਫੈਸਲਾ ਕੀਤਾ ਹੈ।

ਹਾਲਾਂਕਿ, ਇਨ੍ਹਾਂ ਦੋਵਾਂ ਸੀਟਾਂ ਦੇ ਨਾਮ ਅਜੇ ਜਨਤਕ ਨਹੀਂ ਕੀਤੇ ਗਏ ਹਨ। ਮਨਪ੍ਰੀਤ ਸਿੰਘ ਇਯਾਲੀ ਮੁਤਾਬਕ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਪਾਰਟੀ ਨੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਤਰਸੇਮ ਸਿੰਘ ਖ਼ਾਲਸਾ, ਫਰੀਦਕੋਟ ਤੋਂ ਸੰਸਦ ਮੈਂਬਰ ਸਰਬਜੀਤ ਸਿੰਘ ਅਤੇ ਹੋਰ ਆਗੂਆਂ ਦੀ ਸਮੂਹਿਕ ਲੀਡਰਸ਼ਿਪ ਵਿਵਸਥਾ ’ਚ ਇਸ ਸਬੰਧੀ ਫੈਸਲਾ ਲਿਆ ਗਿਆ ਹੈ।



ਇਯਾਲੀ ਨੇ ਕਿਹਾ ਕਿ ਅੰਮ੍ਰਿਤਪਾਲ ਸਿੰਘ ਨੂੰ ਮਾਝਾ ਅਤੇ ਮਾਲਵਾ ਦੀ ਇੱਕ-ਇੱਕ ਸੀਟ ਤੋਂ ਚੋਣ ਮੈਦਾਨ ’ਚ ਉਤਾਰਨ ਦੀ ਤਿਆਰੀ ਹੈ। ਉਨ੍ਹਾਂ ਨੇ ਸੀਟਾਂ ਦੇ ਨਾਮ ਜਨਤਕ ਨਾ ਕਰਨ ਦੇ ਪਿੱਛੇ ਪਾਰਟੀ ਦੀ ਚੋਣ ਰਣਨੀਤੀ ਦਾ ਹਵਾਲਾ ਦਿੱਤਾ। ਇਸ ਤੋਂ ਪਹਿਲਾਂ ਵੀ ਅਮ੍ਰਿਤਪਾਲ ਸਿੰਘ ਦੇ ਵਿਧਾਨ ਸਭਾ ਚੋਣ ਲੜਨ ਨੂੰ ਲੈ ਕੇ ਚਰਚਾ ਹੁੰਦੀ ਰਹੀ ਹੈ। ਹਾਲੀਆ ਰਿਪੋਰਟਾਂ ’ਚ ਵੀ ਉਨ੍ਹਾਂ ਦੇ 2027 ਦੀਆਂ ਚੋਣਾਂ ਲੜਨ ਅਤੇ ਮਾਝਾ-ਮਾਲਵਾ ’ਚ ਸੀਟਾਂ ਨੂੰ ਲੈ ਕੇ ਵਿਚਾਰ-ਵਟਾਂਦਰੇ ਦਾ ਜ਼ਿਕਰ ਕੀਤਾ ਗਿਆ ਹੈ।

## ਸਾਰੇ ਦਲਾਂ ਨੂੰ ਮੌਕਾ ਦੇ ਚੁੱਕੇ ਹਨ ਲੋਕ: ਇਯਾਲੀ

ਮਨਪ੍ਰੀਤ ਸਿੰਘ ਇਯਾਲੀ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਵੱਖ-ਵੱਖ ਸਮਿਆਂ ’ਚ ਕਾਂਗਰਸ, ਭਾਜਪਾ, ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੀਆਂ ਸਰਕਾਰਾਂ ਨੂੰ ਮੌਕਾ ਦਿੱਤਾ ਹੈ। ਉਨ੍ਹਾਂ ਮੁਤਾਬਕ ਹੁਣ ਅਮ੍ਰਿਤਪਾਲ ਸਿੰਘ ਦੀ ਅਗਵਾਈ ਵਾਲੀ ਪਾਰਟੀ ਨੂੰ ਲੈ ਕੇ ਲੋਕਾਂ ’ਚ ਉਮੀਦ ਬਣੀ ਹੋਈ ਹੈ। ਇਹ ਇਯਾਲੀ ਦਾ ਰਾਜਨੀਤਿਕ ਮੁਲਾਂਕਣ ਅਤੇ ਪਾਰਟੀ ਦੇ ਸਮਰਥਨ ਸਬੰਧੀ ਉਨ੍ਹਾਂ ਦਾ ਦਾਅਵਾ ਹੈ। ਉਨ੍ਹਾਂ ਕਿਹਾ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਸੰਗਠਨ ਪੱਧਰ ’ਤੇ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਆਉਣ ਵਾਲੇ ਸਮੇਂ ’ਚ ਪਾਰਟੀ ਦੀਆਂ ਗਤੀਵਿਧੀਆਂ ਹੋਰ ਤੇਜ਼ ਕੀਤੀਆਂ ਜਾਣਗੀਆਂ।



ਇਯਾਲੀ ਨੇ ਪੰਜਾਬ ਦੇ ਨੌਜਵਾਨਾਂ ਨਾਲ ਜੁੜੀਆਂ ਸਮੱਸਿਆਵਾਂ ਅਤੇ ਨਸ਼ੇ ਦੇ ਮੁੱਦੇ ਨੂੰ ਵੀ ਚੋਣੀ ਚਰਚਾ ਦਾ ਪ੍ਰਮੁੱਖ ਵਿਸ਼ਾ ਦੱਸਿਆ। ਉਨ੍ਹਾਂ ਦਾਅਵਾ ਕੀਤਾ ਕਿ ਸੂਬੇ ’ਚ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਦੇ ਮਾਮਲੇ ’ਚ ਹੁਣ ਤੱਕ ਸਾਰੇ ਸਿਆਸੀ ਦਲ ਲੋਕਾਂ ਦੀਆਂ ਉਮੀਦਾਂ ’ਤੇ ਖਰੇ ਨਹੀਂ ਉਤਰੇ ਹਨ। ਉਨ੍ਹਾਂ ਮੁਤਾਬਕ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਵਾਲੀ ਪਾਰਟੀ ਇਸ ਮੁੱਦੇ ਨੂੰ ਲੈ ਕੇ ਲੋਕਾਂ ਵਿਚਕਾਰ ਜਾਵੇਗੀ।ਅਕਾਲੀ ਦਲ (ਵਾਰਿਸ ਪੰਜਾਬ ਦੇ) ਨੇ 2027 ਦੀਆਂ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਤਹਿਤ ਸੰਗਠਨ ਦੇ ਵਿਸਥਾਰ ਦੀ ਸ਼ੁਰੂਆਤ ਕਰ ਦਿੱਤੀ ਹੈ। ਮਨਪ੍ਰੀਤ ਸਿੰਘ ਇਯਾਲੀ ਪਹਿਲਾਂ ਹੀ ਪਾਰਟੀ ਨਾਲ ਜੁੜ ਚੁੱਕੇ ਹਨ ਅਤੇ ਹਾਲ ਹੀ ਦੇ ਦਿਨਾਂ ’ਚ ਸਾਬਕਾ ਅਧਿਕਾਰੀਆਂ ਸਮੇਤ ਕੁਝ ਹੋਰ ਲੋਕ ਵੀ ਸੰਗਠਨ ’ਚ ਸ਼ਾਮਲ ਹੋਏ ਹਨ।

### ਬੇਅਦਬੀ ਵਿਰੋਧੀ ਕਾਨੂੰਨ ’ਤੇ ਖੜ੍ਹੇ ਹੋਏ ਸਵਾਲ

# ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਖੀ ’ਚ ਕੋਈ ਕਸਰ ਨਹੀਂ ਛੱਡਾਂਗੇ: ਮਾਨ

## ਕਮੇਟੀ ’ਚ ਸ਼ਾਮਲ ਪੰਥਕ ਆਗੂਆਂ ਅਤੇ ਸਾਬਕਾ ਜੱਜਾਂ ਦੀ ਭੂਮਿਕਾ ’ਤੇ ਨਜ਼ਰਾਂ

ਬੀਤੇ ਦਿਨੀਂ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਗਏ ‘ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ-2026’ ਦੇ ਬਾਵਜੂਦ ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿਵਾਉਣ ਦੇ ਦਾਅਵਿਆਂ ’ਤੇ ਖੜ੍ਹੇ ਹੋਏ ਗੰਭੀਰ ਸਵਾਲਾਂ ਦਰਮਿਆਨ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੀ ਸਰਕਾਰੀ ਰਿਹਾਇਸ਼ ਵਿਖੇ ਉੱਚ ਪੱਧਰੀ 7 ਮੈਂਬਰੀ ਕਮੇਟੀ ਨਾਲ ਦੋ ਘੰਟੇ ਲੰਬੀ ਅਹਿਮ ਮੀਟਿੰਗ ਕੀਤੀ ਸੀ। ਇਸ ਬੈਠਕ ਦਾ ਮੁੱਖ ਮਕਸਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਕਾਨੂੰਨ ਦੇ ਖਰੜੇ ਸੰਬੰਧੀ ਜਤਾਏ ਗਏ ਇਤਰਾਜ਼ਾਂ ਦੀ ਬਾਰੀਕੀ ਨਾਲ ਸਮੀਖਿਆ ਕਰਨਾ ਅਤੇ ਕਾਨੂੰਨ ਵਿੱਚ ਲੋੜੀਂਦੀਆਂ ਸੋਧਾਂ ਦਾ ਰਾਹ ਤਿਆਰ ਕਰਨਾ ਸੀ।

**ਕੀ ਨਵਾਂ ਕਾਨੂੰਨ ਦੋਸ਼ੀਆਂ ਨੂੰ ਘੇਰਨ ਵਿੱਚ ਨਾਕਾਮ ਰਿਹਾ?**

ਪੰਜਾਬ ਸਰਕਾਰ ਨੇ ਇਸ ਕਾਨੂੰਨ ਰਾਹੀਂ ਬੇਅਦਬੀ ਕਰਨ ਵਾਲਿਆਂ ਲਈ ਉਮਰ ਕੈਦ ਅਤੇ ਭਾਰੀ ਜੁਰਮਾਨੇ ਦੀ ਵਿਵਸਥਾ ਕਰਨ ਦਾ ਐਲਾਨ ਕੀਤਾ ਸੀ। ਹਾਲਾਂਕਿ, ਕਾਨੂੰਨ ਵਿਧਾਨ ਸਭਾ ਵਿੱਚ ਪਾਸ ਹੋਣ ਦੇ ਬਾਵਜੂਦ ਪੰਥਕ ਅਤੇ ਕਾਨੂੰਨੀ ਮਾਹਿਰਾਂ ਨੇ ਇਸ ਦੇ ਅਮਲੀ ਪ੍ਰਭਾਵ ’ਤੇ ਉਂਗਲ ਚੁਕੀ ਸੀ। ਮਾਹਿਰਾਂ ਦਾ ਤਰਕ ਸੀ ਕਿ ਖਰੜੇ ਵਿੱਚ ਮੌਜੂਦ ਕਾਨੂੰਨੀ ਢਿੱਲਾਂ, ਸ਼ਬਦਾਵਲੀ ਦੀਆਂ ਖਾਮੀਆਂ ਅਤੇ ਕਮਜ਼ੋਰ ਧਾਰਾਵਾਂ ਕਾਰਨ ਦੋਸ਼ੀ ਅਦਾਲਤਾਂ ਵਿੱਚੋਂ ਚੋਰ-ਮੋਰੀਆਂ ਰਾਹੀਂ ਬਚ ਨਿਕਲਣ ਦਾ ਖਦਸ਼ਾ ਬਣਿਆ ਹੋਇਆ ਹੈ ਤੇ ਕਸਟੋਡੀਅਨ ਦੇ ਨਾਮ ਉਪਰ ਗ੍ਰੰਥੀਆਂ, ਪ੍ਰਬੰਧਕਾਂ ਨੂੰ ਦੋਸੀ ਠਹਿਰਾਉਂਦਾਹੈ। ਸਿੱਟੇ ਵਜੋਂ, ਜਿਸ ਕਾਨੂੰਨ ਨੂੰ ਸੰਗਤ ਦੇ ਵਲੂੰਧਰੇ ਹਿਰਦਿਆਂ ’ਤੇ ਮਲ੍ਹਮ ਲਾਉਣ ਵਾਲਾ ਕਦਮ ਦੱਸਿਆ ਜਾ ਰਿਹਾ ਸੀ, ਉਹ ਆਪਣੇ ਮੂਲ ਮਕਸਦ ਵਿੱਚ ਅਧੂਰਾ ਪ੍ਰਤੀਤ ਹੋ ਰਿਹਾ ਸੀ।



**ਜਥੇਦਾਰ ਵੱਲੋਂ ਇਤਰਾਜ਼ ਅਤੇ ਵਿਵਾਦ ਦੇ ਕਾਰਨ**

ਇਸ ਕਾਨੂੰਨ ਦੇ ਪਾਸ ਹੁੰਦਿਆਂ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਇਸ ਦੀਆਂ ਕਈ ਧਾਰਾਵਾਂ ’ਤੇ ਖੁੱਲ੍ਹ ਕੇ ਇਤਰਾਜ਼ ਦਰਜ ਕਰਵਾਏ ਗਏ। ਵਿਵਾਦ ਦਾ ਮੁੱਖ ਕੇਂਦਰ ਇਹ ਸੀ ਕਿ ਕਾਨੂੰਨ ਬਣਾਉਂਦੇਸਮੇਂ ਪੰਥਕ ਮਰਯਾਦਾ, ਸਿੱਖ ਰਵਾਇਤਾਂ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਪੂਰੀ ਤਰ੍ਹਾਂ ਸ਼ਾਮਲ ਨਹੀਂ ਕੀਤਾ ਗਿਆ ਸੀ। ਧਾਰਮਿਕ ਦਾਇਰੇ ਦੀ ਉਲੰਘਣਾ ਅਤੇ ਦੋਸ਼ੀਆਂ ਵਿਰੁੱਧ ਢਿੱਲੀ ਕਾਨੂੰਨੀ ਪਕੜ ਨੇ ਸਰਕਾਰ ਅਤੇ ਅਕਾਲ ਤਖ਼ਤ ਸਾਹਿਬ ਵਿਚਾਲੇ ਖਿੱਚੋਤਾਣ ਪੈਦਾ ਕਰ ਦਿੱਤੀ।

**ਮੁੱਖ ਮੰਤਰੀ ਨੇ ਕਿਉਂ ਬਣਾਈ 7 ਮੈਂਬਰੀ ਕਮੇਟੀ?**

ਅਕਾਲ ਤਖ਼ਤ ਸਾਹਿਬ ਵੱਲੋਂ ਆਏ ਤਿੱਖੇ ਪ੍ਰਤੀਕਰਮ ਅਤੇ ਪੰਥਕ ਵਿਰੋਧ ਨੂੰ ਭਾਂਪਦਿਆਂ ਮੁੱਖ ਮੰਤਰੀ ਨੇ ਵਿਚਕਾਰਲਾ ਰਸਤਾ ਕੱਢਣ ਲਈ ਇਸ 7 ਮੈਂਬਰੀ ਕਮੇਟੀ ਦਾ ਗਠਨ ਕੀਤਾ। ਮੀਟਿੰਗ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸਰਕਾਰ ਦਾ ਮਕਸਦ ਅਜਿਹਾ ਪੁਖ਼ਤਾ ਕਾਨੂੰਨ ਲਿਆਉਣਾ ਹੈ ਜਿਸ ਵਿੱਚ ਕੋਈ ਵੀ ਕਮੀ ਨਾ ਰਹੇ। ਉਨ੍ਹਾਂ ਕਮੇਟੀ ਨੂੰ ਹਦਾਇਤ ਕੀਤੀ ਕਿ ਉਹ ਅਕਾਲ ਤਖ਼ਤ ਵੱਲੋਂ ਸੁਝਾਈਆਂ ਗਈਆਂ ਸੋਧਾਂ ਦਾ ਸੰਵਿਧਾਨਕ ਅਤੇ ਕਾਨੂੰਨੀ ਪੱਖ ਤੋਂ ਨਿਰੀਖਣ ਕਰੇ ਅਤੇ ਅਕਾਲ ਤਖ਼ਤ ਦੇ ਨਿਯੁਕਤ ਪੈਨਲ ਨਾਲ ਲਗਾਤਾਰ ਤਾਲਮੇਲ ਰੱਖੇ। ਮੁੱਖ ਮੰਤਰੀ ਨੇ ਪੀ.ਸੀ.ਐੱਸ. ਅਧਿਕਾਰੀ (ਬਾਕੀ ਸਫ਼ਾ 27 ’ਤੇ)

### ਮਾਮਲਾ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੁਲਾਕਾਤ ਦਾ

# ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵੱਲੋਂ ਸ਼੍ਰੋਮਣੀ ਕਮੇਟੀ ਦੇ ਦੋ ਮੈਂਬਰਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ

ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦੋ ਸੀਨੀਅਰ ਮੈਂਬਰਾਂ ’ਤੇ ਕਾਰਵਾਈ ਕੀਤੀ ਗਈ ਹੈ।ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਨੇ ਸਖ਼ਤ ਰੁਖ ਅਪਣਾਉਂਦੇ ਹੋਏ ਸ਼੍ਰੋਮਣੀ ਕਮੇਟੀ ਦੇ ਮੈਂਬਰ ਮਿੱਠੂ ਸਿੰਘ ਕਾਨੇਕੇ ਤੇ ਸ. ਜਸਵੰਤ ਸਿੰਘ ਪੁੜੈਣ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਕੇ ਸਪਸ਼ਟੀਕਰਨ ਮੰਗਿਆ ਹੈ।ਦੋਵਾਂ ਮੈਂਬਰਾਂ ’ਤੇ ਦੋਸ਼ ਹੈ ਕਿ ਉਨ੍ਹਾਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਨਾਲ ਮੁਲਾਕਾਤ ਕੀਤੀ, ਜਿਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਪਹਿਲਾਂ ਹੀ ‘ਗੁਰੂ ਦੋਖੀ’ ਐਲਾਨਿਆ ਜਾ ਚੁੱਕਾ ਹੈ। ਇਸ ਨੂੰ ਪੰਥਕ ਮਰਿਆਦਾ ਦੀ ਸਿੱਧੀ ਉਲੰਘਣਾ ਦੱਸਿਆ ਗਿਆ ਹੈ। ਸਕੱਤਰੇਤ ਵੱਲੋਂ ਜਾਰੀ ਅਧਿਕਾਰਤ ਪੱਤਰ ਮੁਤਾਬਕ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੰਜ ਸਿੰਘ ਸਾਹਿਬਾਨ ਦੇ ਹੁਕਮ ਤਹਿਤ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਨੂੰ ‘ਗੁਰੂ ਦੋਖੀ ਤੇ ਖ਼ਾਲਸਾ ਪੰਥ ਵਿਰੋਧੀ’ ਐਲਾਨਿਆ ਜਾ ਚੁੱਕਾ ਹੈ। ਨਿਯਮਾਂ ਤਹਿਤ ਕਿਸੇ ਵੀ ਸਿੱਖ ਸੰਸਥਾ ਦੇ ਚੁਣੇ ਹੋਏ ਨੁਮਾਇੰਦੇ ਜਾਂ ਜ਼ਿੰਮੇਵਾਰ ਮੈਂਬਰ ਦਾ ਉਨ੍ਹਾਂ ਨਾਲ ਮੇਲ-ਜੋਲ ਰੱਖਣਾ ਪੂਰੀ ਤਰ੍ਹਾਂ ਮਨਾਹੀ ਹੈ।ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਹੁਕਮ ’ਤੇ ਜਾਰੀ ਇਸ ਨੋਟਿਸ ’ਚ ਦੋਵਾਂ ਮੈਂਬਰਾਂ ਨੂੰ ਸਖ਼ਤ ਹਦਾਇਤ ਕੀਤੀ ਗਈ ਹੈ ਕਿ ਉਹ 10 ਦਿਨਾਂ ਦੇ ਅੰਦਰ (ਬਾਕੀ ਸਫ਼ਾ 26 ’ਤੇ)



## ਜਥੇ. ਗੜਗਜ ਅਤੇ ਧਾਮੀ ਵੱਲੋਂ ਰਾਜੋਆਣਾ ਨਾਲ ਮੁਲਾਕਾਤ

ਪਟਿਆਲਾ/ਏ.ਟੀ.ਨਿਊਜ਼: ਪਟਿਆਲਾ ਦੀ ਕੇਂਦਰੀ ਜੇਲ੍ਹ ਵਿੱਚ ਬਲਵੰਤ ਸਿੰਘ ਰਾਜੋਆਣਾ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਜਥੇਦਾਰ ਕੁਲਦੀਪ ਸਿੰਘ ਗੜਗੱਜ ਤੇ ਹਰਜਿੰਦਰ ਸਿੰਘ ਨੇ ਮੁਲਾਕਾਤ ਕੀਤੀ। ਮੁਲਾਕਾਤ ਮਗਰੋਂ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਹੈ ਕਿ ਰਾਜੋਆਣਾ ਨੇ ਕਿਹਾ ਹੈ ਕਿ ਉਨ੍ਹਾਂ ਨੇ ਪੀ.ਐਮ. ਮੋਦੀ ਨੂੰ ਚਿੱਠੀ ਲਿਖ ਕੇ ਪਾਸਾ ਕਰਨ ਦੀ ਗੱਲ ਕਹੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਜਾਂ ਸੁਪਰੀਮ ਕੋਰਟ ਨੇ ਜੋ ਵੀ ਫੈਸਲਾ ਲੈਣਾ ਹੈ ਉਹ ਜਲਦ ਲੈਣ। ਧਾਮੀ ਨੇ ਕਿਹਾ ਹੈ ਕਿ ਰਾਜੋਆਣਾ ਨੇ ਕਿਹਾ ਹੈ ਕਿ ਜਗਤਾਰ ਸਿੰਘ ਹਵਾਰਾ ਨੂੰ ਪੈਰੋਲ ਮਿਲਣੀ ਚਾਹੀਦੀ ਹੈ। ਉਥੇ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਹੈ ਕਿ ਸੌਦਾ ਸਾਧ ਪੈਰੋਲ ਮੰਗੇ ਤਾਂ ਇੱਕ ਮਿੰਟ ਵਿੱਚ ਦਿੱਤੀ ਜਾਂਦੀ ਹੈ ਪਰ ਜਗਤਾਰ ਸਿੰਘ ਹਵਾਰਾ ਨੂੰ ਆਪਣੀ ਬਿਮਾਰ ਮਾਂ ਨੂੰ ਮਿਲਣ ਲਈ ਨਹੀਂ ਦਿੱਤੀ ਜਾਂਦੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਸਿੱਖਾਂ ਲਈ ਕਾਨੂੰਨ ਵੱਖਰਾਂ ਕਿਉਂ ਹੈ। ਉਨ੍ਹਾਂ ਨੇ ਕਿਹਾ ਹੈ ਕਿ ਸਿੱਖਾਂ ਦੀਆਂ ਸ਼ਹਾਦਤ ਨੂੰ ਭੁਲਾਇਆ ਜਾ ਰਿਹਾ ਹੈ।



ਐੱਲ.ਪੀ.ਯੂ. ਹਿੰਸਾ ਦਾ ਮਾਮਲਾ

# ਅ.ਫਵਾਹ ਦੀ ਆੜ ਹੇਠ ਭੜਕਿਆ ਰੋਹ ਜਾਂ ਕੋਈ ਡੂੰਘੀ ਸਾਜਿਸ਼ ?

**➢ ਸੱਚ ਸਾਹਮਣੇ ਲਿਆਉਣ ਲਈ 'ਸਿਟ ਸਰਗਰਮ' ➢ ਸ਼ਾਂਤਮਈ ਵਿਦਿਆਰਥੀ ਰੋਸ ਪ੍ਰਦਰਸ਼ਨ ਵਿੱਚ ਸ਼ਰਾਰਤੀ ਅਨਸਰਾਂ ਦੀ ਘੁਸਪੈਠ ਨੇ ਵਿਗਾੜੇ ਹਾਲਾਤ**





ਫਗਵਾੜਾ ਸਥਿਤ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ.ਪੀ.ਯੂ.) ਕੈਂਪਸ ਅਤੇ ਦਿੱਲੀ-ਅੰਮ੍ਰਿਤਸਰ ਕੌਮੀ ਮਾਰਗ 'ਤੇ ਬੀਤੇ ਦਿਨੀਂ ਜੋ ਭੰਨਤੋੜ, ਸਾੜ-ਫੂਕ ਅਤੇ ਪੁਲਿਸ ਝੜਪਾਂ ਦਾ ਦ੍ਰਿਸ਼ ਦੇਖਣ ਨੂੰ ਮਿਲਿਆ, ਉਸ ਨੇ ਉਚੇਰੀ ਸਿੱਖਿਆ ਦੇ ਅਦਾਰਿਆਂ ਦੀ ਅੰਦਰੂਨੀ ਸੁਰੱਖਿਆ ਅਤੇ ਪ੍ਰਸ਼ਾਸਕੀ ਵਿਵਸਥਾ ਉੱਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਇੱਕ ਵਿਦਿਆਰਥਣ ਨਾਲ ਕਥਿਤ ਜਬਰ-ਜ਼ਨਾਹ ਅਤੇ ਖ਼ੁਦਕੁਸ਼ੀ ਦੀਆਂ ਸੋਸ਼ਲ ਮੀਡੀਆ 'ਤੇ ਫੈਲੀਆਂ ਅਣਪੁਸ਼ਟ ਖ਼ਬਰਾਂ ਨੇ ਕੁੱਝ ਹੀ ਘੰਟਿਆਂ ਵਿੱਚ ਅਜਿਹਾ ਭਿਆਨਕ ਰੂਪ ਧਾਰ ਲਿਆ ਕਿ ਹਜ਼ਾਰਾਂ ਵਿਦਿਆਰਥੀ ਸੜਕਾਂ 'ਤੇ ਉਤਰ ਆਏ। ਨੈਸ਼ਨਲ ਹਾਈਵੇਅ 20 ਤੋਂ ਵੱਧ ਘੰਟੇ ਜਾਮ ਰਿਹਾ, ਪੁਲਿਸ ਦੀਆਂ ਗੱਡੀਆਂ ਫੂਕ ਦਿੱਤੀਆਂ ਗਈਆਂ ਅਤੇ ਆਖ਼ਰਕਾਰ ਪੁਲਿਸ ਨੂੰ ਲਾਠੀਚਾਰਜ ਦਾ ਸਹਾਰਾ ਲੈਣਾ ਪਿਆ। ਹਾਲਾਤ ਨੂੰ ਸ਼ਾਂਤ ਕਰਨ ਲਈ ਯੂਨੀਵਰਸਿਟੀ ਨੂੰ 10 ਦਿਨਾਂ ਲਈ ਕਲਾਸਾਂ ਮੁਅੱਤਲ ਕਰਕੇ ਪ੍ਰੀਖਿਆਵਾਂ ਟਾਲ ਦਿਤੀਆਂ ਗਈਆਂ।

**ਪ੍ਰਸ਼ਾਸਕੀ ਬੇਰੁਖ਼ੀ ਕਾਰਣ ਵਿਵਾਦ ਭੱਖਿਆ**

ਵਿਦਿਆਰਥੀਆਂ ਦੇ ਰੋਹ ਦਾ ਕਾਰਨ ਗਰਲਜ਼ ਹੋਸਟਲ-3 ਵਿੱਚ ਵਾਪਰੀ ਕਥਿਤ ਘਟਨਾ ਬਾਰੇ ਪ੍ਰਸ਼ਾਸਨ ਦਾ ਸ਼ੁਰੂਆਤੀ ਰਵੱਈਆ ਦੱਸਿਆ ਜਾ ਰਿਹਾ ਹੈ। ਵਿਦਿਆਰਥੀਆਂ ਦਾ ਇਲਜ਼ਾਮ ਸੀ ਕਿ ਸ਼ਿਕਾਇਤ ਮਿਲਣ ਦੇ ਬਾਵਜੂਦ ਪ੍ਰਬੰਧਕਾਂ ਨੇ ਪੁਲਿਸ ਨੂੰ ਸੂਚਿਤ ਕਰਨ ਦੀ ਥਾਂ ਮਾਮਲੇ ਨੂੰ ਦਬਾਉਣ ਦਾ ਯਤਨ ਕੀਤਾ। ਜਦੋਂ ਸਥਿਤੀ ਸਪੱਸ਼ਟ ਕਰਨ ਲਈ ਵਿਦਿਆਰਥੀਆਂ ਵੱਲੋਂ ਪਾਰਦਰਸ਼ੀ ਸੰਵਾਦ ਦੀ ਮੰਗ ਕੀਤੀ ਗਈ, ਤਾਂ ਪ੍ਰਬੰਧਨ ਨੇ ਕੁਝ ਲੜਕੀਆਂ ਦੀ ਇੱਕ ਵੀਡੀਓ ਜਾਰੀ ਕੀਤੀ ਜਿਸ ਨੂੰ ਵਿਦਿਆਰਥਣਾਂ ਨੇ ਬਾਅਦ ਵਿੱਚ 'ਦਬਾਅ ਹੇਠ ਬਣਾਈ ਗਈ' ਦੱਸ ਕੇ ਰੱਦ ਕਰ ਦਿੱਤਾ। ਯੂਨੀਵਰਸਿਟੀ ਅਤੇ ਵਿਦਿਆਰਥੀਆਂ ਵਿਚਕਾਰ ਭਰੋਸੇ ਦੀ ਇਸ ਘਾਟ ਨੇ ਸ਼ਾਂਤਮਈ ਸ਼ੰਕਿਆਂ ਨੂੰ ਗੁੱਸੇ ਦੀ ਅੱਗ ਵਿੱਚ ਬਦਲਣ ਦਾ ਕੰਮ ਕੀਤਾ।

**ਸਾੜ-ਫੂਕ ਪਿੱਛੇ ਕੌਣ ਅਤੇ ਪੁਲਿਸ ਦਾ ਕੀ ਕਹਿਣਾ ਹੈ ?**

ਪੰਜਾਬ ਪੁਲਿਸ ਦੇ ਡੀ.ਜੀ.ਪੀ. ਗੌਰਵ ਯਾਦਵ ਅਤੇ ਜਲੰਧਰ ਰੇਂਜ ਦੇ ਡੀ.ਆਈ.ਜੀ. ਨਵੀਨ ਸਿੰਗਲਾ ਮੁਤਾਬਕ ਜਾਂਚ ਵਿੱਚ ਜਬਰ-ਜ਼ਨਾਹ ਦੀ ਘਟਨਾ ਦਾ ਕੋਈ ਠੋਸ ਆਧਾਰ ਜਾਂ ਸਬੂਤ ਨਹੀਂ ਮਿਲਿਆ ਹੈ ਅਤੇ ਇਹ ਮਹਿਜ਼ ਇੱਕ ਅ.ਫਵਾਹ ਸੀ। ਪਰ ਵੱਡਾ ਸਵਾਲ ਇਹ ਹੈ ਕਿ ਹਿੰਸਾ ਅਤੇ ਸਾੜ-ਫੂਕ ਦੇ ਪਿੱਛੇ ਕੌਣ ਸੀ ?

ਬੀਤੇ ਦਿਨੀਂ ਪੁਲਿਸ ਨੇ ਕੈਂਪਸ ਦੇ ਨੇੜਿਓਂ ਦਾਤਰ (ਤੇਜ਼ਧਾਰ ਹਥਿਆਰ) ਅਤੇ ਵਾਕੀ-ਟਾਕੀ ਸਮੇਤ ਕੁਝ ਸ਼ੱਕੀ ਨੌਜਵਾਨਾਂ ਨੂੰ ਹਿਰਾਸਤ ਵਿੱਚ ਲਿਆ ਸੀ।

ਖ਼ੁਦ ਵਿਦਿਆਰਥੀਆਂ ਨੇ ਮੰਨਿਆ ਹੈ ਕਿ ਮੂੰਹ ਢਕੇ ਹੋਏ ਬਾਹਰੀ ਅਨਸਰਾਂ ਨੇ ਭੀੜ ਦੀ ਆੜ ਲੈ ਕੇ ਯੂਨੀ-ਮਾਲ ਵਿੱਚੋਂ ਲੈਪਟਾਪ, ਮੋਬਾਈਲ ਤੇ ਸਾਮਾਨ ਲੁੱਟਿਆ ਅਤੇ ਸੀ.ਸੀ.ਟੀ.ਵੀ. ਡੀ.ਵੀ.ਆਰ. ਸਾੜ ਦਿੱਤੇ ਸਨ।

ਮਾਮਲੇ ਦੀ ਤਹਿ ਤੱਕ ਜਾਣ ਅਤੇ ਸਾਜ਼ਿਸ਼ ਦਾ ਪਰਦਾਫ਼ਾਸ਼ ਕਰਨ ਲਈ ਐੱਸ.ਪੀ. ਫਗਵਾੜਾ ਮੇਜਰ ਸਿੰਘ ਦੀ ਅਗਵਾਈ ਹੇਠ 7 ਮੈਂਬਰੀ ਵਿਸ਼ੇਸ਼ ਜਾਂਚ ਟੀਮ (ਸਿਟ) ਗਠਿਤ ਕੀਤੀ ਗਈ ਹੈ, ਜਿਸ ਵਿੱਚ ਜਾਂਚ ਨੂੰ ਨਿਰਪੱਖ ਰੱਖਣ ਲਈ ਵਿਦਿਆਰਥੀ ਨੁਮਾਇੰਦਿਆਂ ਨੂੰ ਵੀ ਸ਼ਾਮਲ ਕਰਕੇ ਫੋਰੈਂਸਿਕ ਅਤੇ ਤਕਨੀਕੀ ਤੱਥਾਂ ਦੀ ਪੜਤਾਲ ਸ਼ੁਰੂ ਕਰ ਦਿੱਤੀ ਗਈ ਹੈ।

**ਕੀ ਇਸ ਪਿੱਛੇ ਸਾਜਿਸ਼ ਹੈ ? , ਕੀ ਕਹਿੰਦੇ ਹਨ ਸਿਆਸੀ ਆਗੂ**

ਚਾਂਸਲਰ ਅਸ਼ੋਕ ਮਿੱਤਲ ਪਹਿਲਾਂ ਆਮ ਆਦਮੀ ਪਾਰਟੀ ਵੱਲੋਂ ਰਾਜ ਸਭਾ ਮੈਂਬਰ ਬਣੇ ਸਨ, ਪਰ ਕੁਝ ਮਹੀਨੇ ਪਹਿਲਾਂ ਉਹ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ ਸਨ। ਇਸ ਤਬਦੀਲੀ ਨੇ ਘਟਨਾ ਨੂੰ ਪੂਰੀ ਤਰ੍ਹਾਂ ਸਿਆਸੀ ਰੰਗਤ ਦੇ ਦਿੱਤੀ ਹੈ।

**ਅਕਾਲੀ ਦਲ:** ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਦੋਸ਼ ਲਾਇਆ ਕਿ 'ਆਪ' ਸਰਕਾਰ ਨੇ ਅਸ਼ੋਕ ਮਿੱਤਲ ਦੇ ਭਾਜਪਾ ਵਿੱਚ ਜਾਣ ਦਾ ਬਦਲਾ ਲੈਣ ਲਈ ਬਾਹਰੋਂ ਗ਼ੈਰ-ਸਮਾਜਿਕ ਅਨਸਰ ਬੁਲਾ ਕੇ ਅੰਦੋਲਨ ਭੜਕਾਇਆ ਅਤੇ ਵਿਦਿਆਰਥੀਆਂ ਨੂੰ ਮੋਹਰਾ ਬਣਾਇਆ।

**ਭਾਜਪਾ:** ਸੁਨੀਲ ਜਾਖੜ ਨੇ ਇਸ ਹਿੰਸਾ ਦੀ ਜਾਂਚ ਐੱਨ.ਆਈ.ਏ. ਤੋਂ ਕਰਵਾਉਣ ਦੀ ਮੰਗ ਕਰਦਿਆਂ ਸ਼ੱਕ ਪ੍ਰਗਟਾਇਆ ਕਿ ਕੇਂਦਰੀ ਗ੍ਰਹਿ ਮੰਤਰੀ ਦੀ ਨੇੜਲੀ ਰੈਲੀ ਤੋਂ ਐਨ ਪਹਿਲਾਂ ਸ਼ਾਂਤਮਈ ਪ੍ਰਦਰਸ਼ਨ ਨੂੰ ਹਿੰਸਕ ਰੂਪ ਦੇਣਾ ਕਿਸੇ ਵੱਡੀ ਸਾਜ਼ਿਸ਼ ਦਾ ਹਿੱਸਾ ਹੈ।

ਕਾਂਗਰਸ ਪੰਜਾਬ ਦੇ ਪ੍ਰਧਾਨ ਰਾਜਾ ਵੜਿੰਗ ਅਤੇ ਬਸਪਾ ਨੇਤਾਵਾਂ ਨੇ ਚਿਤਕਾਰਾ ਤੇ ਐੱਲ.ਪੀ.ਯੂ. ਦੋਵਾਂ ਘਟਨਾਵਾਂ 'ਤੇ ਚਿੰਤਾ ਪ੍ਰਗਟਾਉਂਦਿਆਂ ਕਿਸੇ ਵੀ ਬੇਗੁਨਾਹ ਵਿਦਿਆਰਥੀ ਨੂੰ ਨਾ ਫਸਾਉਣ ਅਤੇ ਨਿਰਪੱਖ ਜਾਂਚ ਦੀ ਮੰਗ ਕੀਤੀ।

'ਆਪ' ਆਗੂ ਬਲਤੇਜ ਪੰਨੂ ਨੇ ਵਿਰੋਧੀਆਂ 'ਤੇ ਸੰਵੇਦਨਸ਼ੀਲ ਮਾਮਲੇ 'ਤੇ ਸਿਆਸਤ ਚਮਕਾਉਣ ਦਾ ਦੋਸ਼ ਲਾਉਂਦਿਆਂ ਕਿਹਾ ਕਿ ਪੰਜਾਬ ਪੁਲਿਸ ਨੇ ਪੇਸ਼ੇਵਰ ਤਰੀਕੇ ਨਾਲ ਕਾਨੂੰਨ-ਵਿਵਸਥਾ ਬਹਾਲ ਕੀਤੀ ਹੈ।

(ਬਾਕੀ ਸਫ਼ਾ 26 'ਤੇ)

# ਖ਼ੈਬਰ ਪਖ਼ਤੂਨਖ਼ਵਾ ਵਿੱਚ ਸਿੱਖ ਵਿਆਹਾਂ ਨੂੰ ਮਿਲੇਗੀ ਕਾਨੂੰਨੀ ਮਾਨਤਾ

**ਕੇਪੀ ਅਸੈਂਬਲੀ ਵਿਚ ਜਲਦ ਪੇਸ਼ ਹੋਵੇਗਾ ਸਿੱਖ ਅਨੰਦ ਕਾਰਜ ਬਿੱਲ; ਵਿਆਹ ਦੀ ਰਜਿਸਟ੍ਰੇਸ਼ਨ ਹੋਵੇਗੀ ਲਾਜ਼ਮੀ**

ਪੇਸ਼ਾਵਰ/ਏ.ਟੀ.ਨਿਊਜ਼: ਪਾਕਿਸਤਾਨ ਦੇ ਸੂਬੇ ਖ਼ੈਬਰ ਪਖ਼ਤੂਨਖ਼ਵਾ ਵਿੱਚ ਵੱਸਦੇ ਸਿੱਖਾਂ ਲਈ ਚੰਗੀ ਖ਼ਬਰ ਆਈ ਹੈ। ਉੱਥੋਂ ਦੀ ਸਰਕਾਰ ਸਿੱਖ ਵਿਆਹਾਂ ਨੂੰ ਕਾਨੂੰਨੀ ਮਾਨਤਾ ਦੇਣ ਲਈ ਨਵਾਂ ਕਾਨੂੰਨ ਲਿਆ ਰਹੀ ਹੈ। ਇਸ ਕਾਨੂੰਨ ਦਾ ਨਾਂਅ 'ਖ਼ੈਬਰ ਪਖ਼ਤੂਨਖ਼ਵਾ ਸਿੱਖ ਅਨੰਦ ਕਾਰਜ ਬਿੱਲ, 2026' ਰੱਖਿਆ ਗਿਆ ਹੈ। ਇਸ ਬਿੱਲ ਦਾ ਖਰੜਾ ਹੁਣ ਪੂਰੀ ਤਰ੍ਹਾਂ ਤਿਆਰ ਹੋ ਚੁੱਕਾ ਹੈ। ਇਸ ਨੂੰ ਲੈ ਕੇ ਪੇਸ਼ਾਵਰ ਵਿਖੇ ਇੱਕ ਅਹਿਮ ਬੈਠਕ ਸੱਦੀ ਗਈ ਸੀ। ਇਸ ਬੈਠਕ ਵਿੱਚ ਸੂਬੇ ਦੇ ਵਿਧਾਇਕਾਂ, ਸਰਕਾਰੀ ਅ.ਫਸਰਾਂ ਅਤੇ ਸਿੱਖ ਆਗੂਆਂ ਨੇ ਸਿਰ ਜੋੜ ਕੇ ਵਿਚਾਰ-ਵਟਾਂਦਰਾ ਕੀਤਾ।

ਮੀਟਿੰਗ ਦੌਰਾਨ ਬਿੱਲ ਦੀ ਹਰ ਇੱਕ ਧਾਰਾ ਨੂੰ ਬੜੇ ਧਿਆਨ ਨਾਲ ਘੋਖਿਆ ਗਿਆ। ਆਗੂਆਂ ਨੇ ਦੇਖਿਆ ਕਿ ਇਸ ਵਿੱਚ ਕਿਹੜੀਆਂ ਗੱਲਾਂ ਸ਼ਾਮਲ ਹਨ ਅਤੇ ਕਿਹੜੀਆਂ ਕਮੀਆਂ ਦੂਰ ਕਰਨੀਆਂ ਬਾਕੀ ਹਨ। ਸਿੱਖ ਭਾਈਚਾਰੇ ਨੇ ਲੰਮੇ ਸਮੇਂ ਤੋਂ ਇਸ ਕਾਨੂੰਨ ਦੀ ਮੰਗ ਚੁੱਕੀ ਹੋਈ ਸੀ। ਹੁਣ ਤੱਕ ਉੱਥੇ ਵਿਆਹ ਦਰਜ ਕਰਵਾਉਣ ਦਾ ਕੋਈ ਪੱਕਾ ਇੰਤਜ਼ਾਮ ਨਹੀਂ ਸੀ। ਇਸ ਕਾਰਨ ਆਮ ਲੋਕਾਂ ਨੂੰ ਸਰਕਾਰੀ ਕੰਮਾਂ ਵਿੱਚ ਬੜੀ ਖੱਜਲ-ਖ਼ੁਆਰੀ ਝੱਲਣੀ ਪੈਂਦੀ ਸੀ। ਇਸ ਨਵੇਂ ਬਿੱਲ ਨਾਲ ਸਿੱਖ ਪਰਿਵਾਰਾਂ ਦੀ ਇਹ ਵੱਡੀ ਮੁਸ਼ਕਿਲ ਸਦਾ ਲਈ ਹੱਲ ਹੋ ਜਾਵੇਗੀ।



ਇਹ ਨਵਾਂ ਕਾਨੂੰਨ ਪੁਰਾਣੇ 1909 ਵਾਲੇ 'ਅਨੰਦ ਮੈਰਿਜ ਐਕਟ' ਨਾਲੋਂ ਬਹੁਤ ਵੱਖਰਾ ਅਤੇ ਸਿਧਾਂਤਕ ਹੈ। ਪੁਰਾਣਾ ਕਾਨੂੰਨ ਸਿਰ.ਫ ਲਾਵਾਂ-ਫੇਰਿਆਂ ਦੀ ਰਸਮ ਨੂੰ ਹੀ ਮਾਨਤਾ ਦਿੰਦਾ ਸੀ। ਉਸ ਵਿੱਚ ਵਿਆਹ ਤੋਂ ਬਾਅਦ ਦੇ ਮਸਲਿਆਂ ਬਾਰੇ ਕੋਈ ਗੱਲ ਨਹੀਂ ਸੀ ਕਹੀ ਗਈ। ਨਵੇਂ ਬਿੱਲ ਵਿੱਚ ਘਰੇਲੂ ਜ਼ਿੰਦਗੀ ਦੇ ਸਾਰੇ ਕਾਨੂੰਨੀ ਹੱਕ ਸ਼ਾਮਲ ਕੀਤੇ ਗਏ ਹਨ। ਇਸ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਚਾਰ ਲਾਵਾਂ ਪੜ੍ਹ ਕੇ ਵਿਆਹ ਕਰਨ ਦੀ ਪੂਰੀ ਮਰਿਯਾਦਾ ਦਰਜ ਹੈ। ਇਸ ਦੇ ਨਾਲ ਹੀ ਸਰਕਾਰੀ ਤੌਰ 'ਤੇ ਵਿਆਹ ਦਰਜ ਕਰਵਾਉਣਾ ਅਤੇ ਮੈਰਿਜ ਸਰਟੀਫਿਕੇਟ ਲੈਣਾ ਵੀ ਲਾਜ਼ਮੀ ਕੀਤਾ ਗਿਆ ਹੈ।

ਨਵੇਂ ਖਰੜੇ ਅਨੁਸਾਰ ਵਿਆਹ ਵੇਲੇ ਮੁੰਡੇ ਅਤੇ ਕੁੜੀ ਦੋਵਾਂ ਦੀ ਉਮਰ ਘੱਟੋ-ਘੱਟ 18 ਸਾਲ ਹੋਣੀ ਜ਼ਰੂਰੀ ਹੈ। 18 ਸਾਲ ਤੋਂ ਘੱਟ ਉਮਰ ਦਾ ਕੋਈ ਵੀ ਵਿਆਹ ਜਾਇਜ਼ ਨਹੀਂ ਮੰਨਿਆ ਜਾਵੇਗਾ। ਇਸ ਤੋਂ ਇਲਾਵਾ ਦੋਵਾਂ ਧਿਰਾਂ ਦੀ ਖੁੱਲ੍ਹੀ ਅਤੇ ਆਜ਼ਾਦ ਰਜ਼ਾਮੰਦੀ ਬਹੁਤ ਜ਼ਰੂਰੀ ਰੱਖੀ ਗਈ ਹੈ। ਕਿਸੇ ਉੱਤੇ ਵੀ ਕੋਈ ਜ਼ੋਰ ਜਾਂ ਧੱਕਾ ਨਹੀਂ ਚੱਲੇਗਾ। ਜੇਕਰ ਕੋਈ ਲਾਲਚ, ਧੋਖੇ, ਡਰਾਵੇ ਜਾਂ ਦਬਾਅ ਹੇਠ ਵਿਆਹ ਕਰਵਾਉਂਦਾ ਹੈ, ਤਾਂ ਉਹ ਕਾਨੂੰਨ ਅਨੁਸਾਰ ਰੱਦ ਮੰਨਿਆ ਜਾਵੇਗਾ।

ਸਰਕਾਰ ਨੇ ਵਿਆਹਾਂ ਦੀ ਰਜਿਸਟ੍ਰੇਸ਼ਨ ਦਾ ਕੰਮ ਸੌਖਾ ਬਣਾਉਣ ਦੀ ਵਿਉਂਤ ਵੀ ਬਣਾਈ ਹੈ। ਪਿੰਡਾਂ ਅਤੇ ਸ਼ਹਿਰਾਂ ਦੇ ਲੋਕਲ ਗੌਰਮਿੰਟ ਵਿਭਾਗ ਵੱਲੋਂ ਖ਼ਾਸ 'ਅਨੰਦ ਕਾਰਜ ਰਜਿਸਟਰਾਰ' ਥਾਪੇ ਜਾਣਗੇ। ਇਹ ਰਜਿਸਟਰਾਰ ਸਿੱਖਾਂ ਦੇ ਵਿਆਹ ਦਰਜ ਕਰਨਗੇ ਅਤੇ ਪੱਕਾ ਸਰਟੀਫਿਕੇਟ ਜਾਰੀ ਕਰਨਗੇ। ਇਹ ਸਰਟੀਫਿਕੇਟ ਹਰ ਥਾਂ ਕਾਨੂੰਨੀ ਸਬੂਤ ਵਜੋਂ ਕੰਮ ਆਵੇਗਾ। ਜਿਵੇਂ ਕਿ ਸਰਕਾਰੀ ਕਾ.ਗਜ਼ ਬਣਾਉਣੇ ਹੋਣ, ਪਾਸਪੋਰਟ ਲੈਣਾ ਹੋਵੇ ਜਾਂ ਸ਼ਨਾਖ਼ਤੀ ਕਾਰਡ ਬਣਵਾਉਣਾ ਹੋਵੇ।

(ਬਾਕੀ ਸਫ਼ਾ 26 'ਤੇ)

# ਈ. ਡੀ. ਦੇ ਸਾਬਕਾ ਅਧਿਕਾਰੀ ਨਿਰੰਜਨ ਸਿੰਘ ਨੇ 'ਵਾਰਿਸ ਪੰਜਾਬ' ਨੂੰ ਕਿਹਾ ਅਲਵਿਦਾ

ਜਲੰਧਰ/ਏ.ਟੀ.ਨਿਊਜ਼: ਈ.ਡੀ. ਦੇ ਸਾਬਕਾ ਅਧਿਕਾਰੀ ਨਿਰੰਜਨ ਸਿੰਘ ਨੇ ਅਕਾਲੀ ਦਲ (ਵਾਰਿਸ ਪੰਜਾਬ) ਨੂੰ ਅਲਵਿਦਾ ਆਖ ਦਿੱਤਾ ਹੈ। ਉਹ ਚਾਰ ਦਿਨ ਪਹਿਲਾਂ ਹੀ ਅਕਾਲੀ ਦਲ (ਵਾਰਿਸ ਪੰਜਾਬ) ਦਾ ਪੱਲਾ ਫੜ ਕੇ ਸਿਆਸੀ ਪਾਰੀ ਖੇਡਣ ਲਈ ਮੈਦਾਨ 'ਚ ਉਤਰੇ ਸਨ। ਨਸ਼ੇ ਦੇ ਸੌਦਾਗਰਾਂ ਅਤੇ ਗੈਂਗਸਟਰਵਾਦ ਖ਼ਿਲਾ.ਫ ਖੁੱਲ੍ਹ ਕੇ ਬੋਲਣ ਵਾਲੇ ਸਾਬਕਾ ਅਧਿਕਾਰੀ ਨਿਰੰਜਨ ਸਿੰਘ ਵੱਲੋਂ ਚਾਰ ਦਿਨਾਂ 'ਚ ਪਾਰਟੀ ਛੱਡਣ ਤੋਂ ਸਿਆਸੀ ਹਲਕੇ ਹੈਰਾਨ ਹਨ।

ਨਿਰੰਜਨ ਸਿੰਘ ਨੇ ਅੱਜ ਸੋਸ਼ਲ ਮੀਡੀਆ 'ਤੇ ਐਲਾਨ ਕੀਤਾ ਕਿ ਪੰਜਾਬ 'ਚ ਨਸ਼ਿਆਂ ਦੀ ਸਮੱਸਿਆ, ਭ੍ਰਿਸ਼ਟਾਚਾਰ, ਗੈਂਗਸਟਰਵਾਦ, ਫਿਰੌਤੀ ਤੇ ਨਸ਼ਿਆਂ ਦੀ ਤਸਕਰੀ 'ਚ ਪੁਲੀਸ ਮੁਲਾਜ਼ਮਾਂ ਦੀ ਸ਼ਮੂਲੀਅਤ ਵਰਗੇ ਮੁੱਦਿਆਂ 'ਤੇ ਇਸ ਪਾਰਟੀ ਨੂੰ ਆਪਣਾ ਸਮਰਥਨ ਦਿੱਤਾ ਸੀ ਪਰ ਕੁਝ ਅਜਿਹੇ ਮਤਭੇਦ ਹਨ, ਜਿਨ੍ਹਾਂ ਨਾਲ ਉਹ ਸਮਝੌਤਾ ਨਹੀਂ ਕਰ ਸਕਦੇ। ਨਿਰੰਜਨ ਸਿੰਘ ਨੇ ਅਕਾਲੀ ਦਲ (ਵਾਰਿਸ ਪੰਜਾਬ) ਨੂੰ ਸ਼ੁੱਭਕਾਮਨਾਵਾਂ ਵੀ ਦਿੱਤੀਆਂ ਹਨ। ਨਿਰੰਜਨ ਸਿੰਘ ਅਤੇ ਪੰਜਾਬ ਪੁਲੀਸ ਦੇ ਸਾਬਕਾ ਡੀ ਐੱਸ ਪੀ ਬਲਵਿੰਦਰ ਸਿੰਘ ਸੇਖੋਂ ਨੇ 23 ਸਤੰਬਰ ਨੂੰ ਅਕਾਲੀ ਦਲ (ਵਾਰਿਸ ਪੰਜਾਬ) ਵਿੱਚ ਰਸਮੀ ਤੌਰ 'ਤੇ ਸ਼ਮੂਲੀਅਤ ਕੀਤੀ ਸੀ। ਚਰਚੇ ਸਨ ਕਿ ਪਾਰਟੀ ਵੱਲੋਂ ਨਿਰੰਜਨ ਸਿੰਘ ਨੂੰ ਹਲਕਾ ਕਰਤਾਰਪੁਰ ਤੋਂ ਵਿਧਾਨ ਸਭਾ ਚੋਣਾਂ 'ਚ ਉਤਾਰੇ ਜਾਣ ਦੀ ਤਿਆਰੀ ਸੀ।



ਜ਼ਿਕਰਯੋਗ ਹੈ ਕਿ ਸਾਬਕਾ ਅਧਿਕਾਰੀ ਨਿਰੰਜਨ ਸਿੰਘ ਨੇ ਭਾਜਪਾ ਦੀ ਨਸ਼ਾ ਮੁਕਤ ਯਾਤਰਾ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਜੇ ਭਾਜਪਾ ਸਰਕਾਰ ਨੇ ਉਸ ਦੇ ਕਾਰਜਕਾਲ ਦੌਰਾਨ ਸਾਥ ਦਿੱਤਾ ਹੁੰਦਾ ਤਾਂ ਅੱਜ ਨਤੀਜੇ ਹੋਰ ਚੰਗੇ ਹੁੰਦੇ ਅਤੇ ਹਜ਼ਾਰਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਇਆ ਜਾ ਸਕਦਾ ਸੀ। ਉਨ੍ਹਾਂ 2012 ਤੋਂ 2017 ਤੱਕ ਪੰਜਾਬ ਵਿੱਚ ਨਸ਼ਾ ਤਸਕਰੀ ਮਾ.ਫੀਆ ਨਾਲ ਸਬੰਧਤ ਮਾਮਲਿਆਂ ਦੀ ਜਾਂਚ ਕੀਤੀ, 71 ਵਿਅਕਤੀਆਂ ਖ਼ਿਲਾ.ਫ ਸੱਤ ਚਾਰਜਸ਼ੀਟ ਦਾਇਰ ਕੀਤੀਆਂ ਸਨ। ਇਸ ਤੋਂ ਇਲਾਵਾ ਨਸ਼ਾ ਤਸਕਰੀ ਨਾਲ ਜੁੜੇ 25 ਮੁਲਜ਼ਮਾਂ ਨੂੰ ਦੋਸ਼ੀ ਕਰਾਰ ਦਿਵਾਇਆ ਸੀ।

**ਚੋਣਾਂ ਆਪਣੇ ਦਮ 'ਤੇ ਲੜੇਗਾ ਵਾਰਿਸ ਪੰਜਾਬ: ਤਰਸੇਮ ਸਿੰਘ**

ਅਕਾਲੀ ਦਲ (ਵਾਰਿਸ ਪੰਜਾਬ) ਦੇ ਸਰਪ੍ਰਸਤ ਤਰਸੇਮ ਸਿੰਘ ਖ਼ਾਲਸਾ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਵਿਧਾਨ ਸਭਾ ਚੋਣਾਂ ਆਪਣੇ ਦਮ 'ਤੇ ਲੜ ਕੇ ਜਿੱਤੇਗੀ ਅਤੇ ਕਿਸੇ ਸਿਆਸੀ ਪਾਰਟੀ ਨਾਲ ਕੋਈ ਗੱਠਜੋੜ ਨਹੀਂ ਕਰੇਗੀ। ਤਰਸੇਮ ਸਿੰਘ ਖ਼ਾਲਸਾ ਲੰਘੇ ਦਿਨੀਂ ਪਿੰਡ ਖਾਂਗ ਵਿੱਚ ਪਵਿੱਤਰ ਸਿੰਘ ਯੂ ਐੱਸ ਏ ਦੇ ਘਰ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ।

(ਬਾਕੀ ਸਫ਼ਾ 26 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

## ਸੰਪਾਦਕੀ

# ਪੰਜਾਬ 'ਚ 'ਜੈੱਨ ਜ਼ੀ ਅੰਦੋਲਨ' ਦੀ ਆਹਟ

ਪੰਜਾਬ ਦੀਆਂ ਦੋ ਯੂਨੀਵਰਸਿਟੀਆਂ ' ਚਿਤਕਾਰਾ ਯੂਨੀਵਰਸਿਟੀ ' ਅਤੇ ' ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ' ਦੇ ਕੈਂਪਸਾਂ ਵਿੱਚ ਲੰਘੇ ਦਿਨੀਂ ਹੋਏ ਵਿਦਿਆਰਥੀਆਂ ਦੇ ਰੋਸ ਪ੍ਰਦਰਸ਼ਨਾਂ ਤੋਂ ਪੰਜਾਬ 'ਚ 'ਜੈੱਨ-ਜ਼ੀ (ਨੌਜਵਾਨ ਪੀੜ੍ਹੀ) ਅੰਦੋਲਨ ਦੀ ਆਹਟ' ਸੁਣਾਈ ਦੇ ਰਹੀ ਹੈ। ਭਾਵੇਂ ਕਿ ਦੋਵੇਂ ਯੂਨੀਵਰਸਿਟੀਆਂ 'ਚ ਪ੍ਰਦਰਸ਼ਨ ਦੌਰਾਨ ਵਿਦਿਆਰਥੀ ਹਿੰਸਕ ਹੋ ਗਏ ਅਤੇ ਹਿੰਸਾ ਨੂੰ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਕਿਹਾ ਜਾ ਸਕਦਾ। ਇਹਨਾਂ ਵਿਦਿਆਰਥੀ ਅੰਦੋਲਨਾਂ ਤੋਂ ਇਹ ਤਾਂ ਮਹਿਸੂਸ ਹੁੰਦਾ ਹੈ ਕਿ ਪ੍ਰਾਈਵੇਟ ਯੂਨੀਵਰਸਿਟੀਆਂ ਦੀਆਂ ਮਹਿੰਗੀਆਂ ਫ਼ੀਸਾਂ ਅਤੇ ਭਾਰੀ ਜੁਰਮਾਨੇ ਤੋਂ ਅੱਕੇ ਹੋਏ ਵਿਦਿਆਰਥੀਆਂ ਦੀ ਹਿੰਮਤ ਨੇ ਹੁਣ ਅੰਗੜਾਈ ਲਈ ਹੈ, ਪਰ ਇਹਨਾਂ ਪ੍ਰਦਰਸ਼ਨਾਂ ਦੌਰਾਨ ਹੋਈ ਹਿੰਸਾ ਇਹਨਾਂ ਦੀ ਸਫ਼ਲਤਾ 'ਤੇ ਕਾਲਾ ਧੱਬਾ ਵੀ ਲਗਾ ਗਈ ਹੈ। ਦੋ ਯੂਨੀਵਰਸਿਟੀਆਂ 'ਚ ਵਾਪਰੀਆਂ ਘਟਨਾਵਾਂ ਨੇ ਸਿਰਫ਼ ਵਿਦਿਆਰਥੀ ਸੁਰੱਖਿਆ ਹੀ ਨਹੀਂ, ਸਗੋਂ ਪ੍ਰਸ਼ਾਸਨ, ਪੁਲਿਸ ਅਤੇ ਸੋਸ਼ਲ ਮੀਡੀਆ ਦੀ ਜ਼ਿੰਮੇਵਾਰੀ 'ਤੇ ਵੀ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਦੋਵੇਂ ਮਾਮਲਿਆਂ ਵਿੱਚ ਮਹਿਲਾ ਵਿਦਿਆਰਥਣਾਂ ਨਾਲ ਜੁੜੀਆਂ ਅਪੁਸ਼ਟ ਖ਼ਬਰਾਂ ਅਤੇ ਸੋਸ਼ਲ ਮੀਡੀਆ 'ਤੇ ਫੈਲੀਆਂ ਅਫਵਾਹਾਂ ਨੇ ਵਿਦਿਆਰਥੀਆਂ ਵਿੱਚ ਡਰ ਅਤੇ ਗੁੱਸਾ ਪੈਦਾ ਕੀਤਾ। ਕੁਝ ਹੀ ਸਮੇਂ ਵਿੱਚ ਇਹ ਤਣਾਅ ਹਿੰਸਕ ਪ੍ਰਦਰਸ਼ਨਾਂ ਵਿੱਚ ਬਦਲ ਗਿਆ।ਇਹਨਾਂ ਰੋਸ ਪ੍ਰਦਰਸ਼ਨਾਂ ਸਬੰਧੀ ਪੰਜਾਬ ਪੁਲਿਸ ਨੇ ਤਿੰਨ ਐਫ.ਆਈ.ਆਰ. ਦਰਜ ਕੀਤੀਆਂ ਹਨ ਅਤੇ 8 ਮੈਂਬਰੀ ਐਸ.ਆਈ.ਟੀ. ਦਾ ਗਠਨ ਵੀ ਕੀਤਾ ਹੈ। ਦੋਵੇਂ ਘਟਨਾਵਾਂ ਵਿਚਕਾਰ ਸਮੇਂ ਅਤੇ ਤਰੀਕੇ ਦੀ ਸਮਾਨਤਾ ਨੇ ਇਹ ਸਵਾਲ ਜ਼ਰੂਰ ਖੜ੍ਹਾ ਕੀਤਾ ਹੈ ਕਿ ਅਪੁਸ਼ਟ ਜਾਣਕਾਰੀ ਇੰਨੀ ਤੇਜ਼ੀ ਨਾਲ ਕਿਵੇਂ ਫੈਲੀ ? ਅਤੇ ਇਸ ਦੇ ਪਿੱਛੇ ਅਸਲ ਸਰੋਤ ਕੀ ਸਨ ? ਪੁਲਿਸ ਇਸ ਸੰਭਾਵਿਤ ਕੜੀ ਦੀ ਵੀ ਜਾਂਚ ਕਰ ਰਹੀ ਹੈ। ਦੋਵੇਂ ਯੂਨੀਵਰਸਿਟੀਆਂ ਵਿੱਚ ਹੋਏ ਰੋਸ ਪ੍ਰਦਰਸ਼ਨਾਂ ਸਬੰਧੀ ਖੁਦ ਹੀ ਨੋਟਿਸ ਲੈਂਦਿਆਂ ਪੰਜਾਬ ਰਾਜ ਮਹਿਲਾ ਕਮਿਸ਼ਨ ਨੇ ਜ਼ਿਲ੍ਹਾ ਅਤੇ ਪੁਲਿਸ ਪ੍ਰਸ਼ਾਸਨ ਤੋਂ ਪੂਰੀ ਰਿਪੋਰਟ, ਦਰਜ ਐਫ.ਆਈ.ਆਰ. ਦੀ ਕਾਪੀ ਅਤੇ ਹਿੰਸਾ ਰੋਕਣ ਲਈ ਕੀਤੇ ਗਏ ਉਪਰਾਲਿਆਂ ਦੀ ਪੂਰੀ ਰਿਪੋਰਟ ਮੰਗ ਲਈ ਹੈ।

ਸਿਰਫ਼ ਕੁੱਝ ਘੰਟਿਆਂ ਦੇ ਅੰਤਰ ਨਾਲ ਪੰਜਾਬ ਦੀਆਂ ਦੋ ਯੂਨੀਵਰਸਿਟੀਆਂ ਵਿੱਚ ਵਿਦਿਆਰਥੀਆਂ ਵੱਲੋਂ ਕੀਤੇ ਗਏ ਰੋਸ ਪ੍ਰਦਰਸ਼ਨਾਂ ਨੂੰ ਹਲਕੇ ਵਿੱਚ ਨਹੀਂ ਲੈਣਾ ਚਾਹੀਦਾ। ਇਹ ਰੋਸ ਪ੍ਰਦਰਸ਼ਨ ਵਿਦਿਆਰਥੀਆਂ ਦੀ ਉਸ 'ਜਥੇਬੰਧਕ ਸੋਚ' ਵਿਚੋਂ ਉਪਜੇ ਹਨ, ਜਿਸ ਨੂੰ ਦਬਾਉਣ ਲਈ ਪ੍ਰਾਈਵੇਟ ਯੂਨੀਵਰਸਿਟੀਆਂ ਹਮੇਸ਼ਾ ਤਿਆਰ ਰਹਿੰਦੀਆਂ ਹਨ। ਪੰਜਾਬ ਦੀਆਂ ਸਰਕਾਰੀ ਯੂਨੀਵਰਸਿਟੀਆਂ ਵਿੱਚ ਤਾਂ ਵਿਦਿਆਰਥੀਆਂ ਦੀਆਂ ਕਈ ਜਥੇਬੰਦੀਆਂ ਹੁੰਦੀਆਂ ਹਨ, ਜੋ ਕਿ ਵਿਦਿਆਰਥੀਆਂ ਦੇ ਮਸਲੇ ਹੱਲ ਕਰਵਾਉਣ ਅਤੇ ਵਿਦਿਆਰਥੀ ਮੰਗਾਂ ਮਨਵਾਉਣ ਲਈ ਲਗਾਤਾਰ ਯਤਨ ਕਰਦੀਆਂ ਰਹਿੰਦੀਆਂ ਹਨ ਪਰ ਪ੍ਰਾਈਵੇਟ ਯੂਨੀਵਰਸਿਟੀਆਂ ਦੇ 'ਕਰਤਿਆਂ- ਧਰਤਿਆਂ' ਨੂੰ ਵਿਦਿਆਰਥੀਆਂ ਦੀਆਂ ਜਥੇਬੰਦੀਆਂ ਦੀਆਂ ਸਰਗਰਮੀਆਂ ਵਾਰਾ ਨਹੀਂ ਖਾਂਦੀਆਂ ਕਿਉਂਕਿ ਇਹਨਾਂ ਪ੍ਰਾਈਵੇਟ ਯੂਨੀਵਰਸਿਟੀਆਂ ਦਾ ਇੱਕੋ ਇੱਕ ਮਕਸਦ ਸਿੱਖਿਆ ਦੇਣਾ ਨਾ ਹੋ ਕੇ ਪੈਸੇ ਕਮਾਉਣਾ ਹੁੰਦਾ ਹੈ। ਪ੍ਰਾਈਵੇਟ ਯੂਨੀਵਰਸਿਟੀਆਂ ਨੇ ਸਿੱਖਿਆ ਨੂੰ ਇੱਕ ਤਰ੍ਹਾਂ ਵਪਾਰ ਬਣਾ ਦਿੱਤਾ ਹੈ ਅਤੇ ਵੱਡੇ ਵਪਾਰੀਆਂ ਵਾਂਗ ਇਹਨਾਂ ਯੂਨੀਵਰਸਿਟੀਆਂ ਦੇ ਮਾਲਕ ਸਿੱਖਿਆ ਖੇਤਰ ਵਿੱਚੋਂ ਵੀ ਸਭ ਤੋਂ ਪਹਿਲਾਂ ਆਪਣੇ ਫ਼ਾਇਦੇ ਨੂੰ ਮੁੱਖ ਰੱਖਦੇ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ 'ਚ ਵਿਦਿਆਰਥੀ ਜਥੇਬੰਦੀਆਂ ਕੋਲ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਦੇ ਮੰਚ ਹਨ। ਪ੍ਰਾਈਵੇਟ ਯੂਨੀਵਰਸਿਟੀਆਂ ਨੂੰ ਅੰਦੋਲਨ ਦੀ ਗੂੰਜ ਚੰਗੀ ਨਹੀਂ ਲੱਗਦੀ ਕਿਉਂਕਿ ਵਿਦਿਆਰਥੀਆਂ ਦੇ ਜਥੇਬੰਦ ਹੋਣ ਨਾਲ ਉਹ ਆਪਣੇ ਅਧਿਕਾਰਾਂ ਲਈ ਲੜਨਗੇ। ਇਹੋ ਕਾਰਨ ਹੈ ਕਿ ਪ੍ਰਾਈਵੇਟ ਯੂਨੀਵਰਸਿਟੀਆਂ 'ਚ ਵਿਦਿਆਰਥੀ ਅੰਦੋਲਨ ਕਦੇ ਬਹੁਤਾ ਸਿਰ ਨਹੀਂ ਚੁੱਕਦੇ।

ਵਿਦਿਆਰਥੀ ਹਰ ਦੇਸ਼ ਦੀ ਆਨ ਅਤੇ ਸ਼ਾਨ ਹੁੰਦੇ ਹਨ ਪਰ ਵਿਦਿਆਰਥੀਆਂ ਨੂੰ ਤਜਰਬੇਕਾਰ ਸਿਆਸਤਦਾਨਾਂ ਵਰਗਾ ਤਜਰਬਾ ਨਹੀਂ ਹੁੰਦਾ, ਇਸੇ ਕਾਰਨ ਵੱਖ ਵੱਖ ਸਿਆਸੀ ਪਾਰਟੀਆਂ ਦੇ ਆਗੂ ਵਿਦਿਆਰਥੀਆਂ ਦੇ ਰੋਸ ਪ੍ਰਦਰਸ਼ਨ 'ਤੇ ਵੀ ਆਪਣੀਆਂ ਸਿਆਸੀ ਰੋਟੀਆਂ ਸੇਕਣ ਦਾ ਯਤਨ ਕਰ ਰਹੇ ਹਨ। ਵਿਰੋਧੀ ਸਿਆਸਤਦਾਨਾਂ ਨੇ ਸੱਤਾਧਾਰੀ 'ਆਪ' ਸਰਕਾਰ 'ਤੇ ਰਾਜਨੀਤਿਕ ਉਦੇਸ਼ਾਂ ਦਾ ਦੋਸ਼ ਲਗਾਇਆ ਹੈ। ਅਕਾਲੀ ਆਗੂ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਨੇ ਦੋਸ਼ ਲਗਾਇਆ ਕਿ ਇਹ ਅਸ਼ਾਂਤੀ ਲਵਲੀ ਯੂਨੀਵਰਸਿਟੀ ਦੇ ਚਾਂਸਲਰ ਅਸ਼ੋਕ ਮਿੱਤਲ ਦੇ ਭਾਜਪਾ ਵਿੱਚ ਸ਼ਾਮਲ ਹੋਣ ਨਾਲ ਜੁੜੀ ਹੋਈ ਸੀ। ਕਾਂਗਰਸ ਆਗੂ ਚਰਨਜੀਤ ਸਿੰਘ ਚੰਨੀ ਨੇ ਵੀ ਅਜਿਹਾ ਹੀ ਦੋਸ਼ ਲਗਾਇਆ ਹੈ ਪਰ ਇਹ ਰਾਜਨੀਤਿਕ ਦੋਸ਼ ਹਨ, ਸਥਾਪਿਤ ਨਤੀਜੇ ਨਹੀਂ ਹਨ। ਰਾਜਨੀਤਿਕ ਕਾਰਨਾਂ ਦਾ ਹਵਾਲਾ ਦਿੰਦੇ ਹੋਏ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਇੱਕ ਵਿਦਿਆਰਥੀ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ 'ਹਿੰਸਾ, ਅੱਗਜ਼ਨੀ ਅਤੇ ਭੰਨਤੋੜ' ਦੀਆਂ ਹਾਲੀਆ ਘਟਨਾਵਾਂ ਦੀ ਸੀ.ਬੀ.ਆਈ. ਜਾਂਚ ਦੀ ਮੰਗ ਕੀਤੀ ਹੈ।

ਦੋ ਪ੍ਰਾਈਵੇਟ ਯੂਨੀਵਰਸਿਟੀਆਂ 'ਚ ਹੋਏ ਪ੍ਰਦਰਸ਼ਨ ਸਮਾਪਤ ਹੋਣ ਤੋਂ ਬਾਅਦ ਵੀ ਚਰਚਾ ਵਿੱਚ ਹਨ ਅਤੇ ਆਪਣੇ ਪਿੱਛੇ ਵੱਡੇ ਸਵਾਲ ਖੜੇ ਕਰ ਗਏ ਹਨ। ਪਹਿਲਾ ਸਵਾਲ ਤਾਂ ਇਹ ਹੈ ਕਿ ਅੱਗ ਦੇ ਭਬੂਕੇ ਵਾਂਗ ਇਹ ਰੋਸ ਪ੍ਰਦਰਸ਼ਨ ਕਿਸ ਤਰ੍ਹਾਂ ਇੱਕ ਦਮ ਹੀ ਭੜਕ ਗਏ। ਦੂਜਾ ਸਵਾਲ ਇਹ ਹੈ ਕਿ ਇਸ ਪ੍ਰਦਰਸ਼ਨ ਦੌਰਾਨ ਵਿਦਿਆਰਥੀਆਂ ਨੂੰ ਕਿਸ ਨੇ ਭੜਕਾਇਆ ? ਤੀਜਾ ਸਵਾਲ ਇਹ ਹੈ ਕਿ ਕੁਝ ਘੰਟਿਆਂ ਬਾਅਦ ਹੀ ਇਹ ਵਿਦਿਆਰਥੀ ਰੋਸ ਪ੍ਰਦਰਸ਼ਨ ਬਿਨਾਂ ਕੋਈ ਪ੍ਰਾਪਤੀ ਕੀਤਿਆਂ ਸਮਾਪਤ ਵੀ ਕਿਵੇਂ ਹੋ ਗਏ ? ਇਹ ਕੁਝ ਅਣਸੁਲਝੇ ਸਵਾਲ ਹਨ, ਜਿਹਨਾਂ ਦਾ ਜਵਾਬ ਸਮਾਂ ਹੀ ਦੇਵੇਗਾ।

# ਮੁੱਕਦਾ ਪਾਣੀ, ਫ਼ੈਲਦਾ ਕੈਂਸਰ: ਪੰਜਾਬ ਦੇ ਦਰਿਆਈ ਹੱਕਾਂ ਲਈ ਸੰਘਰਸ਼ ਦੀ ਲੋੜ



ਬਲਬੀਰ ਸਿੰਘ ਰਾਜੇਵਾਲ



ਪੰਜਾਬ ਵਿੱਚ ਖੇਤੀਬਾੜੀ, ਸਨਅਤ ਅਤੇ ਘਰੇਲੂ ਖ਼ਪਤ ਲਈ ਵੱਡੀ ਪੱਧਰ 'ਤੇ ਪਾਣੀ ਦੀ ਵਰਤੋਂ ਹੋ ਰਹੀ ਹੈ। 145000 ਦੇ ਲਗਭਗ ਟਿਊਬਵੈੱਲ ਸਿੰਚਾਈ ਲਈ ਪਾਣੀ ਖਿੱਚ ਰਹੇ ਹਨ। ਵੱਖ-ਵੱਖ ਏਜੰਸੀਆਂ ਦੀਆਂ ਲਗਾਤਾਰ ਖ਼ਬਰਾਂ ਆ ਰਹੀਆਂ ਹਨ ਕਿ 2039 ਤੱਕ ਪੰਜਾਬ ਵਿਚੱ ਜ਼ਮੀਨ ਹੇਠਲਾ ਤੀਜੀ ਤੱਗੀ ਦਾ ਪਾਣੀ ਵੀ ਖ਼ਤਮ ਹੋ ਜਾਏਗਾ। ਉਂਝ ਵੀ ਤੀਜੀ ਤੱਗੀ ਦਾ ਪਾਣੀ ਯੂਰੇਨੀਅਮ ਤੇ ਹੋਰ ਧਾਤਾਂ ਦੇ ਮਿਸ਼ਰਨ ਵਾਲਾ ਹੋਣ ਕਾਰਨ ਪੀਣ ਲਈ ਤੇ ਸਿੰਚਾਈ ਲਈ ਵੀ ਸੁਰੱਖਿਅਤ ਨਹੀਂ ਹੋਵੇਗਾ। ਇਸ ਪਾਣੀ ਦੀ ਵਰਤੋਂ ਨਾਲ ਕੈਂਸਰ ਤੇ ਹੋਰ ਬਿਮਾਰੀਆਂ ਦਾ ਲੋਕਾਂ ਵਿਚ ਫ਼ੈਲਾਓ ਹੋਵੇਗਾ। ਇਸ ਸਮੇਂ ਵੀ ਹਰ ਰੋਜ਼ ਰਾਜ ਵਿੱਚ ਪ੍ਰਤੀ ਦਿਨ 68 ਮੌਤਾਂ ਕੈਂਸਰ ਨਾਲ ਹੋ ਰਹੀਆਂ ਹਨ। ਅਜਿਹੀ ਸਥਿਤੀ ਵਿੱਚ ਅੱਜ ਵੱਡੀ ਲੋੜ ਇਹ ਹੈ ਕਿ ਪੰਜਾਬ ਆਪਣੇ ਦਰਿਆਈ ਪਾਣੀਆਂ ਸੰਬੰਧੀ ਅਧਿਕਾਰਾਂ ਬਾਰੇ ਚੇਤੰਨ ਹੋ ਕੇ ਸੰਘਰਸ਼ ਕਰੇ ਅਤੇ ਹਰ ਪਿੰਡ ਤੇ ਹਰ ਸ਼ਹਿਰ ਦੇ ਹਰ ਘਰ ਤੱਕ ਪੀਣ ਵਾਲਾ ਸਵੱਛ ਪਾਣੀ ਪਹੁੰਚੇ। ਜੇ ਅਜਿਹਾ ਨਾ ਹੋਇਆ ਤਾਂ ਪੰਜਾਬ ਦਾ ਉਜਾੜਾ ਤੈਅ ਹੈ।

ਦੁਨੀਆ ਭਰ ਵਿੱਚ ਇਹ ਅਸੂਲ ਹੈ ਕਿ ਜਿਸ ਇਲਾਕੇ ਵਿਚੋਂ ਕੋਈ ਦਰਿਆ ਵਗਦਾ ਹੈ, ਉਹ ਉਸ ਦੇ ਪਾਣੀ ਦਾ ਰਿਪੇਰੀਅਨ ਹੋਣ ਕਰਕੇ ਉਸ ਦੇ ਪਾਣੀ ਦਾ ਮਾਲਕ ਹੈ। ਸਾਡੇ ਦੇਸ਼ ਦੇ ਸੰਵਿਧਾਨ ਅਨੁਸਾਰ ਜੋ ਦਰਿਆ ਜਿਸ ਰਾਜ ਵਿਚੋਂ ਲੰਘਦਾ ਹੈ ਉਹ ਉਸ ਦਾ ਮਾਲਕ ਹੈ। ਪੰਜਾਬ ਵਿਚੋਂ ਸਤਲੁਜ, ਬਿਆਸ ਅਤੇ ਰਾਵੀ ਲੰਘਦੇ ਹਨ, ਸੋ ਇਨ੍ਹਾਂ ਦੇ ਪਾਣੀ ਦਾ ਕਾਨੂੰਨੀ ਮਾਲਕ ਪੰਜਾਬ ਹੈ। ਜੇ ਇਹ ਕਿਸੇ ਹੋਰ ਰਾਜ ਵਿਚੋਂ ਵੀ ਲੰਘਦੇ ਹੋਣ ਅਰਥਾਤ ਅੰਤਰਰਾਜੀ ਦਰਿਆ ਹੋਣ ਤਾਂ ਜਿਨ੍ਹਾਂ ਰਾਜਾਂ ਵਿਚੋਂ ਉਹ ਲੰਘਦੇ ਹੋਣ ਤਾਂ ਉਹ ਸਾਰੇ ਰਾਜ ਉਸ ਦੇ ਪਾਣੀ ਦੀ ਮਾਲਕੀ ਵਿੱਚ ਭਾਗੀਦਾਰ ਹੁੰਦੇ ਹਨ। ਪਰ ਸਤਲੁਜ, ਬਿਆਸ ਅਤੇ ਰਾਵੀ ਕੇਵਲ ਪੰਜਾਬ ਦੀ ਧਰਤੀ ਉੱਤੇ ਵਗਦੇ ਹਨ, ਇਸ ਲਈ ਪੰਜਾਬ ਹੀ ਇਨ੍ਹਾਂ ਦੇ ਪਾਣੀ ਦਾ ਮਾਲਕ ਹੈ। ਸਾਡੇ ਸੰਵਿਧਾਨ ਵਿੱਚ ਰਾਜਾਂ ਅਤੇ ਕੇਂਦਰ ਸਰਕਾਰ ਦੇ ਵਿਸ਼ਿਆਂ ਦੀ ਬਾਖੂਬੀ ਵੰਡ ਕੀਤੀ ਹੋਈ ਹੈ। ਸੰਵਿਧਾਨ ਦੀ ਸੱਤਵੀਂ ਸੂਚੀ ਵਿੱਚ ਰਾਜਾਂ ਦੇ ਅਧਿਕਾਰਾਂ ਸੰਬੰਧੀ ਦਰਜ ਦੂਜੀ ਲਿਸਟ ਵਿੱਚ 17 ਨੰਬਰ ਉੱਤੇ ਦਰਜ ਹੈ ਕਿ ਪਾਣੀ, ਡੈਮ, ਪਾਣੀ ਦੀਆਂ ਝੀਲਾਂ ਅਤੇ ਉਸ ਤੋਂ ਪੈਦਾ ਹੁੰਦੀ ਬਿਜਲੀ ਰਾਜਾਂ ਦਾ ਵਿਸ਼ਾ ਹੈ। ਇਸ ਵਿੱਚ ਨਾ ਤਾਂ ਕੇਂਦਰ ਸਰਕਾਰ ਅਤੇ ਨਾ ਹੀ ਸੁਪਰੀਮ ਕੋਰਟ ਦਖ਼ਲ ਦੇ ਸਕਦੀ ਹੈ। ਹਾਂ, ਜੇਕਰ ਦਰਿਆ ਅੰਤਰਰਾਜੀ ਹੋਣ ਤਾਂ ਉਨ੍ਹਾਂ ਦਾ ਝਗੜਾ ਨਿਬੇੜਨ ਲਈ ਕੇਂਦਰ ਸਰਕਾਰ ਟ੍ਰਿਬਿਊਨਲ ਬਣਾ ਸਕਦੀ ਹੈ। ਪਰ ਕਿਉਂਕਿ ਸਤਲੁਜ, ਬਿਆਸ ਅਤੇ ਰਾਵੀ ਕੇਵਲ ਪੰਜਾਬ ਵਿੱਚ ਵਗਦੇ ਹਨ, ਇਸ ਲਈ ਇਨ੍ਹਾਂ ਦੇ ਪਾਣੀਆਂ ਦਾ ਮਾਲਕ ਕੇਵਲ ਪੰਜਾਬ ਹੈ, ਹੋਰ ਕੋਈ ਨਹੀਂ।

ਹੁਣ ਪੰਜਾਬ ਦੇ ਇਨ੍ਹਾਂ ਦਰਿਆਵਾਂ ਦੇ ਪਾਣੀ ਵਿੱਚ ਹਰਿਆਣਾ ਰਾਏਪੇਰੀਅਨ ਅਖਵਾਉਂਦਾ ਹੈ, ਕਿਉਂਕਿ ਉਹ ਸਾਂਝੇ ਪੰਜਾਬ ਵਿਚੋਂ ਵੱਖਰਾ ਰਾਜ ਬਣਿਆ ਹੈ। ਸਾਨੂੰ ਇਸ 'ਤੇ ਕੋਈ ਇਤਰਾਜ਼ ਨਹੀਂ। ਪੰਜਾਬ ਅਤੇ ਹਰਿਆਣੇ ਦੇ ਪੁਨਰਗਠਨ ਸਮੇਂ ਦੋਵਾਂ ਰਾਜਾਂ ਵਿੱਚ 60 ਅਤੇ 40 ਦੇ ਅਨੁਪਾਤ ਵਿੱਚ ਸਾਰੀ ਜਾਇਦਾਦ ਵੰਡੀ ਗਈ ਸੀ। ਇਸ ਲਈ ਉਹ ਪੰਜਾਬ ਤੋਂ 40 ਪ੍ਰਤੀਸ਼ਤ ਦਾ ਹਿੱਸੇਦਾਰ ਹੈ। ਪਰ ਜੇ ਹਰਿਆਣਾ ਪੰਜਾਬ ਦਾ ਪੁਨਗਠਨ ਤੋਂ ਪਹਿਲਾਂ ਹਿੱਸਾ ਸੀ, ਇਸ ਲਈ ਉਹ ਪੰਜਾਬ ਦੇ ਪਾਣੀ ਦਾ ਹਿੱਸੇਦਾਰ ਬਣਦਾ ਹੈ, ਤਾਂ ਸਾਂਝਾ ਪੰਜਾਬ ਤਾਂ ਯਮੁਨਾ ਪਾਰ ਪਲਵਲ ਤੱਕ ਸੀ, ਫ਼ਿਰ ਪੰਜਾਬ ਯਮੁਨਾ ਦਾ ਰਿਪੇਰੀਅਨ ਅਰਥਾਤ ਹਿੱਸੇਦਾਰ ਕਿਉਂ ਨਹੀਂ ? ਅਸਲੀਅਤ ਇਹ ਵੀ ਹੈ ਕਿ ਹਰਿਆਣਾ ਕੋਲ ਖੇਤੀ ਯੋਗ ਜ਼ਮੀਨ ਪੰਜਾਬ ਤੋਂ ਘੱਟ ਅਰਥਾਤ 77 ਲੱਖ ਏਕੜ ਹੈ, ਜਦ ਕਿ ਪੰਜਾਬ ਕੋਲ ਇਕ ਕਰੋੜ 5 ਲੱਖ ਏਕੜ ਹੈ। ਹਰਿਆਣੇ ਨੂੰ ਪੰਜਾਬ ਦੇ ਦਰਿਆਵਾਂ ਵਿਚੋਂ ਪੰਜਾਬ ਨਾਲੋਂ ਵੱਧ 49 ਪ੍ਰਤੀਸ਼ਤ ਅਤੇ ਪੰਜਾਬ ਨੂੰ ਕੇਵਲ 35 ਪ੍ਰਤੀਸ਼ਤ ਪਾਣੀ ਦਿੱਤਾ ਗਿਆ ਹੈ, ਜਦ ਕਿ ਯਮੁਨਾ ਦੇ ਪਾਣੀ ਵਿਚ ਪੰਜਾਬ ਨੂੰ ਭਾਗੀਦਾਰ ਹੀ ਨਹੀਂ ਬਣਾਇਆ ਗਿਆ।

ਪਾਣੀ ਦੀ ਵੰਡ ਵਿੱਚ ਪੰਜਾਬ ਨਾਲ ਹਮੇਸ਼ਾ ਧੱਕਾ ਕੀਤਾ ਗਿਆ। ਸਾਲ 1955 ਵਿੱਚ ਭਾਰਤ ਅਤੇ ਪਾਕਿਸਤਾਨ ਵਿੱਚ ਪਾਣੀਆਂ ਦੇ ਝਗੜੇ ਨਿਬੇੜਨ ਲਈ ਸੰਸਾਰ ਬੈਂਕ ਨੂੰ ਸਾਲਸ ਬਣਾਇਆ ਗਿਆ ਸੀ। ਉਸ ਤੋਂ ਡਰ ਕੇ ਪੰਜਾਬ ਦੇ ਪਾਣੀਆਂ ਦੀ ਵੰਡ ਲਈ 29 ਜਨਵਰੀ, 1955 ਨੂੰ ਕੇਂਦਰੀ ਜਲ ਸਰੋਤ ਮੰਤਰੀ ਨੇ ਇੱਕ ਮੀਟਿੰਗ ਦਿੱਲੀ ਵਿੱਚ ਸੱਦੀ ਸੀ। ਇਸ ਮੀਟਿੰਗ ਵਿੱਚ ਪੰਜਾਬ ਦੇ ਪਾਣੀਆਂ ਵਿੱਚ ਧੱਕੇ ਨਾਲ ਰਾਜਸਥਾਨ ਨੂੰ 8 ਐਮ. ਏ. ਐਫ਼. ਪਾਣੀ ਦੇ ਦਿੱਤਾ। ਇਸ ਤੋਂ ਪਹਿਲਾਂ ਅੰਗਰੇਜ਼ ਹਕੂਮਤ ਨੇ ਮਹਾਰਾਜਾ ਬੀਕਾਨੇਰ ਦੀ ਪੀਣ ਲਈ ਪਾਣੀ ਦੀ ਬੇਨਤੀ ਉੱਤੇ ਸਪੱਸ਼ਟ ਕਿਹਾ ਸੀ ਕਿ ਕਾਨੂੰਨ ਅਨੁਸਾਰ ਤਾਂ ਉਸ ਦਾ ਪੰਜਾਬ ਦੇ ਪਾਣੀ ਉੱਤੇ ਕੋਈ ਹੱਕ ਨਹੀਂ। ਕੇਵਲ ਇਨਸਾਨੀ ਨਾਤੇ ਮਹਾਰਾਜਾ ਗੰਗਾ ਸਿੰਘ ਨੂੰ 10 ਆਨੇ ਪ੍ਰਤੀ 1000 ਕਿਊਸਿਕ ਦੇ ਹਿਸਾਬ ਪਾਣੀ ਦਿੱਤਾ ਗਿਆ। ਰਾਜਸਥਾਨ 1956 ਤੱਕ ਇਸ ਪਾਣੀ ਦੀ ਕੀਮਤ ਪੰਜਾਬ ਨੂੰ ਦਿੰਦਾ ਰਿਹਾ ਅਤੇ ਬਾਅਦ ਵਿੱਚ ਇਹ ਕੀਮਤ ਦੇਣੀ ਇਕਤਰਫ਼ਾ ਤੌਰ 'ਤੇ ਬੰਦ ਕਰ ਦਿੱਤੀ ਗਈ। 1955 ਵਿੱਚ ਪਾਣੀ ਦੀ ਵੰਡ ਸਮੇਂ ਉਸ ਵੇਲੇ ਦੇ ਸਾਂਝੇ ਪੰਜਾਬ ਦੇ ਸਿੰਚਾਈ ਮੰਤਰੀ ਚੌਧਰੀ ਲਹਿਰੀ ਸਿੰਘ ਨੇ ਕੁਝ ਇਤਰਾਜ਼ ਉਠਾਏ ਅਤੇ ਪਾਣੀ ਦੀ ਕੀਮਤ ਤੈਅ ਕਰਨ ਦੀ ਮੰਗ ਕੀਤੀ। ਉਨ੍ਹਾਂ ਨੇ ਉਸ ਤੋਂ ਬਾਅਦ 7 ਫ਼ਰਵਰੀ, 1955 ਅਤੇ 14 ਫ਼ਰਵਰੀ ਨੂੰ ਇਸ ਮੰਤਵ ਲਈ ਦੋ ਚਿੱਠੀਆਂ ਵੀ ਲਿਖੀਆਂ। ਉਨ੍ਹਾਂ ਨੇ ਰੋਸ ਵਜੋਂ 29 ਜਨਵਰੀ 1955 ਦੀ ਮੀਟਿੰਗ ਦੀ ਕਾਰਵਾਈ ਉੱਤੇ ਦਸਤਖ਼ਤ ਵੀ ਨਾ ਕੀਤੇ, ਜਿਸ ਲਈ ਕੇਂਦਰ ਸਰਕਾਰ ਦਬਾਅ ਵੀ ਪਾਉਂਦੀ ਰਹੀ। ਕੇਂਦਰ ਨੇ 8/9 ਅਗਸਤ 1955 ਨੂੰ ਸ੍ਰੀ ਲਹਿਰੀ ਸਿੰਘ ਨੂੰ ਇੱਕ ਸਖ਼ਤ ਚਿੱਠੀ ਲਿਖੀ ਅਤੇ ਘੁਰਕੀ ਦੇ ਕੇ 7 ਮਹੀਨੇ ਬਾਅਦ ਕਾਰਵਾਈ ਉੱਤੇ ਦਸਤਖਤ ਕਰਵਾ ਲਏ। ਕੇਂਦਰ ਨੇ ਕਿਹਾ ਸੀ ਕਿ ਪਾਣੀ ਦੀ ਕੀਮਤ ਮਿੱਥਣ ਲਈ ਪੰਜਾਬ ਸਰਕਾਰ ਸਮਝੌਤੇ ਦੀ ਮੱਦ 5 ਅਨੁਸਾਰ ਅਲੱਗ ਸਵਾਲ ਉੱਠਾ ਸਕਦੀ ਹੈ। ਪਰ ਇਸ ਸਮਝੌਤੇ ਨੂੰ ਨਾ ਤਾਂ ਪੰਜਾਬ ਦੇ ਮੰਤਰੀ ਮੰਡਲ ਨੇ ਅਤੇ ਨਾ ਹੀ ਵਿਧਾਨ ਸਭਾ ਨੇ ਕਦੀ ਵੀ ਮਾਨਤਾ ਦਿੱਤੀ ਸੀ। ਪੰਜਾਬ ਨੇ ਰਾਜਸਥਾਨ ਨੂੰ ਹਮੇਸ਼ਾ ਪੀਣ ਲਈ ਪਾਣੀ ਦਿੱਤਾ, ਵਪਾਰਕ ਕੰਮਾਂ ਲਈ ਨਹੀਂ। ਫ਼ਿਰ ਵੀ ਰਾਜਸਥਾਨ ਸਰਕਾਰ ਬਾਰਮੇਰ ਦੀ ਰਿਫ਼ਾਇਨਰੀ ਨੂੰ ਹਰ ਰੋਜ਼ 50 ਤੋਂ 60 ਲੱਖ ਗੈਲਨ ਪਾਣੀ ਦੇ ਕੇ ਉਸ ਤੋਂ 1600 ਕਰੋੜ ਸਾਲਾਨਾ ਵਸੂਲ ਕਰਦੀ ਹੈ।

1966 ਵਿੱਚ ਜਦੋਂ ਪੰਜਾਬੀ ਸੂਬਾ ਬਣਿਆ ਅਤੇ ਹਰਿਆਣਾ ਸਾਂਝੇ ਪੰਜਾਬ ਵਿਚੋਂ ਅਲੱਗ ਬਣਿਆ, ਉਦੋਂ ਦੇ ਕੇਂਦਰੀ ਕਾਂਗਰਸੀ ਹੁਕਮਰਾਨਾਂ ਨੇ ਪੰਜਾਬ ਨਾਲ ਬਹੁਤ ਵੱਡਾ ਧੱਕਾ ਕੀਤਾ। ਸੰਵਿਧਾਨ ਦੀ ਸੱਤਵੀ ਸ਼੍ਰੇਣੀ ਦੀ ਰਾਜਾਂ ਦੀ ਲਿਸਟ ਵਿਚ ਇੰਦਰਾਜ 17 ਅਨੁਸਾਰ ਪਾਣੀ, ਡੈਮ, ਝੀਲਾਂ ਅਤੇ ਬਿਜਲੀ ਪੈਦਾਵਾਰ ਰਾਜਾਂ ਦਾ ਵਿਸ਼ਾ ਹੈ। ਸੋ, ਇੰਜ ਕੇਂਦਰ ਸਰਕਾਰ ਪਾਣੀਆਂ ਸੰਬੰਧੀ ਕੋਈ ਵੀ ਕਾਨੂੰਨ ਨਹੀਂ ਬਣਾ ਸਕਦੀ। ਪਰ ਉਸ ਨੇ ਪੰਜਾਬ ਪੁਨਰਗਠਨ ਐਕਟ 1966 ਵਿਚ ਧਾਰਾ 78, 79, 80 ਪਾ ਕੇ ਪੰਜਾਬ ਦੇ ਪਾਣੀਆਂ ਉੱਤੇ ਡਾਕਾ ਮਾਰਨ ਦਾ ਪ੍ਰਬੰਧ ਕਰ ਲਿਆ। ਧਾਰਾ 78 ਨਾਲ ਭਾਖੜਾ, ਨੰਗਲ ਅਤੇ ਬਿਆਸ ਪ੍ਰਾਜੈਕਟਾਂ ਸੰਬੰਧੀ ਅਧਿਕਾਰ ਅਤੇ ਦੇਣਦਾਰੀਆਂ ਵਿਚ ਦਖ਼ਲ ਦਾ ਕੇਂਦਰ ਨੇ ਅਧਿਕਾਰ ਲੈ ਲਿਆ। ਧਾਰਾ 79 ਅਧੀਨ ਭਾਖੜਾ ਪ੍ਰਬੰਧਕੀ ਬੋਰਡ ਬਣਾਉਣ ਅਤੇ ਧਾਰਾ 80 ਅਧੀਨ ਪਾਣੀਆਂ ਦੀ ਵੰਡ, ਬਿਜਲੀ ਪੈਦਾਵਾਰ ਆਦਿ ਲਈ ਪ੍ਰਬੰਧਕੀ ਬੋਰਡ ਦੇ ਕੰਮ-ਕਾਜ ਵਿਚ ਅਤੇ ਉਸ ਨੂੰ ਚਲਾਉਣ ਦੇ ਅਧਿਕਾਰ ਲੈ ਲਏ, ਜੋ ਸਰਾਸਰ ਸੰਵਿਧਾਨ ਦੀ ਉਲੰਘਣਾ ਹੈ। ਇੰਝ ਬੀ.ਬੀ.ਐਮ.ਬੀ. ਕੇਂਦਰ ਦੇ ਇਕਤਰਫ਼ਾ ਕਬਜ਼ੇ ਵਾਲਾ ਇਹ ਗ਼ੈਰ ਸੰਵਿਧਾਨਕ ਬੋਰਡ ਬਣਾ ਕੇ ਪੰਜਾਬ ਨਾਲ ਧੋਖਾ ਕੀਤਾ ਗਿਆ, ਕਿਉਂਕਿ ਪੰਜਾਬੀ ਸੂਬਾ ਅਕਾਲੀਆਂ ਦੀ ਮੰਗ ਉੱਤੇ ਬਣਿਆ ਸੀ। ਇਸ ਲਈ ਜੇਕਰ ਅਕਾਲੀ ਤੁਰੰਤ ਇਸ ਦਾ ਵਿਰੋਧ ਕਰਦੇ ਤਾਂ ਪੰਜਾਬ ਦੇ ਇਨਾਂ ਦਰਿਆਵਾਂ ਦੇ ਪਾਣੀਆਂ ਦੀ ਮਾਲਕੀ ਪੰਜਾਬ ਤੋਂ ਕੇਂਦਰ ਕੋਲ ਨਾ ਜਾਂਦੀ। ਕੇਂਦਰ ਸਰਕਾਰ ਰਾਜਾਂ ਦੇ ਅਧਿਕਾਰਾਂ ਦੀ ਸੂਚੀ ਵਿਚ ਇੰਦਰਾਜ 17 ਸ਼ਾਮਿਲ ਹੋਣ ਕਰਕੇ ਉਕਤ ਧਾਰਾਵਾਂ ਪੰਜਾਬ ਪੁਨਰਗਠਨ ਐਕਟ 1966 ਵਿੱਚ ਸ਼ਾਮਿਲ ਨਹੀਂ ਕਰ ਸਕਦੀ ਸੀ। ਸੁਪਰੀਮ ਕੋਰਟ ਦਾ ਇੱਕ ਫ਼ੈਸਲਾ ਕਹਿੰਦਾ ਹੈ ਕਿ ਕੇਂਦਰ ਸਰਕਾਰ ਜਾਂ ਪਾਰਲੀਮੈਂਟ ਸੰਵਿਧਾਨ ਦੀ ਕੇਂਦਰ ਸਰਕਾਰ ਦੀ ਲਿਸਟ ਦੇ ਇੰਦਰਾਜ 56 ਅਨੁਸਾਰ ਕੇਵਲ ਅੰਤਰਰਾਜੀ ਦਰਿਆਵਾਂ ਦੇ ਝਗੜੇ ਨਿਬੇੜਨ ਲਈ ਦਖ਼ਲ ਦੇ ਕੇ ਟ੍ਰਿਬਿਊਨਲ ਬਣਾ ਸਕਦੀ ਹੈ ਪਰ ਰਾਜਾਂ ਦੀ ਸੂਚੀ ਦੇ ਇੰਦਰਾਜ 17 ਅਨੁਸਾਰ ਇਹ ਕੇਵਲ ਰਾਜਾਂ ਦਾ ਅਧਿਕਾਰ ਹੈ, ਕੇਂਦਰ ਕੋਈ ਦਖ਼ਲ ਨਹੀਂ ਦੇ ਸਕਦਾ। ਸਪੱਸ਼ਟ ਹੈ ਕਿ ਧਾਰਾ 78, 79 ਅਤੇ 80 ਰਾਜਾਂ ਦੇ ਅਧਿਕਾਰਾਂ ਦੀ ਸੂਚੀ ਦੇ ਇੰਦਰਾਜ 17 ਦੀ ਉਲੰਘਣਾ ਕਰਕੇ ਪੰਜਾਬ ਦੇ ਅਧਿਕਾਰਾਂ ਉੱਤੇ ਡਾਕਾ ਮਾਰਿਆ ਗਿਆ ਹੈ। ਸੰਵਿਧਾਨ ਦੇ ਘਾੜਿਆਂ ਨੇ ਪਾਣੀਆਂ ਦੇ ਸਬੰਧ ਵਿਚ ਸੰਵਿਧਾਨਕ ਨੀਯਤ ਸਪੱਸ਼ਟ ਕਰਨ ਲਈ ਰਾਜਾਂ ਦੀ ਸੂਚੀ ਵਿਚ ਅੰਦਰਾਜ 17 ਸ਼ਾਮਿਲ ਕਰ ਕੇ ਰਾਜਾਂ ਦੇ ਪਾਣੀਆਂ ਸੰਬੰਧੀ ਅਧਿਕਾਰ ਸਪੱਸ਼ਟ ਕਰਕੇ ਰਾਜਾਂ ਦੀ ਖ਼ੁਦਮੁਖਤਾਰੀ ਅਤੇ ਵਿਕਾਸ ਨੂੰ ਮਾਨਤਾ ਦਿੱਤੀ ਸੀ।

ਜੇਕਰ ਹੋਰ ਰਾਜਾਂ ਦੇ ਪੁਨਰਗਠਨ ਐਕਟ ਪੜ੍ਹੋ ਤਾਂ ਸਪੱਸ਼ਟ ਹੈ ਕਿ ਪੰਜਾਬ ਦੇ ਐਕਟ ਰਾਹੀਂ ਪੰਜਾਬ ਨਾਲ ਧੋਖਾ ਕੀਤਾ ਗਿਆ ਹੈ। ਮਿਸਾਲ ਵਜੋਂ ਆਂਧਰਾ ਪ੍ਰਦੇਸ਼ ਅਤੇ ਤੇਲੰਗਾਨਾ ਦੇ 2014 ਦੇ ਐਕਟ ਅਨੁਸਾਰ ਕੇਂਦਰ ਕੇਵਲ ਸਲਾਹ ਮੰਗਣ ਉੱਤੇ ਇਨ੍ਹਾਂ ਰਾਜਾਂ ਨੂੰ ਸਲਾਹ ਦੇ ਸਕਦਾ ਹੈ।

ਬਿਹਾਰ ਅਤੇ ਝਾਰਖੰਡ ਦੇ 2000 ਦੇ ਐਕਟ ਵਿਚ ਪਾਣੀਆਂ ਉੱਤੇ ਕੇਵਲ ਰਾਜਾਂ ਦਾ ਕੰਟਰੋਲ ਹੈ।

ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਦੇ 2000 ਦੇ ਐਕਟ ਵਿੱਚ ਵੀ ਪਾਣੀਆਂ ਉੱਤੇ ਕੇਵਲ ਰਾਜਾਂ ਦਾ ਕੰਟਰੋਲ ਹੈ।

ਯੂ.ਪੀ. ਅਤੇ ਉਤਰਾਖੰਡ ਦੇ 2000 ਦੇ ਐਕਟ ਵਿੱਚ ਵੀ ਪਾਣੀਆਂ ਉੱਤੇ ਕੇਵਲ ਰਾਜਾਂ ਦਾ ਕੰਟਰੋਲ ਹੈ।

ਕੇਵਲ ਪੰਜਾਬ ਲਈ ਪਾਰਲੀਮੈਂਟ ਨੂੰ ਵਰਤ ਕੇ ਸਾਡੇ ਪਾਣੀਆਂ ਉੱਤੇ ਕਬਜ਼ਾ ਕੀਤਾ ਗਿਆ ਹੈ। ਇੰਜ ਸੰਵਿਧਾਨ ਵਿਚ ਰਾਜਾਂ ਦੇ ਪਾਣੀਆਂ ਸੰਬੰਧੀ ਅਧਿਕਾਰ ਨੂੰ ਕੇਂਦਰ ਦੇ ਪ੍ਰਬੰਧ ਵਾਲੇ ਕੀਤਾ ਗਿਆ।

(ਬਾਕੀ ਸਫ਼ਾ 27 'ਤੇ)

# ਕਰਜ਼ੇ ਦੇ ਜੰਜਾਲ 'ਚ ਫ਼ਸਿਆ ਪੰਜਾਬ

ਡਾ. ਕੇਸਰ ਸਿੰਘ ਭੰਗੂ



ਪੰਜਾਬ ਪਿਛਲੇ ਕਾਫ਼ੀ ਸਮੇਂ ਤੋਂ ਸੂਬੇ ਸਿਰ ਚੜ੍ਹੇ ਮਣਾਂ ਮੂੰਹੀਂ ਕਰਜ਼ੇ ਦੇ ਭਾਰ ਕਾਰਨ ਵਿੱਤੀ ਤੇ ਆਰਥਿਕ ਵਿਕਾਸ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ। ਮੌਜੂਦਾ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਪਿਛਲੀਆਂ ਵਿਧਾਨ ਸਭਾ ਚੋਣਾਂ 'ਚ ਪਿਛਲੀਆਂ ਅਕਾਲੀ-ਬੀਜੇਪੀ ਤੇ ਕਾਂਗਰਸ ਦੀਆਂ ਸਰਕਾਰਾਂ ਵੇਲੇ ਹੋਏ ਆਰਥਿਕ ਤੇ ਵਿੱਤੀ ਕੁ-ਪ੍ਰਬੰਧ, ਖ਼ਾਸ ਕਰ ਕੇ ਪੰਜਾਬ ਸਿਰ ਚੜ੍ਹੇ ਕਰਜ਼ੇ ਦੇ ਮੁੱਦੇ ਨੂੰ ਮੁੱਖ ਤੌਰ 'ਤੇ ਉਭਾਰ ਕੇ ਸੱਤਾ 'ਚ ਆਈ ਸੀ।

ਆਮ ਆਦਮੀ ਪਾਰਟੀ ਨੇ 2022 'ਚ ਵਿਧਾਨ ਸਭਾ ਚੋਣਾਂ ਦੌਰਾਨ ਵਾਅਦਾ ਕੀਤਾ ਸੀ ਕਿ ਜੇਕਰ ਸੂਬੇ 'ਚ ਉਨ੍ਹਾਂ ਦੀ ਸਰਕਾਰ ਬਣੀ ਤਾਂ ਉਹ ਪੰਜਾਬ ਨੂੰ ਕਰਜ਼ਾ ਮੁਕਤ ਕਰੇਗੀ ਤੇ ਸੂਬੇ ਦੀਆਂ ਹੋਰ ਵਿੱਤੀ ਤੇ ਆਰਥਿਕ ਸਮੱਸਿਆਵਾਂ ਦਾ ਵੀ ਹੱਲ ਕਰੇਗੀ। ਪੰਜਾਬ ਦੇ ਬਹੁਤੇ ਲੋਕਾਂ ਨੇ ਇਹ ਉਮੀਦ ਲਗਾਈ ਸੀ ਕਿ 2022 'ਚ ਬਣੀ ਨਵੀਂ ਮੌਜੂਦਾ ਸਰਕਾਰ ਹੋਰ ਕਰਜ਼ਾ ਨਹੀਂ ਲਵੇਗੀ, ਨਾਲ ਹੀ ਇਹ ਵੀ ਉਮੀਦ ਲਗਾਈ ਸੀ ਕਿ ਸਾਰਾ ਕਰਜ਼ਾ ਕੁਝ ਸਾਲਾਂ 'ਚ ਉਤਾਰ ਦਿੱਤਾ ਜਾਵੇਗਾ ਤੇ ਪੰਜਾਬ ਵਾਅਦਿਆਂ ਮੁਤਾਬਕ ਕਰਜ਼ਾ ਮੁਕਤ ਹੋ ਜਾਵੇਗਾ ਪਰ ਇਸ ਤਰ੍ਹਾਂ ਨਹੀਂ ਹੋਇਆ ਤੇ ਨਾ ਹੀ ਹੋ ਸਕਦਾ ਸੀ ਕਿਉਂਕਿ ਪੰਜਾਬ ਸਰਕਾਰ ਨੂੰ ਹੋਰ ਕਰਜ਼ਾ ਲੈਣਾ ਵੀ ਪੈਣਾ ਸੀ ਤੇ ਸਾਰਾ ਕਰਜ਼ਾ ਵਾਪਸ ਕਰਨ ਲਈ ਵੀ ਲੰਮਾਂ ਸਮਾਂ ਲੱਗੇਗਾ ਕਿਉਂਕਿ ਕਿਸੇ ਵੀ ਸਰਕਾਰ ਕੋਲ ਕੋਈ ਜਾਦੂ ਦੀ ਛੜੀ ਨਹੀਂ ਹੁੰਦੀ ਕਿ ਘੁਮਾਈ ਤੇ ਸਾਰਾ ਕਰਜ਼ਾ ਰਾਤੋਂ ਰਾਤ ਵਾਪਸ ਕਰ ਦਿੱਤਾ। ਹੁਣ ਇੱਕ ਵਾਰ ਫ਼ਿਰ ਤੋਂ ਪੰਜਾਬ ਸਿਰ ਚੜ੍ਹੇ ਕਰਜ਼ੇ ਦਾ ਮੁੱਦਾ ਵੱਖ-ਵੱਖ ਹਲਕਿਆਂ 'ਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਕਿਉਂਕਿ 2027 ਦੀਆਂ ਵਿਧਾਨ ਸਭਾ ਚੋਣਾਂ ਨੇੜੇ ਆ ਰਹੀਆਂ ਹਨ। ਦੂਜਾ ਦੇਸ਼ ਦੀ ਪਾਰਲੀਮੈਂਟ 'ਚ ਕਿਸੇ ਮੈਂਬਰ ਦੇ ਸਵਾਲ ਦਾ ਜਵਾਬ ਦਿੰਦਿਆਂ ਕੇਂਦਰੀ ਵਿੱਤ ਮੰਤਰਾਲੇ ਨੇ ਦੇਸ਼ ਦੇ ਸਾਰੇ ਸੂਬਿਆਂ ਸਿਰ ਚੜ੍ਹੇ ਕਰਜ਼ੇ ਦੇ ਅੰਕੜੇ ਪੇਸ਼ ਕੀਤੇ ਗਏ ਹਨ। ਸਪੱਸ਼ਟ ਹੈ ਕਿ ਪੰਜਾਬ ਦੇਸ਼ ਦੇ ਬਾਕੀ ਸੂਬਿਆਂ ਦੇ ਮੁਕਾਬਲੇ ਕਰਜ਼ੇ ਦੇ ਜੰਜਾਲ 'ਚ ਫ਼ਸ ਚੁੱਕਾ ਹੈ। ਪੰਜਾਬ ਤਿੰਨ ਤਰ੍ਹਾਂ ਦੇ ਕਰਜ਼ੇ ਲੈਂਦਾ ਹੈ।

ਪਹਿਲਾਂ ਦੇਸ਼ ਦੇ ਕਰਜ਼ਾ ਬਜ਼ਾਰ 'ਚੋਂ ਲੰਮੇਂ ਸਮੇਂ ਲਈ, ਦੂਜਾ ਦੇਸ਼ ਦੇ ਕੇਂਦਰੀ ਬੈਂਕ ਤੋਂ ਉਪਾਅ ਤੇ ਸਾਧਨ ਪੇਸ਼ੀਆਂ ਤਹਿਤ ਛੋਟੇ ਸਮੇਂ ਲਈ, ਇਹਨਾਂ ਦੋਵੇਂ ਕਰਜ਼ਿਆਂ ਦਾ ਜ਼ਿਕਰ ਤੇ ਪ੍ਰਬੰਧ ਸੂਬੇ ਦੇ ਬਜਟ 'ਚ ਹੁੰਦਾ ਹੈ ਪਰ ਤੀਜੇ ਕਿਸਮ ਦੇ ਲਏ ਜਾਂਦੇ ਕਰਜ਼ਿਆਂ ਨੂੰ ਬਜਟ ਤੋਂ ਬਾਹਰ ਲਏ ਗਏ ਕਰਜ਼ੇ ਕਿਹਾ ਜਾਂਦਾ ਹੈ, ਜਿਹੜੇ ਪੰਜਾਬ ਸਰਕਾਰ ਦੇ ਸਰਕਾਰੀ ਬੋਰਡ, ਕਾਰਪੋਰੇਸ਼ਨਾਂ ਤੇ ਹੋਰ ਅਦਾਰੇ ਲੈਂਦੇ ਹਨ ਪਰ ਇਨ੍ਹਾਂ ਦਾ ਬਜਟ 'ਚ ਕੋਈ ਜ਼ਿਕਰ ਨਹੀਂ ਕੀਤਾ ਜਾਂਦਾ ਹੈ। ਜੇਕਰ ਪਹਿਲੇ ਕਿਸਮ ਦੇ ਕਰਜ਼ੇ ਦੀ ਗੱਲ ਕਰੀਏ ਤਾਂ ਪਤਾ ਲੱਗਦਾ ਹੈ ਪੰਜਾਬ ਸਿਰ ਇਹ ਕਰਜ਼ਾ ਮਾਰਚ 2012 'ਚ 83099 ਕਰੋੜ ਰੁਪਏ ਸੀ। ਜਦੋਂ ਕਿ ਵੱਧ ਕੇ ਮਾਰਚ 2016 'ਚ 1,28,836 ਕਰੋੜ ਰੁਪਏ, ਮਾਰਚ 2017 'ਚ 1,82,526 ਕਰੋੜ ਰੁਪਏ, ਮਾਰਚ 2022 'ਚ 2,81,773 ਕਰੋੜ ਰੁਪਏ, ਮਾਰਚ 2023 'ਚ 3,14,221 ਕਰੋੜ ਰੁਪਏ, ਮਾਰਚ 2024 'ਚ 3,46,185 ਕਰੋੜ ਰੁਪਏ, ਮਾਰਚ 2025 'ਚ 3,82,935 ਕਰੋੜ ਰੁਪਏ, ਮਾਰਚ 2026 'ਚ 4,17,136 ਕਰੋੜ ਰੁਪਏ ਸੀ ਅਤੇ ਅਨੁਮਾਨ ਲਗਾਇਆ ਜਾ ਰਿਹਾ ਹੈ ਕਿ ਮਾਰਚ 2027 'ਚ 4,55,000 ਕਰੋੜ ਰੁਪਏ ਹੋ ਜਾਵੇਗਾ।

ਚੋਣਾਂ ਦਾ ਸਾਲ ਹੋਣ ਕਾਰਨ ਤੇ ਜਿਵੇਂ ਦੇ ਹਾਲਾਤ ਹਨ, ਕਰਜ਼ਾ ਹੋਰ ਵੱਧਣ ਦੇ ਵਧੇਰੇ ਸੰਭਾਵਨਾ ਹੈ। ਸੂਬੇ ਸਿਰ ਚੜ੍ਹੇ ਕਰਜ਼ੇ ਨੂੰ ਇਕ ਹੋਰ ਪਹਿਲੂ ਤੋਂ ਵੀ ਸਮਝਣਾ ਜ਼ਰੂਰੀ ਹੈ ਕਿ ਪੰਜਾਬ ਸਿਰ 1980 ਤੋਂ 1990 ਦੇ ਦੌਰਾਨ ਹਰ ਸਾਲ 609 ਕਰੋੜ ਰੁਪਏ ਦਾ ਕਰਜ਼ਾ ਚੜ੍ਹਦਾ ਸੀ। 1990-91 ਤੋਂ 2001-02 ਦੇ ਦੌਰਾਨ ਵੱਧ ਕੇ ਹਰ ਸਾਲ 2696 ਕਰੋੜ ਰੁਪਏ ਹੋ ਗਿਆ। 2002-07 ਦੇ ਦਰਮਿਆਨ ਵੱਧ ਕੇ 6389 ਕਰੋੜ ਰੁਪਏ ਹੋ ਗਿਆ। 2011-12 ਤੋਂ 2021-22 ਦੇ ਵਿਚਕਾਰ ਹਰ ਸਾਲ ਚੜ੍ਹਨ ਵਾਲੇ ਕਰਜ਼ੇ ਦੀ ਮਾਤਰਾ 19,867 ਕਰੋੜ ਰੁਪਏ ਹੋ ਗਈ। ਸਾਲ 2022-23 ਤੋਂ 2024-25 ਦਰਮਿਆਨ 33,721 ਕਰੋੜ ਰੁਪਏ ਤੇ ਅੰਦਾਜ਼ਨ 2025-26 'ਚ 34,201 ਕਰੋੜ ਰੁਪਏ ਤੇ 2026-27 'ਚ 38,000 ਕਰੋੜ ਰੁਪਏ ਤੋਂ ਵੱਧ ਹੋ ਜਾਵੇਗਾ। ਦੂਜੀ ਤਰ੍ਹਾਂ ਦੇ ਕਰਜ਼ੇ ਜੋ ਕਿ ਭਾਰਤੀ ਰਿਜ਼ਰਵ ਬੈਂਕ ਤੋਂ ਲਏ ਜਾਂਦੇ ਛੋਟੇ ਸਮੇਂ (90 ਦਿਨਾਂ ਲਈ) ਦੇ ਕਰਜ਼ੇ ਜਿਹਨਾਂ ਨੂੰ ਬਜਟ 'ਚ ਉਪਾਅ ਤੇ ਸਾਧਨ ਪੇਸ਼ਗੀਆ ਕਿਹਾ ਜਾਂਦਾ ਹੈ। ਕੇਂਦਰ ਸਰਕਾਰ ਅਤੇ ਸੂਬਾ ਸਰਕਾਰਾਂ ਲਈ ਉਪਾਅ ਅਤੇ ਸਾਧਨ ਪੇਸ਼ਗੀਆ ਦਾ ਪ੍ਰਬੰਧ ਰਿਜ਼ਰਵ ਬੈਂਕ ਨੇ ਰਿਜ਼ਰਵ ਬੈਂਕ ਐਕਟ, 1934 ਅਧੀਨ 1997 'ਚ ਕੀਤਾ ਸੀ।

ਇਸ ਤੋਂ ਪਹਿਲਾਂ ਸਰਕਾਰਾਂ ਨੂੰ ਰਿਜ਼ਰਵ ਬੈਂਕ ਤੋਂ ਛੋਟੇ ਸਮੇਂ ਲਈ ਕਰਜ਼ੇ ਲੈਣ ਲਈ ਕੁਝ ਨਾ ਕੁਝ ਗਹਿਣੇ ਰੱਖਣਾ ਪੈਂਦਾ ਸੀ, ਆਮ ਤੌਰ 'ਤੇ ਸਰਕਾਰੀ ਪ੍ਰਤੀਭੂਤੀਆ ਨੂੰ ਗਹਿਣੇ ਰੱਖਿਆ ਜਾਂਦਾ ਸੀ। ਉਪਾਅ ਤੇ ਸਾਧਨ ਪੇਸ਼ਗੀਆ ਮੱਦ ਅਧੀਨ ਵਿਆਜ਼ ਦੀ ਦਰ ਰੈਪੋ ਦਰ ਦੇ ਬਰਾਬਰ ਹੁੰਦੀ ਹੈ, ਭਾਵ ਜਿਸ ਵਿਆਜ਼ ਦਰ 'ਤੇ ਰਿਜ਼ਰਵ ਬੈਂਕ ਮੈਂਬਰ ਬੈਂਕਾਂ ਨੂੰ ਕਰਜ਼ੇ ਦਿੰਦਾ ਹੈ। ਸਰਕਾਰਾਂ ਇਹ ਕਰਜ਼ੇ ਛੋਟੇ ਸਮੇਂ ਭਾਵ 90 ਦਿਨਾਂ ਲਈ ਲੈ ਸਕਦੀਆਂ ਹਨ। ਇਨ੍ਹਾਂ ਕਰਜ਼ਿਆਂ ਦਾ ਮੁੱਖ ਮੰਤਵ ਸਰਕਾਰਾਂ ਦੇ ਵਿੱਤੀ ਪ੍ਰਬੰਧਨ, ਵਿੱਤੀ ਅਸਥਿਰਤਾ ਤੇ ਵਿੱਤੀ ਗੜਬੜੀ ਨੂੰ ਤੁਰੰਤ ਠੀਕ ਕਰਨਾ ਹੁੰਦਾ ਹੈ, ਭਾਵ ਅੱਜ-ਕੱਲ੍ਹ ਜਦੋਂ ਵੀ ਪੰਜਾਬ ਸਰਕਾਰ ਦੇ ਖਾਤੇ 'ਚ ਰਕਮ ਹੱਦ ਨਾਲੋਂ ਘੱਟ ਜਾਵੇ ਤਾਂ ਇਸ ਸਹੂਲਤ ਅਧੀਨ ਕਰਜ਼ਾ ਲਿਆ ਜਾ ਸਕਦਾ ਹੈ। ਸਰਕਾਰਾਂ ਡਬਲਿਊਐੱਮਏਜ਼ ਅਧੀਨ ਕਰਜ਼ੇ ਤਿੰਨ ਤਰੀਕਿਆਂ ਨਾਲ ਲੈ ਸਕਦੀਆਂ ਹਨ, ਪਹਿਲਾਂ, ਵਿਸ਼ੇਸ਼ ਸਹੁਲਤ ਉਪਾਅ ਤੇ ਸਾਧਨ ਪੇਸ਼ਗੀਆ ਤਹਿਤ ਸਰਕਾਰੀ ਪ੍ਰਤੀਭੂਤੀਆ ਨੂੰ ਰਿਜ਼ਰਵ ਬੈਂਕ ਕੋਲ ਗਹਿਣੇ ਰੱਖ ਕੇ, ਇਹ ਸਹੂਲਤ ਅਧੀਨ ਵਿਆਜ਼ ਦੀ ਦਰ ਰੈਪੋ ਦਰ ਤੋਂ ਘੱਟ ਹੁੰਦੀ ਹੈ।

ਦੂਜਾ, ਆਮ ਉਪਾਅ ਤੇ ਸਾਧਨ ਪੇਸ਼ਗੀਆ ਤਹਿਤ, ਇਸ ਅਧੀਨ ਵਿਆਜ਼ ਦੀ ਦਰ ਰੈਪੋ ਦਰ ਦੇ ਬਰਾਬਰ ਹੁੰਦੀ ਹੈ ਅਤੇ ਤੀਜਾ, ਓਵਰ ਡ੍ਰਾਫ਼ਟ ਰਾਹੀਂ ਇਸ ਅਧੀਨ ਵਿਆਜ਼ ਦੀ ਦਰ ਰੈਪੋ ਦਰ ਤੋਂ ਜ਼ਿਆਦਾ ਹੁੰਦੀ ਹੈ। ਉਪਾਅ ਤੇ ਸਾਧਨ ਪੇਸ਼ਗੀਆ ਤਹਿਤ ਕਰਜ਼ੇ ਦੀ ਮਾਤਰਾ ਸੂਬੇ ਦੇ ਪਿਛਲੇ ਤਿੰਨ ਸਾਲਾਂ ਦੇ ਸ਼ੁਧ ਖ਼ਰਚੇ ਤੇ ਆਮਦਨ ਦੇ ਔਸਤ ਦੇ ਬਰਾਬਰ ਹੁੰਦੀ ਹੈ। ਪੰਜਾਬ ਸਰਕਾਰ ਪਹਿਲਾਂ ਉਪਾਅ ਤੇ ਸਾਧਨ ਪੇਸ਼ਗੀਆ ਦੀ ਸਹੂਲਤ ਦੀ ਕਦੇ-ਕਦਾਈਂ ਵਰਤੋਂ ਕਰਦੀ ਸੀ ਪਰ ਹੁਣ ਰਿਪੋਰਟਾਂ ਦੱਸਦੀਆਂ ਹਨ ਕਿ ਇਹ ਸਹੂਲਤ ਦੀ ਵਰਤੋਂ ਆਮ ਹੀ ਕੀਤੀ ਜਾਂਦੀ ਹੈ, ਉਦਾਹਰਣ ਦੇ ਤੌਰ ਵਿੱਤੀ ਵਰ੍ਹੇ 2022-23 ਦੌਰਾਨ ਸਰਕਾਰ ਨੇ ਇਸ ਸਹੂਲਤ ਤਹਿਤ 116 ਵਾਰੀ ਕਰਜ਼ ਲਿਆ ਸੀ।

ਵਿੱਤੀ ਸਾਲਾਂ 2023-24 ਅਤੇ 2024-25 ਦੌਰਾਨ ਵੀ ਉਪਾਅ ਤੇ ਸਾਧਨ ਪੇਸ਼ਗੀਆ ਦੀ ਸਰਕਾਰ ਨੇ ਖੁੱਲ੍ਹ ਕੇ ਵਰਤੋਂ ਕੀਤੀ। ਇੱਥੇ ਹੀ ਬਸ ਨਹੀਂ, ਉਪਾਅ ਤੇ ਸਾਧਨ ਪੇਸ਼ਗੀਆ ਤਹਿਤ ਲਏ ਜਾਣ ਵਾਲੇ ਫ਼ੰਡਾਂ 'ਚ ਵੀ ਚੋਖਾ ਵਾਧਾ ਹੋਇਆ ਹੈ। ਇੱਥੇ ਇਹ ਵਰਨਣਯੋਗ ਹੈ ਕਿ ਅੱਜ-ਕੱਲ੍ਹ ਸਰਕਾਰ ਵੱਲੋਂ ਲਏ ਜਾਣ ਵਾਲੇ ਪਬਲਿਕ ਕਰਜ਼ੇ ਦੀ ਮਾਤਰਾ ਤੇ ਉਪਾਅ ਅਤੇ ਸਾਧਨ ਪੇਸ਼ਗੀਆ ਤਹਿਤ ਲਏ ਜਾਣ ਵਾਲੇ ਕਰਜ਼ਿਆਂ ਦੀ ਮਾਤਰਾ ਕਾਫ਼ੀ ਵੱਧ ਗਈ ਹੈ ਉਦਾਹਰਣ ਦੇ ਤੌਰ 'ਤੇ ਵਿੱਤੀ ਵਰ੍ਹੇ 2011-12 ਦੌਰਾਨ 8860 ਕਰੋੜ ਰੁਪਏ ਦੇ ਪਬਲਿਕ ਕਰਜ਼ੇ ਲਏ ਸਨ, ਜਿਹੜੇ ਹੁਣ ਵੱਧ ਕੇ 49900 ਕਰੋੜ ਰੁਪਏ ਦੇ ਹੋ ਜਾਣਗੇ। ਇਵੇਂ ਹੀ ਵਿੱਤੀ ਵਰ੍ਹੇ 2011-12 ਦੌਰਾਨ ਉਪਾਅ ਤੇ ਸਾਧਨ ਪੇਸ਼ਗੀਆ ਤਹਿਤ 6011 ਕਰੋੜ ਰੁਪਏ ਦੇ ਕਰਜ਼ੇ ਲਏ ਗਏ ਸਨ ਤੇ ਇਹ ਹੁਣ ਵੱਧ ਕੇ 71250 ਕਰੋੜ ਰੁਪਏ ਦੇ ਹੋ ਜਾਣਗੇ।ਤੀਜੀ ਤਰ੍ਹਾਂ ਦੇ ਕਰਜ਼ੇ ਦੀ ਗੱਲ ਕੀਤੀ ਜਾਵੇ, ਭਾਵ ਬਜਟ ਤੋਂ ਬਾਹਰ ਲਏ ਜਾਂਦੇ ਕਰਜ਼ਿਆਂ ਦਾ ਮੁੱਦਾ ਹੁਣੇ ਹੀ ਕੈਗ ਨੇ ਉਭਾਰਿਆ ਹੈ ਅਤੇ ਕੈਗ ਨੇ ਆਪਣੀ ਰਿਪੋਰਟ 'ਚ ਸਾਰੇ ਸੂਬਿਆਂ ਨੂੰ ਬਜਟ ਤੋਂ ਬਾਹਰ ਲਏ ਜਾਂਦੇ ਕਰਜ਼ਿਆਂ, ਸ਼ੁਰੂਆਤੀ ਤੌਰ 'ਤੇ ਬਜਟ 'ਚ ਸਪੱਸ਼ਟ ਤੌਰ 'ਤੇ ਨਹੀਂ ਦਿਖਾਈ ਦਿੰਦੇ, ਇਸ ਨਾਲ ਅਸਲ ਕਰਜ਼ੇ ਦੀ ਸਥਿਤੀ ਦਾ ਅੰਦਾਜ਼ਾ ਲਗਾਉਣਾ ਬਹੁਤ ਮੁਸ਼ਕਲ ਹੁੰਦਾ ਹੈ, ਨੂੰ ਪੂਰੀ ਪਾਰਦਰਸ਼ਤਾ ਨਾਲ ਦਰਸਾਉਣ ਲਈ ਕਿਹਾ ਹੈ। ਪੰਜਾਬ ਦੇ ਮਾਮਲੇ 'ਚ ਕੈਗ ਨੇ 2023-24 ਦੌਰਾਨ 4,093 ਕਰੋੜ ਰੁਪਏ ਦੇ ਬਜਟ ਤੋਂ ਬਾਹਰ ਲਏ ਕਰਜ਼ਿਆਂ ਦੀ ਵੀ ਨਿਸ਼ਾਨਦੇਹੀ ਕੀਤੀ ਹੈ ਅੰਦਾਜ਼ਿਆਂ ਮੁਤਾਬਕ ਹੁਣ ਇਹਨਾਂ ਕਰਜ਼ਿਆਂ ਦੀ ਮਾਤਰਾ ਬਹੁਤ ਵੱਧ ਗਈ ਹੈ। ਸੂਬਾ ਸਰਕਾਰ ਵਿੱਤੀ ਤੇ ਆਰਥਿਕ ਸਥਿਤੀ ਨੂੰ ਲੀਹ 'ਤੇ ਲਿਆਉਣ ਲਈ ਕੁਝ ਸਖ਼ਤ ਫ਼ੈਸਲੇ ਲਏ। ਪਹਿਲਾਂ ਸੂਬੇ 'ਚ ਦਿੱਤੀਆਂ ਜਾਂਦੀਆਂ ਵੱਡੇ ਪੱਧਰ 'ਤੇ ਸਾਰੀਆਂ ਹੀ ਸਬਸਿਡੀਆਂ ਅਤੇ ਮੁਫ਼ਤ ਸਹੂਲਤਾਂ ਦਾ ਜਲਦੀ ਤੋਂ ਜਲਦੀ ਨਿਰੀਖਣ ਕਰਦੇ ਹੋਏ ਇਹਨਾਂ ਨੂੰ ਤਰਕਸੰਗਤ ਬਣਾਏ ਭਾਵ ਇਹ ਸਬਸਿਡੀਆਂ ਅਤੇ ਮੁਫ਼ਤ ਸਹੂਲਤਾਂ ਲੋੜਬੰਦ ਲੋਕਾਂ ਨੂੰ ਹੀ ਦਿੱਤੀਆਂ ਜਾਣ। ਦੂਜਾ ਸਰਕਾਰ ਆਪਣੀ ਫ਼ਜ਼ੂਲ ਖ਼ਰਚੀ 'ਤੇ ਵੀ ਤੁਰੰਤ ਰੋਕ ਲਗਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਸੂਬਾ ਕੁਝ ਸਾਲਾਂ 'ਚ ਹੀ ਕਰਜ਼ੇ ਦੇ ਜਾਲ 'ਚ ਇਸ ਕਦਰ ਧਸ ਜਾਵੇਗਾ, ਜਿਥੋਂ ਸੂਬੇ ਦੀ ਆਰਥਿਕਤਾ ਨੂੰ ਕੱਢਣਾ ਅਸੰਭਵ ਹੋ ਜਾਵੇਗਾ। ਤੀਜਾ, ਸਰਕਾਰ ਨੂੰ ਆਪਣੀ ਟੈਕਸਾਂ ਤੋਂ ਆਮਦਨ ਅਤੇ ਗੈਰ ਟੈਕਸ ਆਮਦਨ ਨੂੰ ਵਧਾਉਣ ਲਈ ਸੁਹਿਰਦ ਯਤਨ ਕਰਨੇ ਚਾਹੀਦੇ ਹਨ। ਚੌਥਾ, ਨਿਵੇਸ਼ ਅਤੇ ਪੂੰਜੀਗਤ ਖ਼ਰਚ, ਜਿਹੜੇ ਕਿ ਬਹੁਤ ਨੀਵੇਂ ਪੱਧਰ 'ਤੇ ਹਨ, ਨੂੰ ਵਧਾਉਣ ਦੀ ਹਰ ਕੋਸ਼ਿਸ਼ ਕੀਤੀ ਜਾਵੇ ਇਸ ਸਬੰਧੀ ਸੂਬਾ ਸਰਕਾਰ ਨੂੰ ਕੇਂਦਰ ਸਰਕਾਰ ਨਾਲ ਰਾਬਤਾ ਕਾਇਮ ਕਰਕੇ ਇੱਕ ਲੰਮੇ ਸਮੇਂ ਨਿਵੇਸ਼ ਪੈਕੇਜ ਅਤੇ ਕਰਜ਼ਾ ਰਾਹਤ ਪੈਕੇਜ ਦੀ ਮੰਗ ਕਰਨੀ ਚਾਹੀਦੀ ਹੈ। ਇਸ ਤੋਂ ਇਲਾਵਾ ਸਰਕਾਰ ਕਰਜ਼ੇ ਦੀ ਵਾਪਸੀ 'ਤੇ ਰੋਕ ਦੀ ਮੰਗ ਕਰ ਸਕਦੀ ਹੈ, ਜਿਸ ਨਾਲ ਨਾ ਸਿਰਫ਼ ਕਰਜ਼ੇ ਦੀ ਅਦਾਇਗੀ ਨੂੰ ਰੋਕਿਆ ਜਾ ਸਕੇਗਾ, ਜਮ੍ਹਾਂ ਕਰਜ਼ੇ ਤੇ ਵਸੂਲੇ ਜਾਣ ਵਾਲੇ ਵਿਆਜ਼ ਨੂੰ ਰੋਕ ਦਿੱਤਾ ਜਾਵੇਗਾ।

# ਜੀ.ਡੀ.ਪੀ. ਵਿਕਾਸ ਦਰ: ਮੋਦੀ ਸਰਕਾਰ ਦਾ ਅੰਕੜਿਆਂ ਦਾ ਭਰਮ ਜਾਂ ਅਸਲ ਤਰੱਕੀ ?



ਆਸ਼ੂਤੋਸ਼ ਸੀਨੀਅਰ ਪੱਤਰਕਾਰ




ਇੱਕ ਚੰਗੀ ਗੱਲ ਇਹ ਹੋਈ ਹੈ ਕਿ ਆਖ਼ਰ ਪ੍ਰਧਾਨ ਮੰਤਰੀ ਮੋਦੀ ਨੇ ਇਹ ਤਾਂ ਮੰਨਿਆ ਕਿ ਭਾਰਤ ਦੀ ਵਿਰੋਧੀ ਧਿਰ ਵੀ ਉਨ੍ਹਾਂ ਦੇ ਘਰ ਦੇ ਹੀ ਲੋਕ ਹਨ, ਦੁਸ਼ਮਣ ਨਹੀਂ। ਪ੍ਰਧਾਨ ਮੰਤਰੀ ਨੇ ਦਿੱਲੀ ਦੇ ਸ੍ਰੀ ਰਾਮ ਕਾਲਜ ਵਿੱਚ ਨਾਰਾਜ਼ ਫੁੱਫੜ ਦਾ ਜ਼ਿਕਰ ਕੀਤਾ। ਉਨ੍ਹਾਂ ਦੇ ਕਹਿਣ ਦਾ ਭਾਵ ਸੀ ਕਿ ਜਿਵੇਂ ਘਰ-ਪਰਿਵਾਰ ਵਿੱਚ ਫੁੱਫੜ ਕਿਸਮ ਦੇ ਲੋਕ ਹਮੇਸ਼ਾ ਨਾਰਾਜ਼ ਰਹਿੰਦੇ ਹਨ, ਇਸੇ ਤਰ੍ਹਾਂ ਦੇਸ਼ ਵਿੱਚ ਵੀ ਅਜਿਹੇ ਕੁਝ ਲੋਕ ਹਨ, ਜੋ ਕਦੇ ਖ਼ੁਸ਼ ਨਹੀਂ ਹੋ ਸਕਦੇ ਤੇ ਹਮੇਸ਼ਾ ਨਾਰਾਜ਼ ਰਹਿੰਦੇ ਹਨ। ਉਨ੍ਹਾਂ ਦੇ ਕਹਿਣ ਦਾ ਮਤਲਬ ਸੀ ਕਿ ਦੇਸ਼ ਦੀ ਅਰਥਵਿਵਸਥਾ 7.8 ਫ਼ੀਸਦੀ ਦੀ ਦਰ ਨਾਲ ਛਲਾਂਗਾਂ ਮਾਰ ਰਹੀ ਹੈ, ਫਿਰ ਵੀ ਕੁਝ ਲੋਕ ਉਸ ਤੋਂ ਖ਼ੁਸ਼ ਹੋਣ ਦੀ ਬਜਾਏ ਨੁਕਸ ਕੱਢ ਰਹੇ ਹਨ। ਦਰਅਸਲ ਜਦੋਂ ਤੋਂ ਅਪ੍ਰੈਲ ਅਤੇ ਜੂਨ ਦੀ ਤਿਮਾਹੀ ਦੇ ਜੀ.ਡੀ.ਪੀ. ਦੇ ਅੰਕੜੇ ਆਏ ਹਨ, ਇੱਕ ਬਹਿਸ ਸ਼ੁਰੂ ਹੋ ਗਈ ਹੈ ਕਿ ਇਹ ਅੰਕੜੇ ਦੇਸ਼ ਦੀ ਅਰਥਵਿਵਸਥਾ ਦੀ ਸਹੀ ਤਸਵੀਰ ਪੇਸ਼ ਨਹੀਂ ਕਰਦੇ। ਭਾਵ, ਅਸਲ ਜੀ.ਡੀ.ਪੀ. 7.8 ਫ਼ੀਸਦੀ ਤੋਂ ਘੱਟ ਹੈ ਅਤੇ ਇਹ ਅੰਕੜੇ ਅਸਲੀਅਤ ਨੂੰ ਨਹੀਂ ਦਰਸਾਉਂਦੇ।ਸਾਬਕਾ ਵਿੱਤ ਸਕੱਤਰ ਸੁਭਾਸ਼ ਚੰਦਰ ਗਰਗ ਨੇ 'ਸੱਤਿਆ ਹਿੰਦੀ' ਚੈਨਲ ਨੂੰ ਦੱਸਿਆ ਸੀ ਕਿ ਸਰਕਾਰੀ ਅੰਕੜਿਆਂ ਦੇ ਹਿਸਾਬ ਨਾਲ ਅਸਲ ਜੀ.ਡੀ.ਪੀ. ਸਿਫ਼ਰ (ਜ਼ੀਰੋ) ਫ਼ੀਸਦੀ ਵੀ ਹੋ ਸਕਦੀ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਅਸਲ ਜੀ.ਡੀ.ਪੀ. 4-5 ਫ਼ੀਸਦੀ ਦੇ ਵਿਚਕਾਰ ਹੀ ਹੈ।

ਦੱਸਣਯੋਗ ਹੈ ਕਿ ਸੁਭਾਸ਼ ਚੰਦਰ ਗਰਗ ਮੋਦੀ ਸਰਕਾਰ ਵਿੱਚ ਵਿੱਤ ਸਕੱਤਰ ਰਹੇ ਹਨ, ਜੋ ਵੀ.ਆਰ.ਐੱਸ. ਲੈਣ ਤੋਂ ਬਾਅਦ ਕਈ ਕਿਤਾਬਾਂ ਲਿਖ ਚੁੱਕੇ ਹਨ। ਗਰਗ ਦੇ ਸਮਰਥਨ ਵਿੱਚ ਆਏ ਭਾਰਤੀ ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਰਘੂਰਾਮ ਰਾਜਨ ਦਾ ਕਹਿਣਾ ਹੈ ਕਿ ਜੇਕਰ ਅਰਥਵਿਵਸਥਾ ਇੰਨੀ ਮਜ਼ਬੂਤ ਹੈ ਤਾਂ ਜ਼ਮੀਨੀ ਪੱਧਰ 'ਤੇ ਕਿਉਂ ਦਿਖਾਈ ਨਹੀਂ ਦੇ ਰਹੀ ? ਲੋਕ ਖ਼ੁਸ਼ ਕਿਉਂ ਨਹੀਂ ਹਨ, ਬੇਰੁਜ਼ਗਾਰੀ ਕਿਉਂ ਵਧ ਰਹੀ ਹੈ ਅਤੇ ਨਿੱਜੀ ਨਿਵੇਸ਼ ਵਿੱਚ ਵਾਧਾ ਕਿਉਂ ਨਹੀਂ ਹੋ ਰਿਹਾ ? ਭਾਰਤ ਸਰਕਾਰ ਵਿੱਚ ਮੁੱਖ ਆਰਥਿਕ ਸਲਾਹਕਾਰ ਰਹਿ ਚੁੱਕੇ ਕੌਸ਼ਿਕ ਬਾਸੂ ਵੀ ਕਾਫ਼ੀ ਹੱਦ ਤੱਕ ਗਰਗ ਦੀ ਰਾਇ ਨਾਲ ਸਹਿਮਤ ਜਾਪਦੇ ਹਨ, ਜਦਕਿ ਭਾਰਤ ਦੇ ਪਹਿਲੇ ਮੁੱਖ ਅੰਕੜਾ ਅਧਿਕਾਰੀ ਪ੍ਰਣਬ ਸੇਨ ਦਾ ਕਹਿਣਾ ਹੈ ਕਿ ਜੀ.ਡੀ.ਪੀ. ਦੇ ਅੰਕੜੇ ਦੇਸ਼ ਦੀ ਅਸਲ ਤਸਵੀਰ ਪੇਸ਼ ਨਹੀਂ ਕਰਦੇ। ਦਰਅਸਲ, ਮੋਦੀ ਸਰਕਾਰ ਦੇ ਆਉਣ ਤੋਂ ਬਾਅਦ ਜੀ.ਡੀ.ਪੀ. ਦੀ ਗਣਨਾ ਕਰਨ ਦੇ ਤਰੀਕਿਆਂ ਵਿੱਚ ਕਈ ਬਦਲਾਅ ਕੀਤੇ ਜਾ ਚੁੱਕੇ ਹਨ। ਭਾਰਤ ਸਰਕਾਰ ਦੇ ਵਿਕਾਸ ਅੰਕੜਿਆਂ 'ਤੇ ਪਹਿਲਾਂ ਵੀ ਕਈ ਵਾਰ ਸਵਾਲ ਖੜ੍ਹੇ ਹੋਏ ਹਨ; ਮੋਦੀ ਸਰਕਾਰ ਦੇ ਮੁੱਖ ਆਰਥਿਕ ਸਲਾਹਕਾਰ ਰਹੇ ਅਰਵਿੰਦ ਸੁਬਰਾਮਨੀਅਮ ਦਾ ਕਹਿਣਾ ਹੈ ਕਿ ਅੰਕੜਿਆਂ ਨੂੰ ਵਧਾ-ਚੜ੍ਹਾ ਕੇ ਪੇਸ਼ ਕੀਤਾ ਜਾ ਰਿਹਾ ਹੈ।

ਸੁਬਰਾਮਨੀਅਮ ਨੇ ਲਿਖਿਆ ਸੀ ਕਿ ਸਵਾਲ ਜੀ.ਡੀ.ਪੀ. ਦਾ ਨਹੀਂ, ਸਗੋਂ ਸਰਕਾਰ 'ਤੇ ਭਰੋਸੇ ਦਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ 2016-17 ਵਿੱਚ ਨੋਟਬੰਦੀ ਕੀਤੇ ਜਾਣ ਤੋਂ ਬਾਅਦ ਤੋਂ ਹੀ ਅੰਕੜਿਆਂ 'ਤੇ ਸਵਾਲ ਉੱਠਣ ਲੱਗੇ ਹਨ। ਜਦੋਂ 86 ਫ਼ੀਸਦੀ ਕਰੰਸੀ ਨੂੰ ਬਾਜ਼ਾਰ ਵਿੱਚੋਂ ਬਾਹਰ ਕੱਢ ਦਿੱਤਾ ਗਿਆ ਸੀ, ਤਾਂ ਕੌਣ ਇਸ ਗੱਲ @ਤੇ ਵਿਸ਼ਵਾਸ ਕਰੇਗਾ ਕਿ ਜੀ.ਡੀ.ਪੀ. 8.2 ਫ਼ੀਸਦੀ ਦੀ ਦਰ ਨਾਲ ਵਧ ਰਹੀ ਸੀ ? ਉਨ੍ਹਾਂ ਦੀ ਇਸ ਗੱਲ ਵਿੱਚ ਵਜ਼ਨ ਜ਼ਰੂਰ ਹੈ। ਪਿਛਲੇ ਕਈ ਸਾਲਾਂ ਤੋਂ ਦੇਸ਼ ਵਿੱਚ ਬੇਰੁਜ਼ਗਾਰੀ ਲਗਾਤਾਰ ਵਧ ਰਹੀ ਹੈ। 'ਇੰਡੀਆ ਟੂਡੇ' ਦੇ ਇੱਕ ਸਰਵੇਖਣ ਅਨੁਸਾਰ 65 ਫ਼ੀਸਦੀ ਲੋਕਾਂ ਨੇ ਮੰਨਿਆ ਹੈ ਕਿ ਪਿਛਲੇ ਸਾਲ ਦੀ ਤੁਲਨਾ ਵਿੱਚ ਉਨ੍ਹਾਂ ਲਈ ਹੁਣ ਘਰ ਚਲਾਉਣਾ ਔਖਾ ਹੋ ਗਿਆ ਹੈ। ਜ਼ਰੂਰੀ ਵਸਤਾਂ ਦੇ ਭਾਅ ਅਸਮਾਨ ਛੂਹ ਰਹੇ ਹਨ, ਡਾਲਰ ਦੇ ਮੁਕਾਬਲੇ ਰੁਪਿਆ ਕਮਜ਼ੋਰ ਹੋ ਰਿਹਾ ਹੈ ਅਤੇ ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਪਹਿਲਾਂ ਹੀ 100 ਰੁਪਏ ਨੂੰ ਪਾਰ ਕਰ ਚੁੱਕੀਆਂ ਹਨ। ਅਜਿਹੇ ਵਿੱਚ ਦਰਾਮਦ ਘਟਣ ਦੇ ਬਾਵਜੂਦ ਸਰਕਾਰ ਜੇ ਸਭ ਕੁਝ ਠੀਕ-ਠਾਕ ਦੱਸੇ, ਤਾਂ ਕੌਣ ਯਕੀਨ ਕਰੇਗਾ ?

ਸਰਕਾਰ ਇਸ ਗੱਲ ਤੋਂ ਨਾਰਾਜ਼ ਹੈ ਕਿ ਲੋਕ ਜੀ.ਡੀ.ਪੀ. 'ਤੇ ਸ਼ੱਕ ਕਿਉਂ ਕਰ ਰਹੇ ਹਨ। ਪਰ ਸਰਕਾਰ ਖ਼ੁਦ ਤੋਂ ਇਹ ਸਵਾਲ ਕਿਉਂ ਨਹੀਂ ਪੁੱਛਦੀ ਕਿ ਵਿਸ਼ਵਾਸ ਦਾ ਇਹ ਸੰਕਟ ਕਿਉਂ ਪੈਦਾ ਹੋਇਆ ? ਕਿਉਂ ਹਜ਼ਾਰਾਂ ਦੀ ਗਿਣਤੀ ਵਿੱਚ ਨੌਜਵਾਨ ਜੰਤਰ-ਮੰਤਰ 'ਤੇ ਇਕੱਠੇ ਹੋਏ ? ਝਾਰਖੰਡ ਵਿੱਚ ਵਿਦਿਆਰਥੀਆਂ ਨੇ ਅੰਦੋਲਨ ਕਿਉਂ ਕੀਤਾ ? ਸਰਕਾਰੀ ਵਿਭਾਗਾਂ ਵਿੱਚ ਲੱਖਾਂ ਅਹੁਦੇ ਖ਼ਾਲੀ ਕਿਉਂ ਪਏ ਹਨ ? ਵਾਰ-ਵਾਰ ਪ੍ਰਤੀਯੋਗੀ ਪ੍ਰੀਖਿਆਵਾਂ ਦੇ ਪੇਪਰ ਲੀਕ ਹੋਣ ਦੇ ਵਿਰੋਧ ਵਿੱਚ ਸੜਕਾਂ 'ਤੇ ਉਤਰਨ ਵਾਲੇ ਨੌਜਵਾਨਾਂ 'ਤੇ ਲਾਠੀਚਾਰਜ ਕਿਉਂ ਹੋ ਰਿਹਾ ਹੈ ? ਸਰਕਾਰ ਵਿੱਚ ਬੈਠੇ ਆਗੂ ਅਤੇ ਉਨ੍ਹਾਂ ਦੇ ਸਮਰਥਕ ਨੌਜਵਾਨਾਂ ਨੂੰ ਦੇਸ਼-ਵਿਰੋਧੀ, ਅੱਤਵਾਦੀ ਅਤੇ ਨਕਸਲੀ ਮਾਨਸਿਕਤਾ ਵਾਲੇ ਕਹਿਣ ਦੀ ਜੁਰਅਤ ਕਿਵੇਂ ਕਰਦੇ ਹਨ ? ਜਦੋਂ ਸਰਕਾਰ ਲੰਮੇ ਕਾਰਜਕਾਲ ਤੋਂ ਬਾਅਦ ਵੀ ਵੱਡੇ ਆਰਥਿਕ ਸੰਕਟਾਂ ਨਾਲ ਜੂਝ ਰਹੀ ਹੋਵੇ, ਤਾਂ ਲੋਕ ਇਹ ਸਵਾਲ ਕਰਨਗੇ ਹੀ ਕਿ ਨਿਰਾਸ਼ਾ ਦੇ ਇਸ ਮਾਹੌਲ ਵਿੱਚ ਅਰਥਵਿਵਸਥਾ ਅਚਾਨਕ ਇੰਨੀ ਤੇਜ਼ ਕਿਵੇਂ ਹੋ ਗਈ ? ਕੀ ਇਹ ਸਿਰਫ਼ 'ਹੈੱਡਲਾਈਨ ਮੈਨੇਜਮੈਂਟ' ਜਾਂ 'ਫ਼ੀਲ ਗੁੱਡ ਫੈਕਟਰ' ਦਿਖਾ ਕੇ ਕੋਈ ਨਵਾਂ ਬਿਰਤਾਂਤ ਘੜਨ ਦੀ ਕੋਸ਼ਿਸ਼ ਤਾਂ ਨਹੀਂ?

**(ਬਾਕੀ ਸਫ਼ਾ 27 'ਤੇ)**

# ਪੰਜਾਬ ਵਿੱਚ ਡੇਰਿਆਂ ਦਾ ਬੋਲਬਾਲਾ ਕਿਉਂ ?



ਤਰਲੋਚਨ ਸਿੰਘ ਭੱਟੀ



ਪੰਜਾਬ ਅਤੇ ਪੰਜਾਬੀਅਤ ਦਾ ਵਰਤਾਰਾ ਧਾਰਮਿਕ ਅਤੇ ਸਮਾਜਿਕ ਪਰੰਪਰਾਵਾਂ ਅਤੇ ਸੰਪਰਦਾਵਾਂ ਉੱਤੇ ਅਧਾਰਿਤ ਹੈ। ਇਸ ਵਰਤਾਰੇ ਵਿੱਚ ਡੇਰਿਆਂ ਦਾ ਬੜਾ ਮਹੱਤਵ ਹੈ। ਇੱਕ ਸੰਸਥਾ ਵਜੋਂ ਡੇਰਾ, ਮੱਠ, ਨਿਵਾਸ, ਦਾ ਵਰਤਾਰਾ ਸਿੱਖ ਧਰਮ ਅਤੇ ਪੰਥ ਨਾਲੋਂ ਬਹੁਤ ਪੁਰਾਣਾ ਹੈ ਜੋ ਪੰਜਾਬ ਵਿੱਚ ਸਿੱਖ ਧਰਮ ਦੇ ਧਾਰਮਿਕ ਸਥਾਨਾਂ (ਗੁਰਦੁਆਰਿਆਂ) ਦੇ ਪ੍ਰਚਲਣ ਤੋਂ ਪਹਿਲਾਂ ਸੂਫੀ ਪੀਰਾਂ, ਨਾਥ ਜੋਗੀਆਂ ਅਤੇ ਭਗਤੀ ਲਹਿਰ ਦੇ ਸੰਤਾਂ ਨਾਲ ਜੁੜਦਾ ਹੈ। ਸੂਫੀ ਸੰਤਾਂ, ਪੀਰਾਂ ਦੇ ਸਥਾਪਤ ਪ੍ਰਸਿੱਧ ਹਿੰਦੂ, ਸਿੱਖ, ਮੁਸਲਮਾਨ ਭਾਈਚਾਰਿਆਂ ਵਿੱਚ ਡੇਰਿਆਂ ਦਾ ਪ੍ਰਚਲਣ ਵੇਖਿਆ ਜਾ ਸਕਦਾ ਹੈ, ਜਿੱਥੇ ਭਾਈਚਾਰਿਆਂ ਵੱਲੋਂ ਵਿਸ਼ੇਸ਼ ਤੌਰ 'ਤੇ ਸਧਾਰਨ ਤੇ ਗਰੀਬ ਤਬਕੇ ਨੂੰ ਰਾਹਤ ਦਿੱਤੀ ਜਾਂਦੀ ਹੈ। ਮਾਮੂਲੀ ਆਓ ਭਗਤ ਅਤੇ ਉਦਾਰਤ ਵਿਹਾਰ ਤੋਂ ਇਲਾਵਾ ਅਧਿਆਤਮ ਮਾਰਗ ਦਰਸ਼ਨ, ਮਨੋਵਿਗਿਆਨ ਅਤੇ ਸਿਹਤ ਸਹੂਲਤਾਂ ਤੇ ਸਲਾਹ ਮੁਫ਼ਤ ਦਿੱਤੀ ਜਾਂਦੀ ਸੀ। ਸਖ਼ੀ ਸਰਵਰ ਸੁਲਤਾਨ ਸ਼ੇਖ ਫਰੀਦ, ਬੁੱਲੇ ਸ਼ਾਹ, ਸ਼ੇਖ ਫੱਤਾ, ਖਵਾਜਾ ਖਿਜਰ ਅਤੇ ਪੰਜ ਪੀਰਾਂ ਦੇ ਸੂਫ਼ੀ ਅਸਥਾਨ ਪੰਜਾਬੀਆਂ ਦੀ ਸਾਂਝੀ ਵਾਰਤਾ ਦਾ ਪ੍ਰਗਟਾਵਾ ਬਣ ਗਏ। ਸਿੱਖ ਗੁਰੂਆਂ ਦੇ ਜੀਵਨ ਕਾਲ ਦੌਰਾਨ ਕਈ ਡੇਰਿਆ ਦੀ ਸਥਾਪਨਾ ਹੋਈ ਜਿਨ੍ਹਾਂ ਵਿੱਚ ਉਦਾਸੀਆਂ, ਮੀਆਂ ਮੀਰ ਅਲੀ, ਰਾਮਰਾਇ, ਹੰਡਾਲੀਆਂ ਅਤੇ ਮਸੰਦੀਆਂ ਦੇ ਡੇਰੇ ਸ਼ਾਮਲ ਹਨ ਜੋ ਗੁਰੂ ਪ੍ਰੰਪਰਾਵਾਂ ਦੇ ਵਿਰੋਧੀ ਸਨ। ਕਈ ਹੋਰ ਡੇਰੇ (ਬੰਦਈ ਖਾਲਸਾ/ਬੰਦਪੰਥੀ) ਨਾਨਕ ਪੋਥੀ ਸੇਵਾ ਪੰਥੀ, ਭਗਤ ਪੰਥੀ, ਸੂਤਰਾਧਾਰੀ, ਗੁਲਾਬਾਂ ਦਾਸੀ, ਨਿਰਮਲੇ ਅਤੇ ਨਿਹੰਗਾਂ ਦੇ ਡੇਰੇ ਸ਼ਾਮਲ ਸਨ। 19ਵੀਂ ਸਦੀ ਤੋਂ ਬਾਅਦ ਕਈ ਹੋਰ ਡੇਰੇ ਵੀ ਹੋਂਦ ਵਿੱਚ ਆਏ। ਨਵੇਂ ਡੇਰਿਆਂ ਦੀ ਵਿਸ਼ੇਸ਼ਤਾ ਇਹ ਸੀ ਕਿ ਇਹ ਦਲਿਤ ਭਾਈਚਾਰੇ ਨੂੰ ਲਾਮਬੰਦ ਕਰਨ ਦੇ ਕੇਂਦਰ ਬਣ ਗਏ ਜਿੱਥੇ ਹਿੰਦੂ ਜਾਤੀ ਤੋਂ ਅਲੱਗ ਹੋ ਕੇ ਸਿੱਖ ਧਰਮ ਨੂੰ ਅਪਣਾਉਣ ਲੱਗੇ।

ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ, ਜੋ ਸਿੱਖ ਧਰਮ ਅਤੇ ਇਸ ਨਾਲ ਸਬੰਧਿਤ ਗੁਰਦੁਆਰਿਆਂ ਅਤੇ ਹੋਰ ਸੰਸਥਾਵਾਂ ਨੂੰ ਕੰਟਰੋਲ ਕਰਦੀ ਸੀ, ਵਿੱਚ ਜੱਟ ਸਿੱਖਾਂ ਦੇ ਵਧ ਰਹੇ ਦਬਦਬੇ ਕਾਰਨ ਲੋਕ ਗ਼ੈਰ ਸਿੱਖ ਡੇਰਿਆਂ ਵੱਲ ਖਿੱਚੇ ਗਏ। ਅਮੀਰ ਦਲਿਤਾਂ ਨੇ ਵੀ ਡੇਰਿਆਂ ਵਿੱਚ ਵਾਧਾ ਕੀਤਾ। 2006-07 ਦੇ ਇੱਕ ਅਧਿਐਨ ਅਨੁਸਾਰ ਪੰਜਾਬ ਦੇ ਪਿੰਡਾਂ ਵਿੱਚ 9 ਹਜ਼ਾਰ ਤੋਂ ਵੱਧ ਸਿੱਖ ਅਤੇ ਗੈਰ-ਸਿੱਖ ਡੇਰੇ ਸਨ। ਗਵਾਂਢੀ ਰਾਜ ਹਰਿਆਣਾ, ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਵਿੱਚ ਵੀ ਬਹੁਤ ਸਾਰੇ ਡੇਰੇ ਸਥਾਪਤ ਹੋਏ। ਸਿੱਖ ਡੇਰਿਆਂ ਵਿੱਚ ਰਹਿਤ ਮਰਿਆਦਾ ਦਾ ਸਖਤੀ ਨਾਲ ਪ੍ਰਚਲਣ ਹੁੰਦਾ ਹੈ। ਅਜਿਹੇ ਡੇਰਿਆਂ ਦੇ ਮੁਖੀਆਂ ਵਿੱਚ ਬਹੁਗਿਣਤੀ ਜੱਟ ਜਾਂ ਸਵਰਨ ਜਾਤਾਂ ਦੇ ਹਨ। ਬਹੁਤ ਸਾਰੇ ਡੇਰੇ ਅਜਿਹੇ ਹਨ, ਜਿੱਥੇ ਸਿੱਖ ਰਹਿਤ ਮਰਯਾਦਾ ਦੀ ਪਾਲਣਾ ਨਹੀਂ ਹੁੰਦੀ, ਗੁਰਬਾਣੀ ਦੇ ਨਾਲ ਨਾਲ ਗੈਰ ਸਿੱਖ ਗ੍ਰੰਥਾਂ ਦਾ ਵੀ ਪਾਠ ਹੁੰਦਾ ਹੈ, ਮੂਰਤੀ ਪੂਜਾ ਵੀ ਹੁੰਦੀ ਹੈ, ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਜੀਵਤ ਸੰਤ ਨੂੰ ਗੁਰੂ ਮੰਨਿਆ ਜਾਂਦਾ ਹੈ ਅਤੇ ਇੱਕ ਸਮਕਾਲੀ ਮਨੁੱਖੀ ਗੁਰੂ ਪ੍ਰਤੀ ਸ਼ਰਧਾ ਦਾ ਅਹਿਸਾਸ ਕਰਦੇ ਹਨ। ਮਸ਼ਹੂਰ ਡੇਰਿਆਂ ਵਿੱਚ ਰਾਧਾ ਸੁਆਮੀ, ਸਤਿਸੰਗ ਬਿਆਸ, ਡੇਰਾ ਸੱਚਾ ਸੌਦਾ, ਰਵੀਦਾਸ ਡੇਰਾ (ਸੱਚਖੰਡ ਬੱਲਾਂ) ਨਾਮਧਾਰੀ, ਸੰਤ ਨਿਰੰਕਾਰੀ, ਦਿਵਿਆ ਜੋਤੀ ਜਾਗਰਿਤੀ ਸੰਗਠਨ, ਭਨਿਆਰਾ ਵਾਲੇ, ਡੇਰਾ ਬਾਬਾ ਭੂਮਣ ਸ਼ਾਹ ਆਦਿ। ਇਹਨਾਂ ਡੇਰਿਆਂ ਦੇ ਪੈਰੋਕਾਰਾਂ ਦੀ ਬਹੁਤੀ ਗਿਣਤੀ ਦਲਿਤ, ਪਛੜੀਆਂ ਜਾਤੀਆਂ ਅਤੇ ਗਰੀਬ ਜੱਟਾਂ ਦੀ ਹੈ। ਇਨ੍ਹਾਂ ਡੇਰਿਆਂ ਦੀ ਅਗਵਾਈ ਉੱਚ ਜਾਤੀ ਦੇ ਲੋਕ ਹੀ ਕਰਦੇ ਹਨ। ਦਲਿਤ ਪ੍ਰਧਾਨ ਡੇਰੇ ਵਿਰੋਧੀ ਸਭਿਅਤਾ ਦੇ ਪ੍ਰਮੁੱਖ ਕੇਂਦਰਾਂ ਵਜੋਂ ਉੱਭਰੇ ਹਨ। ਡੇਰਿਆਂ ਨੂੰ ਸਿੱਖ ਧਰਮ ਲਈ ਇੱਕ ਚੁਣੌਤੀ ਵਜੋਂ ਵੇਖਿਆ ਜਾ ਸਕਦਾ ਹੈ।

ਸਿਆਸੀ ਪਾਰਟੀਆਂ ਨੇ ਦਲਿਤ ਵੋਟ ਬੈਂਕ ਦੀ ਦ੍ਰਿਸ਼ਟੀ ਤੋਂ ਇਨ੍ਹਾਂ ਡੇਰਿਆਂ ਦੀ ਸਰਪ੍ਰਸਤੀ ਕੀਤੀ ਹੈ। ਚੋਣਾਂ ਵਿੱਚ ਡੇਰਿਆਂ ਦਾ ਯੋਗਦਾਨ ਪਹਿਲੀ ਵਾਰ 1997 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਦੇਖਿਆ ਗਿਆ। ਆਸ਼ੂਤੋਸ਼ ਕੁਮਾਰ, ਰੌਣਕੀ ਰਾਮ, ਸੁਰਿੰਦਰ ਸਿੰਘ, ਜਸਬੀਰ ਸਿੰਘ ਆਦਿ ਖੋਜਕਾਰਾਂ ਨੇ ਪੰਜਾਬ ਵਿੱਚ ਚੱਲ ਰਹੇ ਡੇਰਿਆਂ ਅਤੇ ਇਨ੍ਹਾਂ ਦੀ ਭੂਮਿਕਾ ਬਾਰੇ ਅਧਿਐਨ ਕੀਤੇ ਹਨ।

ਪਬਲਿਕ ਡੋਮੈਨ ਵਿੱਚ ਉਪਲਬਧ ਅਧਿਐਨਾਂ ਅਤੇ ਅੰਕੜਿਆਂ ਅਨੁਸਾਰ ਪੰਜਾਬ ਦੀ ਅੰਦਾਜ਼ਨ ਅਬਾਦੀ 3.81 ਕਰੋੜ ਹੈ ਜਿਸ ਵਿੱਚੋਂ 62.52% ਪੇਂਡੂ ਖੇਤਰ ਨਾਲ ਸਬੰਧਤ ਹੈ। ਪੰਜਾਬ ਦੀ ਸਾਖਰਤਾ ਦਰ 75.8 % ਹੈ ਜਦੋਂ ਭਾਰਤ ਦੀ ਸਾਖਰਤਾ ਦਰ 73% ਹੈ। 50,365 ਵਰਗ ਕਿਲੋਮੀਟਰ ਵਿੱਚ ਵਸੇ ਪੰਜਾਬ ਵਿੱਚ 29 ਯੂਨੀਵਰਸਿਟੀਆਂ ਹਨ, ਜਿਨ੍ਹਾਂ ਵਿੱਚੋਂ 16 ਪ੍ਰਾਈਵੇਟ ਖੇਤਰ ਵਿੱਚ ਹਨ। 31 ਵਿੱਦਿਅਕ ਸੰਸਥਾਵਾਂ ਯੂਨੀਵਰਸਿਟੀ ਦੇ ਬਰਾਬਰ ਦੀਆਂ ਮੰਨੀਆਂ ਜਾਂਦੀਆਂ ਹਨ। ਪੰਜਾਬ ਵਿੱਚ 276 ਡਿਗਰੀ ਕਾਲਜ, 9559 ਹਾਈ/ਹਾਇਰ ਸੈਕੰਡਰੀ ਸਕੂਲ, 5097 ਮਿਡਲ ਸਕੂਲ ਅਤੇ 13801 ਪ੍ਰਾਇਮਰੀ ਸਕੂਲ ਹਨ। ਸਿੱਖਿਆ ਪੱਖੋਂ ਪੰਜਾਬ ਪਛੜਿਆ ਹੋਇਆ ਨਹੀਂ ਹੈ। ਪੰਜਾਬ ਵਿੱਚ 58.09% ਸਿੱਖ, 38.49% ਹਿੰਦੂ, 1.93% ਮੁਸਲਮ ਅਤੇ 1.25% ਇਸਾਈ ਹਨ। ਜੇਕਰ ਪੰਜਾਬ ਦੇ ਡੇਰਿਆਂ ਦੀ ਗੱਲ ਕੀਤੀ ਜਾਵੇ ਤਾਂ ਸਾਰੇ ਵਰਗਾਂ ਦੇ 12 ਹਜ਼ਾਰ ਤੋਂ ਵੱਧ ਡੇਰੇ ਹਨ, ਜਿਨ੍ਹਾਂ ਵਿੱਚੋਂ 9 ਹਜ਼ਾਰ ਸਿੱਖ ਧਰਮ ਨਾਲ ਸਬੰਧਿਤ ਹਨ। ਇਨ੍ਹਾਂ ਵਿੱਚੋਂ 300 ਕਾਰਜਸ਼ੀਲ ਹਨ। 12 ਅਜਿਹੇ ਡੇਰੇ ਹਨ ਜਿਨ੍ਹਾਂ ਦੇ ਪੈਰੋਕਾਰਾਂ ਦੀ ਗਿਣਤੀ ਇੱਕ ਲੱਖ ਤੋਂ ਵਧੇਰੇ ਹੈ। ਡੇਰਿਆਂ ਦੀਆਂ ਸ਼ਾਖਾਂਵਾਂ ਪੰਜਾਬ ਦੇ ਸਾਰੇ 12581 ਪਿੰਡਾਂ ਵਿੱਚ ਹਨ।

ਜੇਕਰ ਗੁਰਦੁਆਰਿਆਂ ਦੀ ਗੱਲ ਕੀਤੀ ਜਾਵੇ ਤਾਂ ਲਗਭਗ 30 ਹਜ਼ਾਰ ਗੁਰਦੁਆਰੇ ਹਨ, ਹਰੇਕ ਪਿੰਡ ਵਿੱਚ ਇੱਕ ਤੋਂ ਲੈ ਕੇ ਛੇ ਤਕ। ਇਸੇ ਤਰ੍ਹਾਂ ਹਰੇਕ ਪਿੰਡ ਅਤੇ ਕਸਬੇ ਵਿੱਚ ਡੇਰੇ ਵੀ ਮੌਜੂਦ ਹਨ, ਜਿਨ੍ਹਾਂ ਦੇ ਮੁਖੀ ਡੇਰਿਆਂ ਨੂੰ ਨਿੱਜੀ ਹਿਤਾਂ ਦੀ ਪੂਰਤੀ ਲਈ ਵਰਤਦੇ ਹਨ।

ਭਾਈ ਕਾਹਨ ਸਿੰਘ ਨਾਭਾ ਜੀ ਵੱਲੋਂ ਆਪਣੇ ਮਹਾਨ ਕੋਸ਼ ਵਿੱਚ ਗੁਰਦੁਆਰਿਆਂ ਦੀ ਪਰਿਭਾਸ਼ਾ ਦਿੱਤੀ ਗਈ ਹੈ ਜਿਸ ਅਨੁਸਾਰ ਸਿੱਖਾਂ ਦਾ ਗੁਰਦੁਆਰਾ ਵਿਦਿਆਰਥੀਆਂ ਲਈ ਸਕੂਲ, ਆਤਮ ਕਲਿਆਣ ਲਈ ਉਪਦੇਸ਼ ਆਸ਼ਰਮ, ਰੋਗੀਆਂ ਲਈ ਸ਼ਫਾਖਾਨਾ, ਭੁੱਖਿਆ ਲਈ ਅੰਨਪੂਰਨਾ, ਇਸਤਰੀ ਜਾਤੀ ਦੀ ਪੱਤ ਰੱਖਣ ਲਈ ਲੋਹਮਈ ਦੁਰਗ ਅਤੇ ਮੁਸਾਫਰਾਂ ਲਈ ਵਿਸ਼ਰਾਮ ਦਾ ਅਸਥਾਨ ਹੈ। ਇਸ ਪਰਿਭਾਸ਼ਾ ਦੇ ਸੰਬੰਧ ਵਿੱਚ ਵੇਖਣਾ ਹੋਵੇਗਾ ਕਿ ਪੰਜਾਬ ਵਿੱਚ ਜਾਂ ਪੰਜਾਬ ਤੋਂ ਬਾਹਰ ਕਿੰਨੇ ਕੁ ਗੁਰਦੁਆਰੇ, ਡੇਰੇ ਅਤੇ ਹੋਰ ਧਾਰਮਿਕ ਸਥਾਨ ਇਸ ਪਰਿਭਾਸ਼ਾ ਉੱਤੇ ਪੂਰੇ ਉੱਤਰਦੇ ਹਨ।

# ਨਵੀਂ ਪੀੜ੍ਹੀ ਅੱਗੇ ਦਰਪੇਸ਼ ਚੁਣੌਤੀਆਂ

ਜੀ.ਐੱਨ. ਵਾਜਪਾਈ
(ਲੇਖਕ ਸੇਬੀ ਤੇ ਐੱਲ.ਆਈ.ਸੀ. ਦੇ ਸਾਬਕਾ ਚੇਅਰਮੈਨ ਹਨ)।

ਨਵੀਂ ਦਿੱਲੀ ਵਿੱਚ ਜੰਤਰ-ਮੰਤਰ 'ਤੇ ਨੌਜਵਾਨ ਅੰਦੋਲਨਕਾਰੀਆਂ ਦੇ ਧਰਨੇ-ਪ੍ਰਦਰਸ਼ਨ ਅਤੇ ਸਿੱਖਿਆ ਮੰਤਰੀ ਦੇ ਅਸਤੀਫ਼ੇ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੀ ਸਰਕਾਰ ਨੇ ਜੈੱਨ-ਜ਼ੀ ਨੂੰ ਧਿਆਨ ਵਿੱਚ ਰੱਖਦੇ ਹੋਏ ਇੱਕ ਤੋਂ ਬਾਅਦ ਇੱਕ ਕਈ ਫ਼ੈਸਲੇ ਕੀਤੇ ਹਨ। ਜੇਕਰ ਇਨ੍ਹਾਂ ਫ਼ੈਸਲਿਆਂ 'ਤੇ ਸਹੀ ਤਰੀਕੇ ਨਾਲ ਅਮਲ ਕੀਤਾ ਜਾ ਸਕਿਆ ਤਾਂ ਇਸ ਪੀੜ੍ਹੀ ਦੀਆਂ ਬਹੁਤ ਸਾਰੀਆਂ ਚਿੰਤਾਵਾਂ ਦੂਰ ਹੋ ਸਕਦੀਆਂ ਹਨ।

ਇਸ ਦਿਸ਼ਾ ਵਿੱਚ ਤਤਪਰਤਾ ਨਾਲ ਕੰਮ ਵੀ ਸ਼ੁਰੂ ਹੋ ਚੁੱਕਾ ਹੈ। ਇਸੇ ਦੇ ਨਾਲ, ਇਸ ਵਿਰੋਧ-ਪ੍ਰਦਰਸ਼ਨ ਵਿੱਚ ਸ਼ਾਮਲ ਸੁਨੇਹੇ ਨੂੰ ਸਮਝਣ ਲਈ ਇਹ ਪੜਤਾਲ ਕਰਨੀ ਵੀ ਓਨੀ ਹੀ ਜ਼ਰੂਰੀ ਹੈ ਕਿ ਕਿਸੇ ਪ੍ਰਾਯੋਜਿਤ ਜਾਂ ਗਿਣੇ-ਮਿੱਥੇ ਢੰਗ ਅਤੇ ਸੰਗਠਿਤ ਸਮਰਥਨ ਦੇ ਬਿਨਾਂ ਇੰਨੀ ਵੱਡੀ ਭੀੜ ਆਖ਼ਰ 'ਖ਼ੁਦ ਤੇ ਫੁਰਤੀ' ਵਾਲੇ ਢੰਗ ਨਾਲ ਕਿਉਂ ਉਮੜ ਪਈ ? ਜੈੱਨ-ਜ਼ੀ ਨਾ ਸਿਰਫ਼ ਦੇਸ਼ ਦੀ ਇੱਕ ਵੱਡੀ ਆਬਾਦੀ ਦੀ ਪ੍ਰਤੀਨਿਧਤਾ ਕਰਦੀ ਹੈ, ਸਗੋਂ ਇਹ ਪੀੜ੍ਹੀ ਦੇਸ਼ ਦੀਆਂ ਨਵੀਆਂ ਖ਼ਾਹਿਸ਼ਾਂ ਦੀ ਪ੍ਰਤੀਕ ਵੀ ਹੈ। ਜੈੱਨ-ਜ਼ੀ ਦਾ ਬਚਪਨ ਅਤੇ ਜਵਾਨੀ ਇੰਟਰਨੈੱਟ, ਸਮਾਰਟਫੋਨ ਅਤੇ ਇੰਟਰਨੈੱਟ ਮੀਡੀਆ ਦੇ ਸਾਏ ਵਿੱਚ ਗੁਜ਼ਰੀ ਹੈ।

ਇਨ੍ਹਾਂ ਲਈ ਆਭਾਸੀ ਅਤੇ ਵਾਸਤਵਿਕ ਦੁਨੀਆ ਦੇ ਵਿਚਕਾਰ ਦੀ ਕੰਧ ਬਨਾਵਟੀ ਅਤੇ ਬੇਮਾਅਨੀ ਹੈ। ਜਾਣਕਾਰੀਆਂ ਤੱਕ ਤਤਕਾਲ ਪਹੁੰਚ ਦੇ ਬਲਬੂਤੇ ਇਹ ਪੀੜ੍ਹੀ ਦੁਨੀਆ ਭਰ ਵਿਚ ਸਬੰਧ ਜੋੜ ਸਕਦੀ ਹੈ, ਗਿਆਨ ਹਾਸਲ ਕਰ ਸਕਦੀ ਹੈ, ਸਟਾਰਟਅੱਪ ਸ਼ੁਰੂ ਕਰ ਸਕਦੀ ਹੈ ਅਤੇ ਮੁੱਖਧਾਰਾ ਦੇ ਮੀਡੀਆ ਜਾਂ ਰਵਾਇਤੀ ਤੰਤਰ ਦੇ ਬਿਨਾ ਵੀ ਆਪਣੀ ਗੱਲ ਨੂੰ ਰਾਸ਼ਟਰੀ ਮੰਚ 'ਤੇ ਰੱਖ ਸਕਦੀ ਹੈ। ਜੰਤਰ-ਮੰਤਰ ਦਾ ਉਹ ਜਮਾਵੜਾ ਇਸੇ ਤਾਕਤ ਦਾ ਪ੍ਰਤੱਖ ਪ੍ਰਮਾਣ ਸੀ। ਇਨ੍ਹਾਂ ਪੱਖਾਂ ਨੇ ਇੱਕ ਅਜਿਹੀ ਪੀੜ੍ਹੀ ਨੂੰ ਆਕਾਰ ਦਿੱਤਾ ਹੈ, ਜੋ ਨਿੱਜੀ ਪਛਾਣ, ਪ੍ਰਮਾਣਿਕਤਾ, ਪ੍ਰਗਟਾਵੇ ਦੀ ਆਜ਼ਾਦੀ ਅਤੇ ਸਮਾਵੇਸ਼ਤਾ ਨੂੰ ਸਭ ਤੋਂ ਉੱਪਰ ਮੰਨਦੀ ਹੈ। ਜੈੱਨ-ਜ਼ੀ ਪੀੜ੍ਹੀ ਕਿਸੇ ਵੀ ਸੱਤਾ ਜਾਂ ਵਿਵਸਥਾ ਨੂੰ ਸਿਰਫ਼ ਇਸ ਲਈ ਸਵੀਕਾਰ ਕਰਨ ਲਈ ਤਿਆਰ ਨਹੀਂ ਹੈ ਕਿ ਉਹ ਪਰੰਪਰਾਗਤ ਤੌਰ 'ਤੇ ਚੱਲ ਰਹੀ ਹੈ।

ਉਹ ਸਿੱਧਾ ਸਵਾਲ ਕਰਦੀ ਹੈ ਕਿ ਪੁਰਾਣੀਆਂ ਵਿਵਸਥਾਵਾਂ ਬਾਬਦਸਤੂਰ ਕਿਉਂ ਮੌਜੂਦ ਹਨ, ਕੀ ਸਥਾਪਤ ਸੰਸਥਾਵਾਂ ਉਨ੍ਹਾਂ ਦੀ ਆਵਾਜ਼ ਸੁਣ ਵੀ ਰਹੀਆਂ ਹਨ ਅਤੇ ਕੀ ਮੌਜੂਦਾ ਤੰਤਰ ਉਨ੍ਹਾਂ ਨੂੰ ਨਿਆਂਸੰਗਤ ਅਤੇ ਇਕਸਮਾਨ ਮੌਕੇ ਉਪਲਬਧ ਕਰਵਾ ਰਿਹਾ ਹੈ ? ਇਨ੍ਹਾਂ ਦੀਆਂ ਖ਼ਾਹਿਸ਼ਾਂ ਪਿਛਲੀਆਂ ਪੀੜ੍ਹੀਆਂ ਨਾਲੋਂ ਬੁਨਿਆਦੀ ਤੌਰ 'ਤੇ ਵੱਖਰੀਆਂ ਹਨ, ਜਿਨ੍ਹਾਂ ਲਈ ਇਕ ਸੁਰੱਖਿਅਤ ਅਤੇ ਸਥਿਰ ਕੈਰੀਅਰ ਹੀ ਜੀਵਨ ਦਾ ਅਸਲੀ ਅਤੇ ਆਖ਼ਰੀ ਟੀਚਾ ਹੋਇਆ ਕਰਦਾ ਸੀ।




ਪੁਰਾਣੀ ਪੀੜ੍ਹੀ ਦੇ ਮੁਕਾਬਲੇ, ਉਹ ਕੋਈ ਅਰਥਪੂਰਨ ਜਾਂ ਦਿਲਚਸਪੀ ਮੁਤਾਬਕ ਕੰਮ ਚਾਹੁੰਦੇ ਹਨ। ਅਜਿਹਾ ਕੰਮ, ਜਿਸ ਵਿੱਚ ਨਾ ਸਿਰਫ਼ ਆਰਥਿਕ ਆਜ਼ਾਦੀ, ਸਗੋਂ ਆਪਣੀਆਂ ਸ਼ਰਤਾਂ 'ਤੇ ਕੰਮ ਕਰਨ ਦੀ ਸਹੂਲਤ ਦੇ ਨਾਲ ਹੀ ਕੁਝ ਨਵਾਂ ਰਚਣ ਦੀ ਖੁੱਲ੍ਹ ਅਤੇ ਸਵੈ-ਵਿਕਾਸ ਦੀ ਗੁੰਜਾਇਸ਼ ਹੋਵੇ। ਸਟਾਰਟਅੱਪ, ਫ੍ਰੀਲਾਂਸਿੰਗ, ਡਿਜੀਟਲ ਪਲੇਟਫਾਰਮ, ਸਮੱਗਰੀ ਬਣਾਉਣ ਅਤੇ ਆਧੁਨਿਕ ਤਕਨੀਕੀ ਪੇਸ਼ਿਆਂ ਨੇ ਰੁਜ਼ਗਾਰ ਨੂੰ ਲੈ ਕੇ ਉਨ੍ਹਾਂ ਦੀ ਸੋਚ ਦੇ ਪੱਧਰਾਂ ਨੂੰ ਹੋਰ ਵਿਸਥਾਰ ਦਿੱਤਾ ਹੈ। ਹਾਲਾਂਕਿ, ਇਸ ਸਿੱਕੇ ਦਾ ਦੂਜਾ ਪਹਿਲੂ ਓਨਾ ਹੀ ਕਾਲਾ ਹੈ ਅਤੇ ਉਹ ਇਹ ਹੈ ਕਿ ਉੱਨਤ ਸਿੱਖਿਆ ਅਤੇ ਢੰਗ ਦੀਆਂ ਨੌਕਰੀਆਂ ਲਈ ਹਾਲੇ ਵੀ ਉਨ੍ਹਾਂ ਨੂੰ ਬਹੁਤ ਸਖ਼ਤ ਸੰਘਰਸ਼ ਅਤੇ ਮੁਕਾਬਲੇਬਾਜ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵਿੱਦਿਅਕ ਡਿਗਰੀਆਂ ਅਤੇ ਆਰਥਿਕ ਮੌਕਿਆਂ ਵਿਚਕਾਰ ਵਧਦਾ ਫ਼ਰਕ ਨੌਜਵਾਨ ਵਰਗ ਵਿੱਚ ਭਾਰੀ ਨਿਰਾਸ਼ਾ ਪੈਦਾ ਕਰ ਸਕਦਾ ਹੈ। ਜੈੱਨ-ਜੀ ਨੌਜਵਾਨ ਮੁੰਡੇ-ਕੁੜੀਆਂ ਸ਼ਾਇਦ ਸਰਕਾਰੀ ਨੌਕਰੀਆਂ ਦੀ ਘਾਟ ਨੂੰ ਸਵੀਕਾਰ ਕਰ ਵੀ ਲੈਣ ਪਰ ਉਹ ਪਾਰਦਰਸ਼ੀ ਭਰਤੀ ਪ੍ਰਕਿਰਿਆ, ਯੋਗਤਾ-ਆਧਾਰਤ ਚੋਣ, ਭਰੋਸੇਮੰਦ ਬੁਨਿਆਦੀ ਢਾਂਚਾ ਅਤੇ ਅਜਿਹੀਆਂ ਸੰਸਥਾਵਾਂ ਦੀ ਮੰਗ ਕਰਦੇ ਹਨ, ਜੋ ਨਾਗਰਿਕਾਂ ਦਾ ਇੱਜ਼ਤ-ਮਾਣ ਕਰਨ। ਅਸਲ ਵਿੱਚ, ਉਨ੍ਹਾਂ ਦੀ ਸਭ ਤੋਂ ਮੂਲ ਤਮੰਨਾ ਆਤਮ-ਸਨਮਾਨ ਅਤੇ ਇੱਜ਼ਤ-ਮਾਣ ਨਾਲ ਜੁੜੀ ਹੋਈ ਹੈ।

ਜੇਕਰ ਪੁਰਾਣੀ ਪੀੜ੍ਹੀ ਨੇ ਇੰਟਰਨੈੱਟ ਦੇ ਨਵੇਂ ਪਾਠ ਸਿੱਖੇ ਤਾਂ ਜੈੱਨ-ਜੀ ਏਆਈ ਦੇ ਯੁੱਗ ਵਿੱਚ ਪਲਣ ਵਾਲੀ ਪਹਿਲੀ ਪੀੜ੍ਹੀ ਹੈ। ਏਆਈ ਉਨ੍ਹਾਂ ਦੀ ਪੜ੍ਹਾਈ-ਲਿਖਾਈ, ਸਿਰਜਣ, ਸੰਵਾਦ ਅਤੇ ਸਵਾਲਾਂ ਦੇ ਹੱਲ ਦਾ ਸਭ ਤੋਂ ਵੱਡਾ ਜ਼ਰੀਆ ਬਣੇਗੀ। ਇੱਕ ਅਜਿਹੇ ਡਿਜੀਟਲ ਮਾਰਗਦਰਸ਼ਕ ਦੇ ਬਲਬੂਤੇ ਇਹ ਪੀੜ੍ਹੀ ਨਵੀਆਂ ਭਾਸ਼ਾਵਾਂ ਅਤੇ ਕਲਾ-ਕੌਸ਼ਲ ਸਿੱਖੇਗੀ। ਦੁਨੀਆ ਦੇ ਕਿਸੇ ਵੀ ਕੋਨੇ ਵਿਚ ਬੈਠ ਕੇ ਇੱਕ-ਦੂਜੇ ਨਾਲ ਸੁਖਦਾਈ ਤਰੀਕੇ ਨਾਲ ਮਿਲ ਕੇ ਕੰਮ ਕਰ ਸਕੇਗੀ। ਸੰਭਾਵਨਾਵਾਂ ਦੇ ਇਸ ਅਪਾਰ ਸੰਸਾਰ ਵਿੱਚ ਉਨ੍ਹਾਂ 'ਤੇ ਇੱਕ ਭਾਰੀ ਨੈਤਿਕ ਜ਼ਿੰਮੇਵਾਰੀ ਵੀ ਹੋਵੇਗੀ। ਸਪੱਸ਼ਟ ਹੈ ਕਿ ਭਵਿੱਖ ਵਿਚ ਮਸ਼ੀਨੀ ਮੁਹਾਰਤ ਨਾਲੋਂ ਕਿਤੇ ਜ਼ਿਆਦਾ ਮਹੱਤਵ ਮਨੁੱਖੀ ਫ਼ੈਸਲਿਆਂ, ਸੰਵੇਦਨਾ, ਸਿਰਜਣਸ਼ੀਲਤਾ, ਨੈਤਿਕ ਕਦਰਾਂ-ਕੀਮਤਾਂ, ਅਗਵਾਈ-ਕੌਸ਼ਲ ਅਤੇ ਸੱਚ ਤੇ ਸਿਰਜੇ ਗਏ ਝੂਠ ਦੇ ਬਰੀਕ ਫ਼ਰਕ ਨੂੰ ਫੜਨ ਵਾਲੀਆਂ ਸਮਰੱਥਾਵਾਂ ਦਾ ਹੋਵੇਗਾ।

ਭਾਰਤ ਦੀ ਨੌਜਵਾਨ ਆਬਾਦੀ ਦੇਸ਼ ਦੀ ਤਾਕਤ ਤਦ ਹੀ ਬਣ ਸਕਦੀ ਹੈ, ਜਦੋਂ ਇਸ ਪੀੜ੍ਹੀ ਨੂੰ ਹੁਨਰ, ਰੁਜ਼ਗਾਰ, ਆਤਮ-ਸਨਮਾਨ, ਆਪਣੀ ਗੱਲ ਕਹਿਣ ਦਾ ਮੰਚ ਅਤੇ ਇਕ ਬਿਹਤਰ ਭਵਿੱਖ ਦਾ ਭਰੋਸਾ ਮਿਲੇ। ਇਸ ਦੇ ਲਈ ਸਿੱਖਿਆ ਨੂੰ ਰਟਣ ਦੀ ਰਵਾਇਤ ਤੋਂ ਮੁਕਤ ਕਰ ਕੇ ਰਚਨਾਤਮਕ ਵਿਵੇਕ, ਪ੍ਰਯੋਗਾਤਮਕ ਅਤੇ ਸਮੱਸਿਆਵਾਂ ਦੇ ਵਿਵਹਾਰਕ ਹੱਲ ਵੱਲ ਮੋੜਨਾ ਹੋਵੇਗਾ। ਨਾਲ ਹੀ, ਤਕਨੀਕੀ ਅਤੇ ਕਿੱਤਾਮੁਖੀ ਪੜ੍ਹਾਈ-ਲਿਖਾਈ ਦਾ ਉਦਯੋਗਾਂ ਨਾਲ ਸਿੱਧਾ ਤਾਲਮੇਲ ਬਿਠਾਉਣਾ, ਨੌਜਵਾਨਾਂ ਨੂੰ ਬਾਜ਼ਾਰ ਦੀ ਮੰਗ ਮੁਤਾਬਕ ਤਿਆਰ ਕਰਨਾ ਅਤੇ ਸਟਾਰਟਅੱਪ ਅਤੇ ਨਵੀਆਂ ਖੋਜਾਂ ਦੇ ਦਰਵਾਜ਼ੇ ਹਰ ਤਬਕੇ ਲਈ ਖੋਲ੍ਹਣਾ ਲਾਜ਼ਮੀ ਹੋਵੇਗਾ।

ਭਾਰਤ ਨੂੰ ਏ.ਆਈ. ਨਾਲ ਲੈਸ ਅਜਿਹੇ ਕੁਸ਼ਲ ਕਾਰਜਬਲ ਨੂੰ ਤਿਆਰ ਕਰਨਾ ਹੋਵੇਗਾ ਜੋ ਮਸ਼ੀਨਾਂ ਨਾਲ ਸਿਰਫ਼ ਮੁਕਾਬਲਾ ਕਰਨ ਦੀ ਬਜਾਏ ਉਨ੍ਹਾਂ ਨਾਲ ਮਿਲ ਕੇ ਉਤਪਾਦਕਤਾ ਅਤੇ ਸਿਰਜਣਸ਼ੀਲਤਾ ਨਾਲ ਕੰਮ ਕਰਨ ਦੀ ਸਮਰੱਥਾ ਵਿਕਸਤ ਕਰ ਸਕੇ। ਇਸ ਦੇ ਨਾਲ ਹੀ, ਨੌਜਵਾਨਾਂ ਵਿੱਚ ਮਾਨਸਿਕ ਦ੍ਰਿੜਤਾ, ਸਰੀਰਕ ਤੰਦਰੁਸਤੀ, ਖੇਡ-ਕੁੱਦ, ਸੱਭਿਆਚਾਰਕ ਦਿਲਚਸਪੀਆਂ ਅਤੇ ਜੀਵੰਤ ਅਤੇ ਗਤੀਸ਼ੀਲ ਸਮੂਹਿਕ ਜੀਵਨ ਨੂੰ ਹੁਲਾਰਾ ਦੇਣ 'ਤੇ ਵੀ ਪਹਿਲਾਂ ਤੋਂ ਕਿਤੇ ਜ਼ਿਆਦਾ ਜ਼ੋਰ ਦੇਣਾ ਹੋਵੇਗਾ।

ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਸਰਕਾਰ ਨੂੰ ਇਨ੍ਹਾਂ ਨੌਜਵਾਨ ਮੁੰਡਿਆਂ-ਕੁੜੀਆਂ ਦੀ ਆਵਾਜ਼ ਨੂੰ ਸੰਵੇਦਨਸ਼ੀਲਤਾ ਨਾਲ ਸੁਣਨਾ ਹੋਵੇਗਾ ਅਤੇ ਸਮੇਂ ਮੁਤਾਬਕ ਢੁੱਕਵੇਂ ਕਦਮ ਚੁੱਕਣੇ ਹੋਣਗੇ। ਡਿਜੀਟਲ ਕਨੈਕਟੀਵਿਟੀ ਦੇ ਇਸ ਯੁੱਗ ਵਿੱਚ ਸੁਸਤ ਅਤੇ ਗ਼ੈਰ-ਪਾਰਦਰਸ਼ੀ ਲਾਲਫੀਤਾਸ਼ਾਹੀ ਵਾਲੀਆਂ ਪ੍ਰਕਿਰਿਆਵਾਂ ਪ੍ਰਤੀ ਇਸ ਪੀੜ੍ਹੀ ਦਾ ਅਸੰਤੋਸ਼ ਅਤੇ ਅਸਹਿਣਸ਼ੀਲਤਾ ਹੋਰ ਤਿੱਖੀ ਹੁੰਦੀ ਜਾਵੇਗੀ। ਇਸ ਲਈ ਨਾਗਰਿਕ ਵਿਚਾਰ-ਚਰਚਾ ਅਤੇ ਵਿਧਾਨਕ ਸੰਸਥਾਵਾਂ ਵਿੱਚ ਉਨ੍ਹਾਂ ਦੀ ਸਾਰਥਿਕ ਅਤੇ ਪ੍ਰਭਾਵਸ਼ਾਲੀ ਭਾਗੀਦਾਰੀ ਨੂੰ ਯਕੀਨੀ ਬਣਾਉਣਾ ਨਿਰੰਤਰ ਰੂਪ ਵਿੱਚ ਜ਼ਰੂਰੀ ਹੋਵੇਗਾ।

ਭਾਵੇਂ ਹੀ ਪੀਐੱਮ ਮੋਦੀ ਨੇ ਸੰਸਦ ਮੈਂਬਰਾਂ-ਵਿਧਾਇਕਾਂ ਨੂੰ ਨਵੀਂ ਪੀੜ੍ਹੀ ਨਾਲ ਜੁੜਨ ਦੀ ਇੱਕ ਕਵਾਇਦ ਸੌਂਪ ਦਿੱਤੀ ਹੋਵੇ ਪਰ ਮਹਿਜ਼ ਗੱਲਾਂ 'ਤੇ ਸੁਣਵਾਈ ਉਨ੍ਹਾਂ ਦੇ ਮਨੋਭਾਵਾਂ ਅਤੇ ਖ਼ਾਹਿਸ਼ਾਂ ਦੀ ਪੂਰਤੀ ਨਹੀਂ ਕਰ ਸਕਦੀ। ਸਮਾਂ ਆ ਗਿਆ ਹੈ ਕਿ ਸੰਸਦ ਅਤੇ ਵਿਧਾਨ ਸਭਾਵਾਂ ਵਿੱਚ ਨੌਜਵਾਨਾਂ ਨੂੰ ਆਪਣੀ ਗੱਲ ਰੱਖਣ ਦੀ ਅਸਲੀ ਜਗ੍ਹਾ ਮਿਲਣੀ ਚਾਹੀਦੀ ਹੈ। ਇਸ ਦਾ ਮਤਲਬ ਇਹ ਨਹੀਂ ਕਿ ਪੁਰਾਣੀ ਲੀਡਰਸ਼ਿਪ ਨੂੰ ਇਕਦਮ ਦਰਕਿਨਾਰ ਕਰ ਦਿੱਤਾ ਜਾਵੇ। ਸ਼ਾਸਨ ਅਤੇ ਪ੍ਰਸ਼ਾਸਨ ਵਿੱਚ ਤਜਰਬਾ, ਸਮਝ ਅਤੇ ਧੀਰਜ ਦਾ ਮਹੱਤਵ ਸਦਾ ਰਹੇਗਾ ਪਰ ਭਾਰਤ ਦੇ ਭਵਿੱਖ ਨੂੰ ਸਿਰਜਣ ਵਿਚ ਭਵਿੱਖੀ ਪੀੜ੍ਹੀ ਦੀ ਭੂਮਿਕਾ ਨਿਰਧਾਰਤ ਹੋਣੀ ਹੀ ਚਾਹੀਦੀ ਹੈ।

ਏਹੁ ਹਮਾਰਾ ਜੀਵਣਾ.......





# ਚਮਕਦੇ ਸੂਰਜ ਤੋਂ ਟੁੱਟਦੇ ਤਾਰੇ ਤੱਕ ਦਾ ਸਫ਼ਰ

## ਸਾਬਕਾ ਖ਼ਿਡਾਰੀਆਂ ਦਾ ਵਾਲੀਵਾਰਸ ਕੌਣ ?

ਜਗਮੋਹਨ ਸਿੰਘ 'ਲੱਕੀ'

ਸਾਬਕਾ ਭਾਰਤੀ ਕ੍ਰਿਕਟਰ ਵਿਨੋਦ ਕਾਂਬਲੀ ਦੀ ਮੌਜੂਦਾ ਹਾਲਤ ਨੇ ਭਾਰਤ ਦੀ ਖੇਡ ਪ੍ਰਣਾਲੀ 'ਤੇ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ। ਕਦੇ ਕਿਸੇ ਨੇ ਸੋਚਿਆ ਵੀ ਨਹੀਂ ਹੋਣਾ ਕਿ ਦੇਸ਼ ਲਈ ਤਗਮੇ ਜਿੱਤਣ ਵਾਲੇ ਖ਼ਿਡਾਰੀਆਂ ਦਾ ਬੁਢਾਪਾ ਕਸ਼ਟਮਈ ਹੋ ਸਕਦਾ ਹੈ। ਭਾਰਤ ਵਿੱਚ ਵੱਡੀ ਗਿਣਤੀ ਸਾਬਕਾ ਖਿਡਾਰੀ ਅਜਿਹੇ ਹਨ, ਜਿਨ੍ਹਾਂ ਨੂੰ ਬੁਢਾਪੇ ਵਿੱਚ ਕੋਈ ਨਹੀਂ ਪੁੱਛਦਾ, ਇੱਥੋਂ ਤੱਕ ਕਿ ਉਸ ਦੇ ਆਪਣੇ ਪਰਿਵਾਰਕ ਮੈਂਬਰ ਵੀ ਉਸ ਨਾਲ ਬੇਗਾਨਿਆਂ ਵਾਂਗ ਪੇਸ਼ ਆਉਂਦੇ ਹਨ। ਕਿਹਾ ਜਾਂਦਾ ਹੈ ਕਿ ਹਮੇਸ਼ਾ ਚੜ੍ਹਦੇ ਸੂਰਜ ਨੂੰ ਸਲਾਮਾਂ ਹੁੰਦੀਆਂ ਹਨ ਅਤੇ ਟੁੱਟਦੇ ਤਾਰੇ ਨੂੰ ਕੋਈ ਨਹੀਂ ਪੁੱਛਦਾ। ਵਿਨੋਦ ਕਾਂਬਲੀ ਨਾਲ ਵੀ ਅਜਿਹਾ ਹੀ ਹੋਇਆ ਹੈ। ਇੱਕ ਸਮਾਂ ਅਜਿਹਾ ਵੀ ਸੀ, ਜਦੋਂ ਕ੍ਰਿਕਟਰ ਵਿਨੋਦ ਕਾਂਬਲੀ ਨੂੰ ਮਿਲਣ ਅਤੇ ਆਟੋ ਗ੍ਰਾਫ਼ ਲੈਣ ਵਾਲਿਆਂ ਦੀ ਲਾਈਨ ਲੱਗੀ ਹੁੰਦੀ ਸੀ ਅਤੇ ਉਸ ਦੀ ਖੇਡ-ਕਲਾ ਤੋਂ ਖੇਡ ਪ੍ਰੇਮੀ ਬਹੁਤ ਪ੍ਰਭਾਵਿਤ ਸਨ। ਅੱਜ-ਕੱਲ੍ਹ ਸੋਸ਼ਲ ਮੀਡੀਆ 'ਤੇ ਵਾਇਰਲ ਇੱਕ ਵੀਡੀਓ ਅਨੁਸਾਰ ਕਾਂਬਲੀ ਮੁੰਬਈ ਦੇ ਇਲਾਕੇ ਠਾਣੇ ਦੇ ਇੱਕ ਓਲਡ ਏਜ ਹੋਮ, ਨਿਦਾਨ ਸੈਂਟਰ ਫਾਰ ਐਲਡਰਲੀ ਕੇਅਰ ਵਿੱਚ ਦਿਖਾਈ ਦੇ ਰਿਹਾ ਹੈ। ਵਿਨੋਦ ਕਾਂਬਲੀ ਬਿਮਾਰੀ, ਵਿੱਤੀ ਸਮੱਸਿਆਵਾਂ ਅਤੇ ਨਿੱਜੀ ਜ਼ਿੰਦਗੀ ਦੀਆਂ ਮੁਸ਼ਕਿਲਾਂ ਕਾਰਨ ਕਾਫ਼ੀ ਸਮੇਂ ਤੋਂ ਖ਼ਬਰਾਂ ਵਿੱਚ ਹੈ। ਪਹਿਲਾਂ, ਉਨ੍ਹਾਂ ਦੇ ਵੀਡੀਓ ਵਾਇਰਲ ਹੋਏ ਹਨ, ਜਿਸ ਵਿੱਚ ਦਿਖਾਇਆ ਗਿਆ ਹੈ ਕਿ ਉਹ ਸਹਾਰੇ ਤੋਂ ਬਿਨਾਂ ਤੁਰਨ ਤੋਂ ਅਸਮਰੱਥ ਹੈ। ਕਾਂਬਲੀ ਨੇ ਭਾਰਤ ਲਈ 17 ਟੈਸਟ ਮੈਚ ਅਤੇ 104 ਇੱਕ ਰੋਜ਼ਾ ਮੈਚ ਖੇਡੇ। ਉਸਨੇ ਇੱਕ ਰੋਜ਼ਾ ਕ੍ਰਿਕਟ ਵਿੱਚ 2477 ਦੌੜਾਂ ਬਣਾਈਆਂ, ਜਿਸ ਵਿੱਚ 2 ਸੈਂਕੜੇ ਅਤੇ 14 ਅਰਧ ਸੈਂਕੜੇ ਸ਼ਾਮਲ ਹਨ। ਟੈਸਟ ਕ੍ਰਿਕਟ ਵਿੱਚ ਉਸ ਦੇ 1084 ਦੌੜਾਂ ਹਨ, ਜਿਸ ਵਿੱਚ 4 ਸੈਂਕੜੇ ਸ਼ਾਮਲ ਹਨ। ਉਹ 1993 ਤੋਂ 2000 ਤੱਕ ਭਾਰਤ ਲਈ ਖੇਡਿਆ।

ਸਮਾਂ ਬਹੁਤ ਬਲਵਾਨ ਅਤੇ ਸ਼ਕਤੀਸ਼ਾਲੀ ਹੁੰਦਾ ਹੈ। ਸਮਾਂ ਹੀ ਕਿਸੇ ਨੂੰ ਅਰਸ਼ 'ਤੇ ਅਤੇ ਉਸ ਤੋਂ ਬਾਅਦ ਫਰਸ਼ 'ਤੇ ਲਿਆ ਸੁੱਟਦਾ ਹੈ। ਸਿਰਫ਼ ਕਾਂਬਲੀ ਹੀ ਨਹੀਂ ਸਗੋਂ ਭਾਰਤ ਵਿੱਚ ਅਜਿਹੇ ਹੋਰ ਵੀ ਅਨੇਕਾਂ ਖਿਡਾਰੀ ਹਨ, ਜੋ ਕਿ ਅਧਖੜ ਉਮਰ ਅਤੇ ਬੁਢਾਪੇ ਵਿੱਚ ਬੁਨਿਆਦੀ ਸਹੂਲਤਾਂ ਲਈ ਤਰਸ ਰਹੇ ਹਨ। ਅਜਿਹੇ ਖਿਡਾਰੀਆਂ ਦਾ ਕੋਈ ਵਾਲੀਵਾਰਸ ਨਹੀਂ ਬਣਦਾ। ਇੱਥੇ ਝਾਰਖੰਡ ਦੇ ਖਿਡਾਰੀ ਅਮਰਦੀਪ ਕੁਮਾਰ ਦੀ ਵੀ ਉਦਾਹਰਣ ਦਿੱਤੀ ਜਾ ਸਕਦੀ ਹੈ।

### ਦੇਸ਼ ਲਈ ਤਗਮੇ ਜਿੱਤਣ ਵਾਲੇ ਖ਼ਿਡਾਰੀਆਂ ਦੀ ਮੰਦਹਾਲ ਅਵਸਥਾ ਕਿਉਂ ?

**ਅੱਜ ਤੋਂ ਵੀਹ ਕੁ ਸਾਲ ਮੈਂ ਪਹਿਲਾਂ ਵਿਨੋਦ ਕਾਂਬਲੀ ਨੂੰ ਉਦੋਂ ਮਿਲਿਆ ਸੀ, ਜਦੋਂ ਉਹ ਐਸ.ਏ.ਐਸ.ਨਗਰ ਮੋਹਾਲੀ ਦੇ ਕ੍ਰਿਕਟ ਸਟੇਡੀਅਮ ਵਿੱਚ ਕ੍ਰਿਕਟ ਮੈਚ ਖੇਡਣ ਆਇਆ ਸੀ। ਮੈਚ ਤੋਂ ਇੱਕ ਦਿਨ ਪਹਿਲਾਂ ਕ੍ਰਿਕਟ ਸਟੇਡੀਅਮ ਵਿੱਚ ਹੋਰਨਾਂ ਖਿਡਾਰੀਆਂ ਨਾਲ ਪ੍ਰੈਕਟਿਸ ਕਰ ਰਹੇ ਵਿਨੋਦ ਕਾਂਬਲੀ ਨਾਲ ਮੇਰੀ ਮੁਲਾਕਾਤ ਕਾਫ਼ੀ ਸੁਖਾਂਵੇ ਮਾਹੌਲ ਵਿੱਚ ਹੋਈ ਸੀ ਅਤੇ ਕ੍ਰਿਕਟ ਮੈਦਾਨ ਵਿੱਚ ਖਲੋਤਿਆਂ ਹੀ ਅਸੀਂ ਉਸ ਸਮੇਂ ਭਾਰਤੀ ਕ੍ਰਿਕਟ ਅਤੇ ਖੇਡਾਂ ਦਾ ਮਨੁੱਖ ਦੀ ਜ਼ਿੰਦਗੀ ਵਿੱਚ ਮਹੱਤਵ ਆਦਿ ਵਿਸ਼ਿਆਂ 'ਤੇ ਖੁੱਲ੍ਹ ਕੇ ਗੱਲਾਂ ਕੀਤੀਆਂ ਸਨ। ਉਸ ਸਮੇਂ ਮੈਂ ਇੱਕ ਅਖ਼ਬਾਰ ਵਿੱਚ ਸਹਾਇਕ ਸੰਪਾਦਕ ਸੀ ਅਤੇ ਇਸ ਮੀਡੀਆ ਅਦਾਰੇ ਵੱਲੋਂ ਕ੍ਰਿਕਟ ਮੈਚ ਦੀ ਰਿਪੋਰਟਿੰਗ ਕਰਨ ਅਤੇ ਖਿਡਾਰੀਆਂ ਨਾਲ ਮੁਲਾਕਾਤ ਕਰਨ ਲਈ ਮੇਰੀ ਡਿਊਟੀ ਲਗਾਈ ਗਈ ਸੀ। ਉਸ ਸਮੇਂ ਪੂਰੀ ਤਰ੍ਹਾਂ ਸਿਹਤਮੰਦ ਅਤੇ ਤੰਦਰੁਸਤ ਵਿਨੋਦ ਕਾਂਬਲੀ ਦੀ ਮੌਜੂਦਾ ਹਾਲਤ ਵੇਖ ਕੇ ਹਰ ਖੇਡ ਪ੍ਰੇਮੀ ਨੂੰ ਤਰਸ ਆਉਂਦਾ ਹੈ। ਉਸ ਦਾ ਮੌਜੂਦਾ ਹਾਲ ਵੇਖ ਕੇ ਮੈਥੋਂ ਸਾਬਕਾ ਖਿਡਾਰੀਆਂ ਦੀ ਮੰਦੀ ਹਾਲਤ ਬਾਰੇ ਲਿਖਣ ਤੋਂ ਰਿਹਾ ਨਹੀਂ ਗਿਆ, ਜਿਸ ਦੇ ਨਤੀਜੇ ਵਜੋਂ ਇਸ ਆਰਟੀਕਲ ਦੀ ਸਿਰਜਣਾ ਹੋਈ।**

ਲੰਘੇ ਦਿਨੀਂ ਅੰਤਰਰਾਸ਼ਟਰੀ ਮੁਕਾਬਲਿਆਂ 'ਚ 4 ਸੋਨੇ ਦੇ ਤਗਮੇ ਜਿੱਤਣ ਵਾਲੇ ਖਿਡਾਰੀ ਅਮਰਦੀਪ ਕੁਮਾਰ ਨੂੰ ਝਾਰਖੰਡ ਦੀ ਰਾਜਧਾਨੀ ਰਾਂਚੀ 'ਚ ਅਰਗੋੜਾ ਚੌਕ 'ਤੇ ਸਬਜ਼ੀ ਵੇਚਦੇ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਤੋਂ ਬਾਅਦ ਭਾਰਤ ਦੀ ਖੇਡ ਪ੍ਰਣਾਲੀ 'ਤੇ ਵੱਡੇ ਸਵਾਲ ਖੜ੍ਹੇ ਹੋ ਗਏ ਹਨ। ਇਹ ਖਿਡਾਰੀ ਸਰਕਾਰੀ ਜਾਂ ਪ੍ਰਾਈਵੇਟ ਨੌਕਰੀ ਨਾ ਮਿਲਣ ਕਾਰਨ ਸਬਜ਼ੀ ਵੇਚਣ ਅਤੇ ਕੈਬ ਚਲਾਉਣ ਲਈ ਮਜਬੂਰ ਹੈ। ਇਸ ਖਿਡਾਰੀ ਦੇ ਸਬਜ਼ੀ ਵੇਚਣ ਵਾਲੀ ਥਾਂ ਦੀ ਪਿਛਲੀ ਕੰਧ 'ਤੇ ਚਮਕਦਾਰ ਤਗਮਿਆਂ ਦੀ ਕਤਾਰ ਲਟਕ ਰਹੀ ਹੈ, ਜੋ ਕਿ ਦੇਸ਼ ਦੀ ਖੇਡ ਪ੍ਰਣਾਲੀ ਦੀ ਅਸਲ ਹਕੀਕਤ ਬਿਆਨ ਕਰ ਰਹੀ ਹੈ। ਇਹ ਸਭ ਕੁਝ ਦੇਸ਼ ਦੇ ਖਿਡਾਰੀਆਂ ਦੇ ਭਵਿੱਖ ਦੀ ਧੁੰਦਲੀ ਤਸਵੀਰ ਪੇਸ਼ ਕਰਦਾ ਹੈ।





ਖੇਡਾਂ ਵਿੱਚ ਅੱਠ ਸੋਨ ਤਗਮੇ ਜਿੱਤ ਚੁੱਕੀ ਖਿਡਾਰਨ ਗੀਤਾ ਕੁਮਾਰੀ ਨੂੰ ਗੁਜ਼ਾਰਾ ਕਰਨ ਲਈ ਝਾਰਖੰਡ ਦੇ ਰਾਮਗੜ੍ਹ ਜ਼ਿਲ੍ਹੇ ਦੀਆਂ ਗਲੀਆਂ ਵਿੱਚ ਸਬਜ਼ੀਆਂ ਵੇਚਣ ਲਈ ਮਜਬੂਰ ਹੋਣਾ ਪਿਆ ਸੀ। ਉਸ ਦਾ ਮਾਮਲਾ ਮੀਡੀਆ ਦੀਆਂ ਸੁਰਖੀਆਂ ਬਣਨ ਤੋਂ ਬਾਅਦ ਝਾਰਖੰਡ ਦੇ ਉਸ ਸਮੇਂ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਦੇ ਦਖਲ ਸਦਕਾ, ਗੀਤਾ ਕੁਮਾਰੀ ਨੂੰ ਰਾਮਗੜ੍ਹ ਜ਼ਿਲ੍ਹਾ ਪ੍ਰਸ਼ਾਸਨ ਤੋਂ 50,000 ਰੁਪਏ ਅਤੇ ਆਪਣੇ ਐਥਲੈਟਿਕਸ ਕੈਰੀਅਰ ਨੂੰ ਜਾਰੀ ਰੱਖਣ ਲਈ 3,000 ਰੁਪਏ ਦਾ ਮਹੀਨਾਵਾਰ ਵਜ਼ੀਫਾ ਮਿਲਿਆ ਸੀ।

ਸਿਰਫ਼ ਕਾਂਬਲੀ, ਅਮਰਦੀਪ ਅਤੇ ਗੀਤਾ ਹੀ ਨਹੀਂ, ਸਗੋਂ ਸਾਡੇ ਮੁਲਕ ਦੇ ਵੱਡੀ ਖਿਡਾਰੀ ਅਜਿਹੇ ਹਨ, ਜਿਨ੍ਹਾਂ ਨੇ ਦੇਸ਼ ਲਈ ਅੰਤਰਰਾਸ਼ਟਰੀ ਮੁਕਾਬਲਿਆਂ 'ਚ ਸੋਨੇ ਅਤੇ ਚਾਂਦੀ ਦੇ ਤਗਮੇ ਜਿੱਤ ਕੇ ਦੇਸ਼ ਦਾ ਨਾਂਅ ਰੌਸ਼ਨ ਕੀਤਾ ਹੈ, ਉਹਨਾਂ ਵਿੱਚੋਂ ਕਈ ਖਿਡਾਰੀਆਂ ਨੂੰ ਨਾ ਤਾਂ ਨੌਕਰੀਆਂ ਮਿਲੀਆਂ ਤੇ ਨਾ ਹੀ ਕੋਈ ਹੋਰ ਰੁਜ਼ਗਾਰ। ਜਿਸ ਕਰਕੇ ਕੋਈ ਖਿਡਾਰੀ ਵੈਲਡਿੰਗ ਦਾ ਕੰਮ ਕਰਕੇ ਆਪਣੇ ਬੱਚੇ ਪਾਲ ਰਿਹਾ ਹੈ, ਕੋਈ ਸਾਬਕਾ ਖਿਡਾਰੀ ਰੇਹੜੀ ਫੜੀ ਲਗਾ ਕੇ ਆਪਣਾ ਪੇਟ ਭਰ ਰਿਹਾ ਹੈ। ਕੋਈ ਸਾਬਕਾ ਖਿਡਾਰੀ ਪ੍ਰਾਈਵੇਟ ਬੱਸਾਂ ਦਾ ਡਰਾਇਵਰ/ਕੰਡਕਟਰ ਬਣਿਆ ਹੋਇਆ ਹੈ। ਅੰਤਰਰਾਸ਼ਟਰੀ ਮੁਕਾਬਲਿਆਂ ਵਿੱਚ ਕਈ ਮੈਡਲ ਜਿੱਤ ਚੁੱਕਿਆ ਇੱਕ ਹੋਰ ਸਾਬਕਾ ਖਿਡਾਰੀ ਕੇਰਲ ਵਿੱਚ ਨਾਰੀਅਲ ਪਾਣੀ ਵੇਚ ਕੇ ਆਪਣੇ ਬੱਚੇ ਪਾਲ ਰਿਹਾ ਹੈ। ਜਦੋਂ ਇਹ ਖਿਡਾਰੀ ਨਾਰੀਅਲ ਪਾਣੀ ਪੀਣ ਵਾਲਿਆਂ ਨੂੰ ਆਪਣੇ ਜਿੱਤੇ ਹੋਏ ਤਗਮਿਆਂ ਦੀ ਗੱਲ ਕਰਦਾ ਹੈ ਤਾਂ ਅਕਸਰ ਲੋਕ ਉਸ ਦੀ ਗੱਲ 'ਤੇ ਵਿਸ਼ਵਾਸ ਨਹੀਂ ਕਰਦੇ ਅਤੇ ਉਸ ਨੂੰ ਅਣਗੌਲਿਆ ਕਰ ਦਿੰਦੇ ਹਨ। ਦੇਸ਼ ਲਈ ਤਗਮੇ ਜਿੱਤਣ ਵਾਲੇ ਅਜਿਹੇ ਖਿਡਾਰੀਆਂ ਦੀ ਮੰਦਹਾਲ ਅਵਸਥਾ ਵੇਖ ਕੇ ਵੱਡੀ ਗਿਣਤੀ ਲੋਕ ਆਪਣੇ ਬੱਚਿਆਂ ਨੂੰ ਖੇਡਾਂ ਤੋਂ ਦੂਰ ਰੱਖਣ ਵਿੱਚ ਹੀ ਆਪਣੀ ਭਲਾਈ ਸਮਝਦੇ ਹਨ। ਸਾਡੇ ਪੰਜਾਬ 'ਚ ਅਨੇਕਾਂ ਖਿਡਾਰੀ ਅਜਿਹੇ ਹਨ, ਜਿਨ੍ਹਾਂ ਨੇ ਆਪਣੀ ਜਵਾਨੀ ਖੇਡਾਂ ਦੇ ਲੇਖੇ ਲਗਾ ਦਿੱਤੀ ਅਤੇ ਆਲਮੀ ਮੁਕਾਬਲਿਆਂ 'ਚ ਮੈਡਲ ਜਿੱਤੇ ਪਰ ਹੁਣ ਉਹ ਖੇਡ ਕੈਰੀਅਰ ਖਤਮ ਹੋਣ ਤੋਂ ਬਾਅਦ ਰੁਜ਼ਗਾਰ ਲਈ ਤਰਸ ਰਹੇ ਹਨ। ਇਹ ਠੀਕ ਹੈ ਕਿ ਵੱਡੀ ਗਿਣਤੀ ਖਿਡਾਰੀਆਂ ਨੂੰ ਉਨ੍ਹਾਂ ਦੇ ਖੇਡ ਕੈਰੀਅਰ ਦੌਰਾਨ ਚੰਗੀਆਂ ਸਰਕਾਰੀ ਨੌਕਰੀਆਂ ਵੀ ਮਿਲ ਜਾਂਦੀਆਂ ਹਨ ਅਤੇ ਸਰਕਾਰ ਵੱਲੋਂ ਕਈ ਤਰ੍ਹਾਂ ਦੇ ਇਨਾਮ ਤੇ ਸਨਮਾਨ ਵੀ ਮਿਲ ਜਾਂਦੇ ਹਨ ਪਰ ਸਾਰੇ ਖਿਡਾਰੀਆਂ ਨੂੰ ਸਰਕਾਰੀ ਨੌਕਰੀਆਂ ਨਹੀਂ ਮਿਲਦੀਆਂ। ਜਿਸ ਕਾਰਨ ਕੁਝ ਖਿਡਾਰੀ ਹਰ ਸਟੇਟ ਵਿੱਚ ਸਰਕਾਰੀ ਨੌਕਰੀ ਲੈਣ ਤੋਂ ਵਾਂਝੇ ਰਹਿ ਜਾਂਦੇ ਹਨ ਅਤੇ ਉਹ ਪ੍ਰਾਈਵੇਟ ਨੌਕਰੀ ਜਾਂ ਕੋਈ ਹੋਰ ਛੋਟਾ ਮੋਟਾ ਕੰਮ ਕਰਨ ਜੋਗੇ ਰਹਿ ਜਾਂਦੇ ਹਨ।

ਸਾਡੇ ਮੁਲਕ ਦੀ ਇਹ ਇੱਕ ਕਸੈਲ਼ੀ ਹਕੀਕਤ ਹੈ ਕਿ ਜਿਹੜੇ ਮੁਲਕ ਲਈ ਖਿਡਾਰੀਆਂ ਨੇ ਤਗਮੇ ਜਿੱਤਣ ਲਈ ਆਪਣੀ ਜਵਾਨੀ ਹੀ ਲੇਖੇ ਲਾ ਦਿੱਤੀ, ਖਿਡਾਰੀਆਂ ਲਈ ਢੇਰ ਸਹੂਲਤਾਂ ਦੇ ਦਾਅਵੇ ਕਰਨ ਵਾਲੀ ਸਰਕਾਰ ਵੀ ਉਹਨਾਂ ਦੀ ਕੋਈ ਸਾਰ ਨਹੀਂ ਲੈ ਰਹੀ।

ਜਦੋਂ ਕੋਈ ਵੈਟਰਨ/ ਬਜ਼ੁਰਗ ਖਿਡਾਰੀ ਕੋਈ ਖੇਡ ਮੁਕਾਬਲਾ ਜਿੱਤਦਾ ਹੈ ਤਾਂ ਸਾਰੇ ਹੀ ਅਖ਼ਬਾਰਾਂ ਵਿੱਚ ਇਸ ਦੀ ਲੱਗੀ ਖ਼ਬਰ ਦੀ ਸੁਰਖ਼ੀ ਹੁੰਦੀ ਹੈ ਕਿ 70 ਸਾਲ ਦੇ ਨੌਜਵਾਨ ਜਾਂ ਬਾਬੇ ਨੇ ਇਤਿਹਾਸ ਰਚਿਆ ਪਰ ਨਾਲ ਹੀ ਲੱਗੀ ਫੋਟੋ ਵਿੱਚ ਇਸ ਬਜ਼ੁਰਗ ਖਿਡਾਰੀ ਦਾ ਚਿਹਰਾ ਉੱਪਰੋਂ ਖੁਸ਼ੀ ਤੇ ਵਿਚੋਂ ਬੱਚਿਆਂ ਦੀ ਫੀਸਾਂ ਦੇ ਫ਼ਿਕਰ ਦੀ ਵੀ ਕਹਾਣੀ ਪਾ ਰਿਹੈ ਹੁੰਦੈ। ਜਿਹੜੀਆਂ ਅੱਖਾਂ ਖ਼ਬਰਾਂ ਦੇ ਕਾਲਮਾਂ ਵਿੱਚ ਛੱਡੀ ਗਈ ਹਾਸ਼ੀਏ ਜਾਂ ਖਾਲੀ ਥਾਂ ਵਿਚੋਂ ਵੀ ਖ਼ਬਰਾਂ ਦੇ ਲੁਕਵੇਂ ਸੰਦੇਸ਼ ਪੜ੍ਹ ਲੈਂਦੀਆਂ ਨੇ, ਉਹ ਇਨ੍ਹਾਂ ਸਾਬਕਾ/ ਬਜ਼ੁਰਗ ਖਿਡਾਰੀਆਂ ਦੀ ਖੁਸ਼ੀ ਪਿੱਛੇ ਛੁਪੇ ਹੋਏ ਦਰਦ ਨੂੰ ਵੀ ਵੇਖ ਲੈਂਦੀਆਂ ਨੇ। ਹਾਲ ਤਾਂ ਇਹ ਹੈ ਕਿ ਜਿਹੜੇ ਖਿਡਾਰੀਆਂ ਲਈ ਦੁੱਧ , ਘਿਉ ਅਤੇ ਖੀਰ ਦੇ ਇੱਕ ਤਰ੍ਹਾਂ ਲੰਗਰ ਹੀ ਲੱਗੇ ਰਹਿੰਦੇ ਸਨ, ਉਹਨਾਂ ਵਿਚੋਂ ਵੱਡੀ ਗਿਣਤੀ ਖਿਡਾਰੀ ਖੇਡ ਕੈਰੀਅਰ ਖਤਮ ਹੋਣ ਤੋਂ ਬਾਅਦ ਦੋ ਡੰਗ ਦੀ ਰੋਟੀ ਲਈ ਵੀ ਤਰਸ ਰਹੇ ਹਨ।

ਕੇਂਦਰ ਸਰਕਾਰ ਵੱਲੋਂ ਬਾਲ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਯੋਜਨਾ ਚਲਾਈ ਜਾ ਰਹੀ ਹੈ, ਜਿਸ ਲਈ ਬਾਲ ਖਿਡਾਰੀਆਂ ਨੂੰ ਕਈ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਇਸ ਦੇ ਨਾਲ ਹੀ ਖਿਡਾਰੀਆਂ ਲਈ ਵੀ ਕੇਂਦਰ ਸਰਕਾਰ ਦੇ ਨਾਲ ਹੀ ਪੰਜਾਬ ਸਰਕਾਰ ਵੀ ਕਾਫ਼ੀ ਉਪਰਾਲੇ ਕਰ ਰਹੀ ਹੈ ਪਰ ਸਾਬਕਾ ਖਿਡਾਰੀਆਂ ਦੀ ਵੀ ਸਾਰ ਲੈਣੀ ਚਾਹੀਦੀ ਹੈ। ਹਰ ਪਿੰਡ ਵਿੱਚ ਹੀ ਖੇਡ ਕਲੱਬ ਅਤੇ ਨੌਜਵਾਨ ਸਭਾਵਾਂ ਹਨ, ਜਿਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਪਿੰਡ ਤੇ ਇਲਾਕੇ ਦੇ ਸਾਬਕਾ ਤੇ ਬਜ਼ੁਰਗ ਖਿਡਾਰੀਆਂ ਦੀ ਵੀ ਸਾਰ ਲੈਣ ਤਾਂ ਕਿ ਮੁਲਕ ਲਈ ਤਗਮੇ ਜਿੱਤਣ ਵਾਲੇ ਸਾਬਕਾ ਖਿਡਾਰੀਆਂ ਦੀ ਜ਼ਿੰਦਗੀ ਖੁਸ਼ੀਆਂ ਅਤੇ ਸਹੂਲਤਾਂ ਨਾਲ ਬਤੀਤ ਹੋ ਸਕੇ।









## 29 ਸਤੰਬਰ 1914 : 112ਵੇਂ ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼

# ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਿਰਾਂ ਦੀ ਸ਼ਹਾਦਤ ਦੀ ਦਾਸਤਾਨ



ਡਾ. ਗੁਰਵਿੰਦਰ ਸਿੰਘ




ਅੱਜ ਤੋਂ 112 ਵਰੇ ਪਹਿਲਾਂ 29 ਸਤੰਬਰ ਦੇ ਦਿਨ 1914 ਈ. ਨੂੰ ਗੁਰੂ ਨਾਨਕ ਜਹਾਜ਼ ਦੇ 19 ਮੁਸਾਫ਼ਿਰਾਂ ਨੂੰ ਕੋਲਕੱਤਾ ਨੇੜੇ ਬਜਬਜ ਘਾਟ 'ਤੇ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਉਹ ਮੁਸਾਫਰ ਅੰਗਰੇਜ਼ ਬਸਤੀਵਾਦ ਦੇ ਜਬਰ ਜ਼ੁਲਮ ਦੇ ਖ਼ਿਲਾਫ਼ ਲੜੇ ਸਨ। ਉਹ ਦੇਸ਼ ਦੇ ਆਜ਼ਾਦੀ ਘੁਲਾਟੀਏ ਸਨ, ਪਰ ਨਾ ਭਾਰਤ ਸਰਕਾਰ ਨੂੰ ਇਨ੍ਹਾਂ ਦਾ ਸ਼ਹੀਦੀ ਦਿਨ ਯਾਦ ਹੈ, ਨਾ ਹੀ ਪੰਜਾਬ ਸਰਕਾਰ ਨੇ ਹੀ ਕਦੇ ਇਨ੍ਹਾਂ ਸ਼ਹੀਦਾਂ ਨੂੰ ਯਾਦ ਕੀਤਾ ਹੈ। ਇਹ ਅਕ੍ਰਿਤਘਣਤਾ ਦੀ ਸਿਖਰ ਹੈ। ਦਰਅਸਲ ਸੰਸਾਰ ਦੇ ਇਤਿਹਾਸ ਵਿੱਚ ਸਮੁੰਦਰੀ ਬੇੜੇ ਗੁਰੂ ਨਾਨਕ ਜਹਾਜ਼ ਦੀ ਸਾਖੀ ਖ਼ਾਸ ਮਹੱਤਵ ਰੱਖਦੀ ਹੈ। ਉਸ ਵੇਲੇ ਦੀ ਕੈਨੇਡਾ ਦੀ ਨਸਲਵਾਦੀ ਸਰਕਾਰ ਨੇ ਮਨੁੱਖੀ ਹੱਕਾਂ ਦੀਆਂ ਧੱਜੀਆਂ ਉਡਾਉਂਦੇ ਹੋਏ ਇਸ ਸਮੁੰਦਰੀ ਬੇੜੇ ਨੂੰ, ਕੈਨੇਡਾ ਦੀ ਵੈਨਕੂਵਰ ਬੰਦਰਗਾਹ 'ਤੇ ਜਬਰੀ ਰੋਕੀ ਰੱਖਿਆ ਅਤੇ ਮੁਸਾਫਰਾਂ ਨੂੰ ਬਾਹਰ ਨਾ ਨਿਕਲਣ ਦਿੱਤਾ। 112 ਵਰ੍ਹੇ ਪਹਿਲਾਂ ਦੀ ਜ਼ਾਲਮ ਸਰਕਾਰ ਨੇ 377 ਮੁਸਾਫ਼ਿਰਾਂ ਵਾਲੇ ਸਮੁੰਦਰੀ ਬੇੜੇ 'ਗੁਰੂ ਨਾਨਕ ਜਹਾਜ਼' ਨੂੰ ਜਬਰੀ ਭਾਰਤ ਵਾਪਸ ਮੋੜ ਦਿੱਤਾ ਸੀ।

ਬਾਬਾ ਗੁਰਦਿੱਤ ਸਿੰਘ ਸਰਹਾਲੀ ਨੇ ਆਤਮ-ਕਥਾ 'ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਦੀ ਦਰਦ ਭਰੀ ਕਹਾਣੀ' 1920 ਵਿੱਚ ਲਿਖੀ ਸੀ ਜਿਸ ਨੂੰ ਡਾ ਗੁਰਦੇਵ ਸਿੰਘ ਸਿੱਧੂ ਨੇ ਸੰਪਾਦਿਤ ਕਰਕੇ ਪਾਠਕਾਂ ਤੱਕ ਪਹੁੰਚਾਇਆ ਹੈ। ਇਸ ਵਿੱਚੋਂ ਮਿਲਦੇ ਹਵਾਲਿਆਂ ਅਨੁਸਾਰ ਵੀਹਵੀਂ ਸਦੀ ਦੇ ਆਰੰਭ ਵਿੱਚ ਕੈਨੇਡਾ ਵਿੱਚ ਨਸਲਵਾਦੀ ਗੋਰੀ ਸਰਕਾਰ ਸੀ, ਜਿਸ ਨੇ 1907 ਵਿੱਚ ਪਹਿਲਾਂ ਭਾਰਤੀਆਂ ਤੋਂ ਵੋਟ ਦਾ ਹੱਕ ਖੋਹਿਆ ਤੇ ਉਸ ਤੋਂ ਬਾਅਦ ਕੈਨੇਡਾ ਆਉਣ ਲਈ ਆਪਣੇ ਮੁਲਕ ਤੋਂ ਸਿੱਧੇ ਸਫ਼ਰ ਦੀ ਸ਼ਰਤ ਲਾ ਦਿੱਤੀ। ਸਿੱਧੇ ਸਫਰ ਰਾਹੀਂ ਕੈਨੇਡਾ ਦਾਖਲ ਹੋਣ ਤੋਂ ਰੋਕਣ ਦਾ ਇਹ ਕਾਲਾ ਕਾਨੂੰਨ ਸੀ, ਜਿਸ ਨੂੰ ਪ੍ਰਭਾਵਹੀਣ ਕਰਨ ਲਈ ਕੈਨੇਡਾ ਦੇ ਮੋਢੀ ਸਿੱਖਾਂ ਸ਼ਹੀਦ ਭਾਈ ਭਾਗ ਸਿੰਘ ਜੀ ਭਿਖੀਪਿੰਡ, ਪ੍ਰਧਾਨ ਅਤੇ ਸ਼ਹੀਦ ਭਾਈ ਬਲਵੰਤ ਸਿੰਘ ਜੀ ਖੁਰਦਪੁਰ ਮੁੱਖ ਗ੍ਰੰਥੀ, ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੀ ਸਲਾਹ 'ਤੇ ਮਾਝੇ ਦੇ ਨਾਮਵਰ ਸਿੱਖ ਆਗੂ ਅਤੇ ਕਾਰੋਬਾਰੀ ਬਾਬਾ ਗੁਰਦਿੱਤ ਸਿੰਘ ਸਰਹਾਲੀ ਨੇ ਦੂਰ-ਅੰਦੇਸ਼ੀ ਨਾਲ ਵਿਉਂਤ ਸੋਚੀ।

ਕੈਨੇਡਾ ਸਰਕਾਰ ਦੇ 'ਨਸਲੀ ਵਿਤਕਰੇ ਵਾਲੇ ਕਾਨੂੰਨ ਨਿਰੰਤਰ ਸਿੱਧੇ ਸਫਰ' ਨੂੰ ਚੁਣੌਤੀ ਦੇਣ ਲਈ ਜਨਵਰੀ 1914 ਵਿੱਚ ਬਾਬਾ ਜੀ ਵੱਲੋਂ 'ਗੁਰੂ ਨਾਨਕ ਸਟੀਮਸ਼ਿਪ ਕੰਪਨੀ' ਕਾਇਮ ਕੀਤੀ ਗਈ, ਜਿਸ ਅਧੀਨ 'ਗੁਰੂ ਨਾਨਕ ਸਾਹਿਬ' ਦੇ ਨਾਂਅ 'ਤੇ ਇੱਕ ਜਹਾਜ਼ ਕਿਰਾਏ 'ਤੇ ਲੈਣ ਦਾ ਫੈਸਲਾ ਕੀਤਾ ਗਿਆ। ਉਨ੍ਹਾਂ ਸਮੁੰਦਰੀ ਬੇੜੇ ਦੀ ਭਾਲ ਕਰਦਿਆਂ ਸਭ ਤੋਂ ਪਹਿਲਾਂ 'ਸਿੰਗਾਪੁਰ ਸਟੀਮਸ਼ਿਪ ਕੰਪਨੀ' ਦੇ ਮੈਨੇਜਰ ਰਾਹੀਂ 'ਲਿਥੋ ਐਂਡ ਕੰਪਨੀ' ਨੂੰ ਸੰਪਰਕ ਕੀਤਾ, ਪਰ ਉਹਨਾਂ ਦਾ ਜਹਾਜ਼ ਪੁਰਾਣਾ ਹੋਣ ਕਾਰਨ ਪੈਸੇਫ਼ਿਕ ਸਮੁੰਦਰ ਵਿੱਚ ਉਤਾਰੇ ਜਾਣ ਦੇ ਸਮਰੱਥ ਨਹੀਂ ਸੀ। ਇਉਂ ਹੀ ਕਈ ਹੋਰ ਬੇੜਿਆਂ ਦੀ ਭਾਲ ਕੀਤੀ ਗਈ। ਆਖ਼ਰਕਾਰ ਜਰਮਨ ਦੇ ਏਜੰਟ ਯੂਨੇ ਰਾਹੀਂ ਜਪਾਨੀ ਕੰਪਨੀ 'ਕਾਮਾਗਾਟਾ' ਨਾਲ ਸੰਪਰਕ ਕੀਤਾ ਅਤੇ ਉਹਨਾਂ ਦਾ ਜਹਾਜ਼ ਲੈਣ ਦਾ ਫੈਸਲਾ ਕੀਤਾ। ਕਾਮਾਗਾਟਾਮਾਰੂ ਨਾਂਅ ਦਾ ਸਮੁੰਦਰੀ ਬੇੜਾ, ਜਾਪਾਨ ਤੋਂ 11 ਹਜ਼ਾਰ ਡਾਲਰ ਪ੍ਰਤੀ ਮਹੀਨੇ ਦੇ ਹਿਸਾਬ ਨਾਲ, ਛੇ ਮਹੀਨਿਆਂ ਲਈ ਭਾੜੇ 'ਤੇ ਲੈਆ। ਇਸ ਦਾ ਆਕਾਰ 392.2 ਫੁੱਟ ਸੀ ਅਤੇ 3 ਹਜ਼ਾਰ ਟਨ ਮਾਲ ਢੋਣ ਦੀ ਸਮਰੱਥਾ ਸੀ, ਜਦ ਕਿ ਇੱਕ ਘੰਟੇ ਵਿੱਚ 20 ਕਿਲੋਮੀਟਰ ਦਾ ਸਫਰ ਤੈਅ ਕਰ ਸਕਦਾ ਸੀ। ਇਹ ਜਹਾਜ਼ ਕੋਲਾ ਢੋਣ ਵਾਲਾ ਸੀ ਤੇ ਯਾਤਰੂ ਜਹਾਜ਼ ਦੇ ਰੂਪ ਵਿੱਚ ਬਦਲਣ ਲਈ ਬਾਬਾ ਗੁਰਦਿੱਤ ਸਿੰਘ ਨੇ ਅੰਦਰੋਂ ਕਾਫੀ ਤਬਦੀਲੀ ਕੀਤੀ ਅਤੇ 2500 ਡਾਲਰ ਖਰਚੇ ਤੇ ਬੈਠਣ ਲਈ ਬੈਂਚ ਆਦਿ ਦਾ ਪ੍ਰਬੰਧ ਕੀਤਾ। ਭਾਰੀ ਖਰਚਾ ਕਰਕੇ ਜਹਾਜ਼ ਦੀ ਮੁਰੰਮਤ ਕਰਵਾਉਂਦਿਆਂ, ਪੂਰੀ ਤਿਆਰੀ ਨਾਲ ਜਹਾਜ਼ ਮੁਸਾਫਿਰ ਲਿਜਾਣ ਦੇ ਯੋਗ ਬਣਾਇਆ ਗਿਆ।

ਬਾਬਾ ਗੁਰਦਿੱਤ ਸਿੰਘ ਸਰਹਾਲੀ ਨੇ ਮਾਰਚ 1914 ਨੂੰ ਹਾਂਗਕਾਂਗ ਗੁਰਦੁਆਰਾ ਸਾਹਿਬ ਵਿਖੇ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਅਖੰਡ ਪਾਠ ਕਰਵਾਏ ਗਏ ਅਤੇ ਸਮੁੰਦਰੀ ਜਹਾਜ਼ ਕਾਮਾਗਾਟਾਮਾਰੂ ਦਾ ਨਾਮਕਰਨ 'ਗੁਰੂ ਨਾਨਕ ਜਹਾਜ਼' ਕੀਤਾ ਗਿਆ। ਕਾਨੂੰਨੀ ਪਹਿਲੂ ਵਿਚਾਰਦਿਆਂ ਜਹਾਜ਼ ਦੀਆਂ ਟਿਕਟਾਂ 'ਗੁਰੂ ਨਾਨਕ ਨੈਵੀਗੇਸ਼ਨ ਕੰਪਨੀ' ਵੱਲੋਂ ਪ੍ਰਕਾਸ਼ਿਤ ਹੋਈਆਂ ਅਤੇ ਟਿਕਟਾਂ ਉੱਪਰ ਜਹਾਜ਼ ਦਾ ਨਾਂਅ 'ਗੁਰੂ ਨਾਨਕ ਸਟੀਮਰ' ਲਿਖਿਆ ਗਿਆ। ਗੁਰੂ ਨਾਨਕ ਜਹਾਜ਼ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ, ਜਿੱਥੇ ਦੀਵਾਨ ਜੁੜਦੇ, ਢਾਡੀ ਵਾਰਾਂ ਗਾਉਂਦੇ ਅਤੇ ਨਿਸ਼ਾਨ ਸਾਹਿਬ ਝੁਲਾਇਆ ਜਾਂਦਾ। ਸਾਂਝੇ ਪੰਜਾਬ (ਅਜੋਕੇ ਭਾਰਤ, ਪਾਕਿਸਤਾਨ ਅਤੇ ਬੰਗਲਾਦੇਸ਼) ਦੇ ਸਭ ਯਾਤਰੂ ਜਾਣਦੇ ਸਨ ਕਿ 'ਗੁਰੂ ਨਾਨਕ ਜਹਾਜ਼' ਨਾਂਅ ਦੇ ਅਧੀਨ ਹੀ ਸਭ ਨੂੰ 'ਸਾਂਝੀ ਗੋਦ' ਵਿੱਚ ਲਿਆ ਜਾ ਸਕਦਾ ਸੀ। ਇਤਿਹਾਸਿਕ ਤੱਥਾਂ 'ਤੇ ਅਧਾਰਿਤ ਇਸ ਜਾਣਕਾਰੀ ਤੋਂ ਬਾਅਦ ਕੋਈ ਭੁਲੇਖਾ ਨਹੀਂ ਰਹਿ ਜਾਂਦਾ ਕਿ ਇਸ ਸਮੁੰਦਰੀ ਬੇੜੇ ਦਾ ਨਾਂਅ ਗੁਰੂ ਨਾਨਕ ਜਹਾਜ਼ ਹੈ ਅਤੇ ਇਤਿਹਾਸਕਾਰਾਂ ਲਈ ਗੁਰੂ ਨਾਨਕ ਜਹਾਜ਼ ਸ਼ਬਦ ਹੀ ਵਰਤਣਾ ਉਚਿਤ ਹੈ। ਕਈ ਲੇਖਕਾਂ ਵੱਲੋਂ ਅੱਜ ਵੀ ਜਾਣੇ-ਅਣਜਾਣੇ ਵਿੱਚ ਗੁਰੂ ਨਾਨਕ ਜਹਾਜ਼ ਨੂੰ, ਜਾਪਾਨੀ ਨਾਂ ਕਾਮਾਗਾਟਾਮਾਰੂ ਨਾਲ ਹੀ ਬਿਆਨਿਆ ਜਾਂਦਾ ਹੈ, ਜੋ ਕਿ ਸਹੀ ਨਹੀਂ। ਬਹੁਤ ਚੰਗੀ ਗੱਲ ਹੈ ਕਿ ਵੈਨਕੂਵਰ ਦੇ ਸਮੁੰਦਰੀ ਤੱਟ 'ਤੇ ਸਰਕਾਰ ਵੱਲੋਂ 'ਗੁਰੂ ਨਾਨਕ ਜਹਾਜ਼ ਮੈਮੋਰੀਅਲ' ਨਾਂਅ ਸੋਧ ਕੇ ਲਿਖਿਆ ਗਿਆ ਹੈ ਅਤੇ 'ਵੈਨਕੂਵਰ, ਸਰੀ ਸਿਟੀ ਕੌਂਸਲਾਂ' ਵੱਲੋਂ 'ਗੁਰੂ ਨਾਨਕ ਜਹਾਜ਼ ਨਾਂਅ 'ਤੇ ਐਲਾਨਨਾਮੇ' ਜਾਰੀ ਹੋਏ ਹਨ, ਜਿਨ੍ਹਾਂ ਤੋਂ ਸੇਧ ਲੈ ਕੇ ਬੀ.ਸੀ. ਸੂਬਾਈ ਅਤੇ ਕੈਨੇਡਾ ਸਰਕਾਰ ਵੀ ਆਪਣੇ 'ਮਾਫੀਨਾਮਿਆਂ ਵਿੱਚ ਸੋਧ' ਜ਼ਰੂਰ ਕਰਨਗੀਆਂ।

ਬਾਬਾ ਗੁਰਦਿੱਤ ਸਿੰਘ ਸਰਹਾਲੀ ਵੱਲੋਂ ਅਣਥੱਕ ਯਤਨਾਂ ਨਾਲ ਇਥੇ ਲਿਆਂਦੇ ਸਮੁੰਦਰੀ ਜਹਾਜ਼ ਦੇ ਮੁਸਾਫ਼ਿਰਾਂ ਨੂੰ 23 ਮਈ 1914 ਤੋਂ ਲੈ ਕੇ 23 ਜੁਲਾਈ 1914 ਤੱਕ ਦੋ ਮਹੀਨੇ ਵੈਨਕੂਵਰ ਦੀ ਬੰਦਰਗਾਹ 'ਤੇ ਬੰਦੀ ਬਣਾਈ ਰੱਖਿਆ। 19 ਜੁਲਾਈ,1914 ਨੂੰ ਤੜਕੇ, 35 ਡਿਪੂਟਾਈਜ਼ਡ ਅਫਸਰਾਂ ਅਤੇ 125 ਸਿਟੀ ਪੁਲਿਸ ਅਧਿਕਾਰੀਆਂ ਦੇ ਨਾਲ ਛੋਟਾ ਸਰਕਾਰੀ ਸਮੁੰਦਰੀ ਜਹਾਜ਼, ਸਾਰੇ ਹਥਿਆਰਬੰਦ ਹਮਲਾਵਰਾਂ ਨੂੰ ਨਾਲ ਲੈ ਕੇ ਗੁਰੂ ਨਾਨਕ ਜਹਾਜ਼ ਨੂੰ ਬੰਦਰਗਾਹ ਤੋਂ ਬਾਹਰ ਕੱਢਣ ਦੇ ਇਰਾਦੇ ਨਾਲ ਨੇੜੇ ਆਣ ਪਹੁੰਚਿਆ। ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰ ਧੱਕੇਸ਼ਾਹੀ ਦਾ ਵਿਰੋਧ ਕਰ ਰਹੇ ਸਨ। ਸਰਕਾਰੀ ਹਮਲੇ ਦੇ ਜਵਾਬ ਵਿੱਚ ਮੁਸਾਫਿਰਾਂ ਨੇ ਜੈਕਾਰੇ ਲਾਉਂਦਿਆਂ ਹੋਇਆਂ ਮੋੜਵਾਂ ਪ੍ਰਤਿਕਰਮ ਦਿੱਤਾ। ਯਾਤਰੀਆਂ ਨੇ ਫੈਸਲਾ ਕੀਤਾ ਕਿ ਉਹ 'ਜਬਰ ਦਾ ਮੁਕਾਬਲਾ ਚੜ੍ਹਦੀ ਕਲਾ' ਨਾਲ ਕਰਨਗੇ। ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ ਦਾ ਰੋਹ ਦੇਖਦਿਆਂ ਹੋਇਆਂ ਸਰਕਾਰ ਨੇ ਆਪਣਾ ਹਮਲਾਵਰ ਜਹਾਜ਼ ਵਾਪਸ ਮੋੜ ਲਿਆ। ਆਖਿਰਕਾਰ 23 ਜੁਲਾਈ 1914 ਨੂੰ ਗੁਰੂ ਨਾਨਕ ਜਹਾਜ਼ ਨੂੰ ਕੈਨੇਡੀਅਨ ਫੌਜ ਅਤੇ ਹਕੂਮਤ ਵੱਲੋਂ, ਕੈਨੇਡੀਅਨ ਪਾਣੀਆਂ 'ਚੋਂ ਵਿਤਕਰਿਆਂ ਅਤੇ ਧੱਕੇਸ਼ਾਹੀਆਂ ਨਾਲ ਬਾਹਰ ਕਰ ਦਿੱਤਾ ਗਿਆ।

ਦੋ ਮਹੀਨੇ ਦੀ ਭਾਰੀ ਖੱਜਲ-ਖੁਆਰੀ ਤੋਂ ਬਾਅਦ 26 ਸਤੰਬਰ 1914 ਨੂੰ ਗੁਰੂ ਨਾਨਕ ਜਹਾਜ਼ ਕੋਲਕੱਤੇ ਤੋਂ ਕੋਈ 100 ਮੀਲ ਦੂਰੀ 'ਤੇ ਜਬਰੀ ਰੋਕ ਲਿਆ ਗਿਆ ਅਤੇ ਦੋ ਦਿਨ ਤਲਾਸ਼ੀਆਂ ਹੁੰਦੀਆਂ ਰਹੀਆਂ। 29 ਸਤੰਬਰ ਨੂੰ ਕੋਲਕੱਤੇ ਤੋਂ ਕੁਝ ਦੂਰੀ 'ਤੇ ਬਜ ਬਜ ਘਾਟ ਤੇ ਮੁਸਾਫ਼ਿਰਾਂ ਨੂੰ ਜਬਰੀ ਉਤਰਨ ਲਈ ਕਿਹਾ ਗਿਆ ਤੇ ਰਾਜਨੀਤਿਕ ਵਿਘਨ ਪਾਉਣ ਵਾਲੇ 'ਅੱਜ ਦੇ ਅੰਦੋਲਨ ਜੀਵੀਆਂ' ਵਾਂਗ ਕਰਾਰ ਦੇ ਕੇ ਗ੍ਰਿਫਤਾਰ ਕਰਨਾ ਸ਼ੁਰੂ ਕਰ ਦਿੱਤਾ ਗਿਆ। ਸਿੱਖ ਮੁਸਾਫ਼ਿਰ ਗ੍ਰਿਫਤਾਰੀ ਅਤੇ ਪੰਜਾਬ ਵਾਪਸੀ ਤੋਂ ਪਹਿਲਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਕਲਕੱਤੇ ਦੇ ਗੁਰਦੁਆਰਾ ਸਾਹਿਬ ਵਿਖੇ ਸੁਸ਼ੋਭਿਤ ਕਰਨਾ ਚਾਹੁੰਦੇ ਸਨ, ਪਰ ਇਸ ਦਾ ਵਿਰੋਧ ਕਰਦਿਆਂ ਹੋਇਆਂ, ਬ੍ਰਿਟਿਸ਼ ਭਾਰਤੀ ਪ੍ਰਸ਼ਾਸਨ ਵੱਲੋਂ ਉਹਨਾਂ ਉੱਪਰ ਗੋਲੀਆਂ ਚਲਾਈਆਂ ਗਈਆਂ। ਇਸ ਦੁਖਦਾਈ ਘਟਨਾ ਦੀ ਅਗਵਾਈ ਬ੍ਰਿਟਿਸ਼ ਭਾਰਤੀ ਫੌਜ ਦੁਆਰਾ ਕੀਤੀ ਗਈ, ਜਿਸ ਦੇ ਨਤੀਜੇ ਵਜੋਂ 19 ਯਾਤਰੀ ਸ਼ਹੀਦ ਹੋ ਗਏ, ਬਹੁਤ ਸਾਰੇ ਜ਼ਖਮੀ ਹੋਏ ਅਤੇ ਬਹੁਤ ਸਾਰੇ ਹੋਰ ਕੈਦ ਹੋ ਗਏ। ਬ੍ਰਿਟਿਸ਼ ਭਾਰਤੀ ਨਸਲਵਾਦੀ ਸਰਕਾਰ ਦੇ ਖ਼ੂਨੀ ਸਾਕੇ ਦਾ ਇਹ ਦਿਲ-ਕੰਬਾਊ ਅਧਿਆਇ ਸੀ, ਜੋ ਅੱਜ ਦੇ ਭਾਰਤੀ ਸਿਆਸਤਦਾਨਾਂ ਦੇ ਮਨਾਂ ਚੋਂ ਪੂਰੀ ਤਰ੍ਹਾਂ ਵਿਸਰ ਚੁੱਕਾ ਹੈ।

ਇਧਰ ਕੈਨੇਡਾ ਦੀ ਧਰਤੀ 'ਤੇ ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ ਤੇ ਹੋਏ ਨਸਲੀ ਧੱਕੇ ਦੇ ਦੁਖਾਂਤ ਲਈ ਮੁਆਫ਼ੀ ਦੀ ਮੰਗ ਨਿਰੰਤਰ ਉੱਠਦੀ ਰਹੀ। ਆਖ਼ਰਕਾਰ ਕੈਨੇਡਾ ਦੀ ਲਿਬਰਲ ਸਰਕਾਰ ਦੇ ਤਤਕਾਲੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ 18 ਮਈ, 2016 ਦੇ ਦਿਨ ਮੁਆਫ਼ੀਨਾਮਾ ਜਾਰੀ ਕਰਕੇ ਨਵਾਂ ਅਧਿਆਇ ਸਿਰਜ ਦਿੱਤਾ। ਕੈਨੇਡਾ ਦੀ ਪਾਰਲੀਮੈਂਟ 'ਚ ਪ੍ਰਵਾਸੀਆਂ ਨੂੰ ਕਾਲੇ ਕਾਨੂੰਨਾਂ ਰਾਹੀਂ ਧੱਕੇ ਨਾਲ ਵਾਪਸ ਮੋੜਨ ਦੀਆਂ ਇਤਿਹਾਸਕ ਗ਼ਲਤੀਆਂ 'ਤੇ ਮੁਆਫ਼ੀ ਮੰਗਣ ਅਤੇ ਉਨ੍ਹਾਂ ਤੋਂ ਸਬਕ ਸਿੱਖਣ ਦਾ ਇਹ ਕਦਮ, ਇਥੇ ਵਸੇ ਪ੍ਰਵਾਸੀਆਂ ਨੂੰ ਮਾਨਤਾ ਦੇਣ ਦੇ ਸੰਦਰਭ 'ਚ ਖ਼ਾਸ ਮਹੱਤਵ ਰੱਖਦਾ ਹੈ। ਕੈਨੇਡਾ ਦੀ ਪਹਿਲਕਦਮੀ ਇਹ ਵੀ ਸੁਨੇਹਾ ਦਿੰਦੀ ਹੈ ਕਿ ਜੇਕਰ ਸਰਕਾਰਾਂ ਇਤਿਹਾਸ ਦੀਆਂ ਗ਼ਲਤੀਆਂ ਤੋਂ ਸਬਕ ਲੈ ਕੇ, ਮੁੜ ਗ਼ਲਤੀਆਂ ਨਾ ਦੁਹਰਾਉਣ ਦਾ ਤਹੱਈਆ ਕਰਨ, ਤਾਂ ਇਹ ਸਹੀ ਅਰਥਾਂ 'ਚ ਨਵੀਆਂ ਲੀਹਾਂ ਪਾਉਣ ਦੇ ਬਰਾਬਰ ਹੁੰਦਾ ਹੈ। ਜੇਕਰ ਘੱਲੂਘਾਰਿਆਂ, ਨਸਲਕੁਸ਼ੀਆਂ ਅਤੇ ਦੇਸ਼ ਪੱਧਰੀ ਦੁਖਾਂਤਾਂ ਲਈ ਇਤਿਹਾਸਕ ਗ਼ਲਤੀਆਂ ਦਾ ਪਛਤਾਵਾ ਹੋਵੇ, ਦੋਸ਼ੀਆਂ ਨੂੰ ਸਜ਼ਾਵਾਂ ਮਿਲਣ ਅਤੇ ਘੱਟ-ਗਿਣਤੀਆਂ ਸੁਰੱਖਿਅਤ ਹੋਣ, ਤਦ ਹੀ ਮੁਆਫ਼ੀਨਾਮਾ ਕੋਈ ਅਰਥ ਰੱਖਦਾ ਹੈ, ਨਹੀਂ ਤਾਂ ਇਹ ਮਹਿਜ਼ ਸਿਆਸੀ ਬਿਆਨਬਾਜ਼ੀ ਤੋਂ ਵੱਧ ਕੁਝ ਨਹੀਂ। ਸ਼ਹੀਦਾਂ ਨੂੰ ਯਾਦ ਕਰਨ ਅਤੇ ਇਤਿਹਾਸਕ ਗੁਨਾਹਾਂ ਦੀਆਂ ਮੁਆਫ਼ੀਆਂ ਮੰਗਣ ਦੇ ਵਿਚਾਰ ਅਤੇ ਉਪਰਾਲੇ ਸ਼ਲਾਘਾਯੋਗ ਹਨ, ਪਰ ਜ਼ਰੂਰਤ ਇਸ ਗੱਲ ਦੀ ਹੈ ਕਿ ਕਿਤੇ ਵੀ ਮੂਲ ਵਾਸੀ ਲੋਕਾਂ ਜਾਂ ਪ੍ਰਵਾਸੀਆਂ ਨਾਲ, 'ਰੰਗ ਨਸਲ ਜਾਤ ਧਰਮ ਅਤੇ ਬੋਲੀ' ਦੇ ਆਧਾਰ ਤੇ ਵਿਤਕਰਾ ਨਹੀਂ ਕੀਤਾ ਜਾਣਾ ਚਾਹੀਦਾ।

ਕੈਨੇਡਾ ਤੋਂ ਸੇਧ ਲੈ ਕੇ ਭਾਰਤ ਦੀ ਸੰਸਦ 'ਚ ਵੀ ਗੁਰੂ ਨਾਨਕ ਜਹਾਜ਼ ਦੇ ਦੁਖਾਂਤ ਸਬੰਧੀ ਮਤਾ ਪੇਸ਼ ਕੀਤਾ ਜਾਣਾ ਬਣਦਾ ਸੀ ਤੇ ਇਸ ਦੇ ਮੁਸਾਫਿਰਾਂ ਦੀ ਕੁਰਬਾਨੀ ਨੂੰ ਵੀ ਚੇਤੇ ਕੀਤਾ ਜਾਣਾ ਚਾਹੀਦਾ ਸੀ। ਕੈਨੇਡਾ ਦੀ ਬ੍ਰਿਟਿਸ਼ ਕੋਲੰਬੀਆ ਵਿਧਾਨ ਸਭਾ ਵਾਂਗ ਪੰਜਾਬ ਦੀ ਵਿਧਾਨ ਸਭਾ 'ਚ ਵੀ ਅਜਿਹਾ ਕਦਮ ਚੁੱਕਿਆ ਜਾਣਾ ਚਾਹੀਦਾ ਸੀ, ਕਿਉਂਕਿ ਗੁਰੂ ਨਾਨਕ ਜਹਾਜ਼ ਦੇ ਲਗਪਗ ਸਾਰੇ ਮੁਸਾਫ਼ਿਰ ਸਾਂਝੇ ਪੰਜਾਬ ਨਾਲ ਸਬੰਧਤ ਸਨ, ਪਰ ਦੁੱਖ ਦੀ ਗੱਲ ਇਹ ਹੈ ਕਿ 29 ਸਤੰਬਰ ਦੇ ਸ਼ਹੀਦੀ ਦਿਹਾੜੇ ਨੂੰ ਨਾ ਕਦੇ ਭਾਰਤ ਦੀ ਕੇਂਦਰੀ ਸਰਕਾਰ ਤੇ ਨਾ ਹੀ ਕਦੇ ਪੰਜਾਬ ਦੀ ਸਰਕਾਰ ਨੇ ਯਾਦ ਕੀਤਾ ਹੈ। ਗੁਰੂ ਨਾਨਕ ਜਹਾਜ਼ ਦੇ 377 ਮੁਸਾਫਰਾਂ ਵਿੱਚ 341 ਸਿੱਖਾਂ ਤੋਂ ਇਲਾਵਾ ਸਿੱਖਾਂ 12 ਹਿੰਦੂ ਅਤੇ 24 ਮੁਸਲਮਾਨ ਵੀ ਸਵਾਰ ਸਨ, ਪਰ ਸਭ ਨੇ ਆਪੋ-ਆਪਣੇ ਅਕੀਦੇ ਅਤੇ ਧਰਮਾਂ ਨੂੰ ਨਿੱਜੀ ਪੱਧਰ 'ਤੇ ਰੱਖਿਆ ਅਤੇ ਕੈਨੇਡਾ ਦੇ ਨਸਲਵਾਦ ਅਤੇ ਭਾਰਤ ਦੇ ਬਸਤੀਵਾਦ ਖ਼ਿਲਾਫ਼ ਲੜੇ। ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰਾਂ ਦਾ ਸਾਂਝਾ ਸੰਘਰਸ਼ ਇਸ ਗੱਲ ਦਾ ਵੀ ਸੂਚਕ ਹੈ ਕਿ ਭਾਰਤ ਨੂੰ ਬ੍ਰਿਟਿਸ਼ ਬਸਤੀਵਾਦ ਤੋਂ ਆਜ਼ਾਦ ਕਰਵਾਉਣ ਲਈ ਤਾਂ ਸਾਰਿਆਂ ਨੇ ਮਿਲ ਕੇ ਕੁਰਬਾਨੀਆਂ ਕੀਤੀਆਂ, ਪਰ ਹੁਣ ਘੱਟ ਗਿਣਤੀਆਂ ਨਾਲ ਧੱਕਾ ਹੋ ਰਿਹਾ ਹੈ ਅਤੇ ਉਨ੍ਹਾਂ ਨੂੰ ਬੇਗਾਨਗੀ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ, ਇਸ ਤੋਂ ਵੱਡੀ ਦੁਖਦਾਈ ਗੱਲ ਹੋਰ ਕੁੱਝ ਨਹੀਂ ਹੋ ਸਕਦੀ। ਇਹ ਆਜ਼ਾਦੀ ਲਈ ਲੜਨ ਵਾਲੇ ਯੋਧਿਆਂ, ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰਾਂ ਅਤੇ ਸਮੂਹ ਗਦਰੀ ਬਾਬਿਆਂ ਨਾਲ ਧ੍ਰੋਹ ਵੀ ਹੈ ਅਤੇ ਉਨ੍ਹਾਂ ਦੀ ਸੋਚ ਦਾ ਅਪਮਾਨ ਵੀ। ਨਵ-ਬਸਤੀਵਾਦ ਦੀ ਸਥਾਪਨਾ ਦੀ ਫਾਸ਼ੀਵਾਦੀ ਸੋਚ ਖਿਲਾਫ਼ ਸਭ ਨੂੰ ਇਕੱਠੇ ਹੋਣਾ ਚਾਹੀਦਾ ਹੈ, ਤਦ ਹੀ ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਿਰਾਂ ਦੀਆਂ ਸ਼ਹੀਦੀਆਂ ਨੂੰ ਸਹੀ ਢੰਗ ਨਾਲ ਚੇਤੇ ਕੀਤਾ ਜਾ ਸਕਦਾ ਹੈ। ਭਾਰਤ ਅੱਜ ਜਿਸ ਦਿਸ਼ਾ ਵਲ ਵੱਧ ਰਿਹਾ ਹੈ, ਉਸ ਦੇ ਨਤੀਜੇ ਅਨੇਕਾਂ ਹੋਰ ਦੁਖਾਂਤਾਂ ਨੂੰ ਜਨਮ ਦੇ ਰਹੇ ਹਨ। ਨਵ-ਬਸਤੀਵਾਦ ਦੀ ਧਾਰਨੀ ਫਾਸ਼ੀਵਾਦੀ ਸਰਕਾਰ ਵੱਲੋਂ ਆਪਣੇ ਵਿਰੋਧੀਆਂ ਪ੍ਰੋਫ਼ੈਸਰਾਂ, ਐਕਟੀਵਿਸਟਾਂ, ਵਕੀਲਾਂ, ਪੱਤਰਕਾਰਾਂ ਨੂੰ ਜੇਲ੍ਹਾਂ ਚ ਸੁੱਟਿਆ ਜਾ ਰਿਹਾ ਹੈ। ਸੱਤਾ 'ਤੇ ਕਾਬਜ਼ ਇਹ ਜ਼ਾਲਮ ਲੋਕ 'ਸਵਰਕਰ ਦੇ ਪੈਰੋਕਾਰ' ਤਾਂ ਹਨ, ਪਰ ਗ਼ਦਰੀ ਬਾਬਿਆਂ ਅਤੇ ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ ਦੇ ਪੈਰੋਕਾਰ ਨਹੀਂ ਹੋ ਸਕਦੇ। ਗੁਰੂ ਨਾਨਕ ਜਹਾਜ਼ ਦੇ ਮਹਾਨ ਮੁਸਾਫ਼ਿਰਾਂ ਨੇ 29 ਸਤੰਬਰ 1914 ਨੂੰ ਸ਼ਹੀਦੀਆਂ ਪਾਈਆਂ ਸਨ, ਉਨ੍ਹਾਂ ਦਾ ਸੁਨਹਿਰੀ ਇਤਿਹਾਸ ਸਦਾ ਮਾਰਗ ਦਰਸ਼ਨ ਕਰਦਾ ਰਹੇਗਾ।




TRANS-ALLIANCE
TOGETHER WE SAVE
FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS
TA PETRO TA EXPRESS
AMBEST
FUEL CARDS
NO CREDIT - NO PROBLEM
BEST CUSTOMER SERVICE
QUIKQ wex
TOGETHER WE SAVE
FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE
YOU BREAK DOWN
WE SHOW UP
24-HOUR ROADSIDE ASSISTANCE
ROAD SQUAD connect
TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE
FUEL MANAGEMENT
DAILY FUEL RATES IN PHONE APP
CALL FOR MORE INFO
(855)641-6955, (888)795-7035



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

1 ਅਕਤੂਬਰ 'ਤੇ ਵਿਸ਼ੇਸ਼

# ਸਿੰਘ ਸਭਾ ਲਹਿਰ



ਸਿੰਘ ਸਭਾ ਇੱਕ ਜਾਗ੍ਰਿਤੀ ਦੀ ਲਹਿਰ ਹੈ। ਇਸ ਲਹਿਰ ਨੇ ਉਸ ਵੇਲੇ ਮਾਰਗ ਤੋਂ ਭਟਕੀ ਹੋਈ ਸਿੱਖ ਲੁਕਾਈ ਦਾ ਮਾਰਗ ਦਰਸ਼ਨ ਕੀਤਾ ਤੇ ਨਾਨਕ ਪੰਥੀ ਧਰਮ ਦੇ ਸੰਕਲਪ ਨੂੰ ਅੱਗੇ ਤੋਰਨ ਦਾ ਬਹੁਪੱਖੀ ਯਤਨ ਕੀਤਾ।

29 ਮਾਰਚ, 1849 ਨੂੰ ਪੰਜਾਬੀ ਰਾਜ ਨੂੰ ਅੰਗਰੇਜ਼ੀ ਰਾਜ ਵਿੱਚ ਮਿਲਾਉਣ ਦਾ ਐਲਾਨ ਹੋਇਆ ਸੀ। ਅੰਮ੍ਰਿਤਸਰ, ਅਕਾਲ ਤਖ਼ਤ ਸਾਹਿਬ, ਤਰਨ ਤਾਰਨ ਅਤੇ ਪ੍ਰਸਿੱਧ ਗੁਰਦੁਆਰੇ ਅੰਗਰੇਜ਼ ਸਰਕਾਰ ਦੇ ਪ੍ਰਬੰਧ ਹੇਠ ਚਲੇ ਗਏ। ਅੰਗਰੇਜ਼ ਸਰਕਾਰ ਗੁਰਦੁਆਰਿਆਂ 'ਤੇ ਕਬਜ਼ੇ ਕਰਕੇ ਸਿੱਖ ਧਰਮ ਨੂੰ ਕਮਜ਼ੋਰ ਕਰਨ ਦੀ ਨੀਤੀ ਹੇਠ ਕੰਮ ਕਰ ਰਹੀ ਸੀ। ਹਕੂਮਤ ਨੇ ਆਪਣੇ ਰਾਜ ਦੀਆਂ ਜੜ੍ਹਾਂ ਡੂੰਘੀਆਂ ਕਰਨ ਲਈ ਇਸਾਈ ਧਰਮ ਦਾ ਵਿਸਥਾਰ ਕੀਤਾ। ਸੰਨ 1857 ਦੇ ਗਦਰ ਨੂੰ ਇਸੇ ਨੀਤੀ ਨੇ ਠੱਲ੍ਹ ਪਾਈ। ਗਦਰ ਦੇ ਕੁਝ ਹਾਮੀ ਅੰਗਰੇਜ਼ ਸਰਕਾਰ ਦਾ ਧਰਮਾਂ ਵਿੱਚ ਵਧੇਰੇ ਦਖ਼ਲ ਦੇਣਾ ਸਮਝਦੇ ਸਨ। ਸਿੱਖ ਧਰਮ ਦੀ ਗਿਰਾਵਟ ਸਮੇਂ ਪੋਠੋਹਾਰ ਦੇ ਇਲਾਕੇ ਵਿੱਚ ਨਿਰੰਕਾਰੀ ਲਹਿਰ ਬਾਬਾ ਦਿਆਲ ਸਿੰਘ ਜੀ ਨੇ ਚਲਾਈ ਸੀ। ਜ਼ੋਰਦਾਰ ਉਪਰਾਲਾ ਇਹਨਾਂ ਦਾ ਮਨੋਰਥ ਸਿਰਫ਼ ਗੁਰਮਤਿ ਦੇ ਅਸੂਲਾਂ ਦਾ ਪ੍ਰਚਾਰ ਕਰਨਾ ਸੀ। ਜੋ ਉਹਨਾਂ ਨੇ ਕਈ ਦੁੱਖ ਤਕਲੀਫ਼ਾਂ ਝੱਲ ਕੇ ਵੀ ਕੀਤਾ। ਸਿੱਖੀ ਸੇਵਕੀ ਵਧਣ 'ਤੇ ਗੁਰੂ ਡੰਮ ਦਾ ਵੀ ਜੋਰ ਵੱਧ ਗਿਆ। ਜਿਸ ਕਰਕੇ ਇਹ ਲਹਿਰ ਪੋਠੋਹਾਰ ਤੋਂ ਬਾਹਰ ਨਾ ਜਾ ਸਕੀ।

ਫਿਰ ਭੈਣੀ ਸਾਹਿਬ ਜ਼ਿਲ੍ਹਾ ਲੁਧਿਆਣਾ ਨੂੰ ਗੜ੍ਹ ਬਣਾ ਕੇ ਬਾਬਾ ਰਾਮ ਸਿੰਘ ਜੀ ਨੇ ਨਾਮਧਾਰੀ ਲਹਿਰ ਚਲਾਈ। ਇਸ ਸਮੇਂ ਸਰਕਾਰੀ ਨੌਕਰੀਆਂ , ਸਕੂਲਾਂ, ਕਚਹਿਰੀਆਂ, ਡਾਕਖਾਨਾ, ਤਾਰ ਘਰ ਅਤੇ ਰੇਲਵੇ ਆਦਿ ਦਾ ਨਾ ਮਿਲਵਰਤਨ ਕੀਤਾ। ਬੜਾ ਜ਼ੋਰਦਾਰ ਪ੍ਰਚਾਰ ਹੋਇਆ। ਇਸ ਲਹਿਰ ਰਾਹੀਂ ਸਿੱਖਾਂ ਵਿੱਚ ਸ਼ੁੱਧ, ਸਾਦਾ, ਸੱਚਾ ਆਚਰਣ ਲਿਆਂਦਾ। ਕ੍ਰਿਤ ਕਮਾਈ ਕਰਕੇ ਆਪਣਾ ਨਿਰਬਾਹ ਕਰਨਾ ਸਿਖਾਇਆ। ਗੁਰਬਾਣੀ ਨਾਲ ਪ੍ਰੇਮ ਅਤੇ ਵੰਡ ਛਕਣ ਅਤੇ ਨਾਮ ਜਪਣ ਦਾ ਅਭਿਆਸ ਮੁੜ ਸ਼ੁਰੂ ਹੋਇਆ। ਸਮਾਜਿਕ ਕੁਰੀਤੀਆ ਨੂੰ ਦੂਰ ਕੀਤਾ। ਇਹ ਵੇਖ ਕੇ ਅੰਗਰੇਜ਼ੀ ਸਰਕਾਰ ਨੂੰ ਈਰਖਾ ਹੋਈ। ਨਾਮਧਾਰੀ ਗਊ ਬੱਧ ਦੇ ਕੱਟੜ ਵਿਰੋਧੀ ਸਨ। ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨੇੜੇ ਗਊ ਬੱਧ ਹੋਣ ਕਰਕੇ ਵਿਰੋਧ ਕੀਤਾ। ਫਿਰ 14-15 ਜਨਵਰੀ, 1872 ਨੂੰ ਮਾਲੇਰਕੋਟਲਾ ਵਿਖੇ ਨਾਮਧਾਰੀ ਸੱਜਣਾਂ ਨੂੰ ਜੋਸ਼ ਵਿੱਚ ਆ ਕੇ ਬੁੱਚੜ ਵੱਢੇ। ਅੰਗਰੇਜ਼ੀ ਸਰਕਾਰ ਤਾਂ ਪਹਿਲਾਂ ਹੀ ਬਹਾਨਾ ਲੱਭਦੀ ਸੀ। ਨਾਮਧਾਰੀਆਂ 'ਤੇ ਆਫ਼ਤ ਆ ਗਈ। ਸਰਕਾਰ ਨੇ 49 ਨਾਮਧਾਰੀ ਬਿਨਾਂ ਮੁਕਦਮਾ ਚਲਾਏ ਤੋਪਾਂ ਨਾਲ ਉਡਾ ਦਿੱਤੇ। ਕੁਝ ਸਿੰਘਾਂ ਨੂੰ ਫ਼ਾਂਸੀ ਦੀ ਸਜ਼ਾ ਦਿੱਤੀ। ਕੁਲ 150 ਸ਼ਹੀਦ ਹੋਏ। ਸੈਂਕੜੇ ਹੀ ਕੈਦ ਕੀਤੇ ਗਏ। ਬਾਬਾ ਰਾਮ ਸਿੰਘ ਨੂੰ ਵੀ ਜਲਾਵਤਨ ਕਰਕੇ ਰੰਗੂਨ ਭੇਜਿਆ ਗਿਆ। ਗੁਰਦੁਆਰਾ ਭੈਣੀ ਸਾਹਿਬ 'ਤੇ ਪੁਲਿਸ ਦਾ ਕਬਜ਼ਾ ਹੋ ਗਿਆ। ਨਾਮਧਾਰੀ ਲਹਿਰ ਮੱਧਮ ਹੋ ਗਈ। ਗੁਰੂ ਡਮ ਦਾ ਵਾਧਾ ਹੋਇਆ। ਨਾਮਧਾਰੀ ਲਹਿਰ ਅੰਗਰੇਜ਼ੀ ਸਰਕਾਰ ਦੇ ਕ੍ਰੋਧ ਦਾ ਨਿਸ਼ਾਨਾ ਬਣੀ। ਇਸ ਲਈ ਸਿੱਖਾਂ ਦੀ ਧਾਰਮਿਕ ਅਗਵਾਈ ਲਈ ਗੁਰੂ ਸਿੰਘ ਸਭਾ ਨੇ ਜਨਮ ਲਿਆ।

ਅੰਗਰੇਜ਼ੀ ਸਰਕਾਰ ਨੇ 1845-46 ਤੋਂ ਇਸਾਈ ਧਰਮ ਦਾ ਵਿਸਥਾਰ ਸ਼ੁਰੂ ਕਰ ਦਿੱਤਾ ਸੀ। ਸੰਨ 1849-1857 ਤੱਕ ਇਸ ਮੁਹਿੰਮ ਨੇ ਜੋਰ ਫੜਿਆ। ਅਨੇਕਾਂ ਇਸਾਈ ਬਣਾਏ ਗਏ। ਸੰਨ 1858 ਤੋਂ ਥਾਂ ਥਾਂ ਕਈ ਮਿਸ਼ਨ ਸਕੂਲ, ਅਤੇ ਸਰਕਾਰੀ ਕਾਲਜ ਖੋਲੇ ਗਏ। ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਦੇ ਬੱਚਿਆਂ ਨੂੰ ਯਸੂ ਮਸੀਹ ਦੇ ਭਗਤ ਬਣਾਉਣੇ ਸ਼ੁਰੂ ਕੀਤੇ। ਸਿੱਖਾਂ ਦੇ ਆਪਣੇ ਸਕੂਲ ਤਾਂ ਸਨ ਹੀ ਨਹੀਂ। ਇਸ ਲਈ ਸਿੱਖਾਂ ਦੇ ਬੱਚੇ ਵੀ ਮਿਸ਼ਨ ਸਕੂਲਾਂ ਵਿੱਚ ਪੜ੍ਹਨ ਕਰਕੇ ਇਸਾਈ ਮਤ ਸਿੱਖ ਧਰਮ ਦੇ ਮੁਕਾਬਲੇ ਵਧੇਰੇ ਜਾਣਦੇ ਸਨ।

ਸੰਨ 1873 ਵਿੱਚ ਅੰਮ੍ਰਿਤਸਰ ਮਿਸ਼ਨ ਸਕੂਲ ਦੇ ਚਾਰ ਵਿਦਿਆਰਥੀ ਆਇਆ ਸਿੰਘ, ਅਤਰ ਸਿੰਘ, ਸਾਧੂ ਸਿੰਘ ਅਤੇ ਸੰਤੋਖ ਸਿੰਘ ਇਸਾਈ ਮਤ ਪ੍ਰਭਾਵ ਹੇਠ ਇਸਾਈ ਹੋਣ ਦੀ ਇੱਛਿਆ ਪ੍ਰਗਟਾਉਣ ਲੱਗੇ। ਸਮੇਂ ਸਿਰ ਪਤਾ ਲੱਗ ਜਾਣ ਕਰਕੇ ਕਈ ਸਿੱਖ ਮੁਖੀਆਂ ਨੇ ਇਹਨਾਂ ਵਿਦਿਆਰਥੀਆਂ ਨੂੰ ਬੜੀ ਮੁਸ਼ਕਿਲ ਨਾਲ ਸਮਝਾ ਬੁਝਾ ਦੇ ਇਸਾਈ ਬਣਨ ਤੋਂ ਰੋਕਿਆ। ਇਸੇ ਸਮੇਂ ਹੀ ਫਿਲੌਰ ਤੋਂ ਇੱਕ ਪੰਡਤ ਸ਼ਰਧਾ ਰਾਮ ਫਿਲੌਰੀ ਜੋ ਅੰਗਰੇਜ਼ੀ ਸਰਕਾਰ ਦਾ ਪਿੱਠੂ ਸੀ, ਨੇ ਅੰਮ੍ਰਿਤਸਰ ਆ ਕੇ ਗੁਰੂ ਕੇ ਬਾਗ ਵਿੱਚ ਕਥਾ ਕਰਕੇ ਸਿੱਖ ਗੁਰੂ ਸਾਹਿਬਾਨ ਅਤੇ ਖ਼ਾਲਸਾ ਪੰਥ ਦੀ ਸ਼ਾਨ ਵਿੱਚ ਕੁਝ ਅਯੋਗ ਸ਼ਬਦ ਕਹੇ। ਸਿੱਖ ਬੜੇ ਜੋਸ਼ ਵਿੱਚ ਆਏ ਅਤੇ ਉੱਤਰ ਦੇਣ ਲਈ ਤਿਆਰ ਹੋਏ। ਜਲਦੀ ਹੀ 30 ਜੁਲਾਈ 1873 ਨੂੰ ਅੰਮ੍ਰਿਤਸਰ ਗੁਰੂ ਕੇ ਬਾਗ ਵਿੱਚ ਸਿੱਖਾਂ ਦਾ ਭਾਰੀ ਇਕੱਠ ਹੋਇਆ। ਪੰਥ ਨੂੰ ਇਸਾਈਆਂ ਜਾਂ ਹੋਰ ਸੰਸਥਾਵਾਂ ਦੇ ਅਜਿਹੇ ਅਯੋਗ ਹਮਲਿਆਂ ਤੋਂ ਬਚਾਉਣ ਲਈ ਸ੍ਰੀ ਗੁਰੂ ਸਿੰਘ ਸਭਾ ਦੀ ਬੁਨਿਆਦ ਰੱਖੀ। ਸਰਦਾਰ ਠਾਕੁਰ ਸਿੰਘ ਜੀ ਸੰਧਾਵਾਲੀਆ ਪ੍ਰਧਾਨ, ਗਿਆਨੀ ਗਿਆਨ ਸਿੰਘ ਸਕੱਤਰ, ਸਰਦਾਰ ਅਮਰ ਸਿੰਘ ਮੀਤ ਸੇਵਕ, ਭਾਈ ਧਰਮ ਸਿੰਘ ਮਜੀਠੇ ਬੁੰਗੇ ਵਾਲੇ ਖਜਾਨਚੀ ਥਾਪੇ ਗਏ। ਇਸ ਤੋਂ ਇਲਾਵਾ ਬਾਬਾ ਖੇਮ ਸਿੰਘ ਜੀ ਬੇਦੀ ਅਤੇ ਕੰਵਰ ਬਿਕਰਮ ਸਿੰਘ ਜੀ ਕਪੂਰਥਲਾ ਇਸ ਸਭਾ ਦੇ ਮੁਖੀਏ ਅਤੇ ਮੋਢੀ ਮੈਂਬਰ ਸਨ। ਮੈਂਬਰਾਂ ਦੇ ਦਾਖ਼ਲੇ ਲਈ ਬਾਕਾਇਦਾ ਨਿਯਮ ਬਣਾਏ ਗਏ। ਤਖ਼ਤ ਸਾਹਿਬਾਂ ਤੇ ਹੋਰ ਇਤਿਹਾਸਕ ਗੁਰਦੁਆਰਿਆਂ ਵੱਲੋਂ ਸਹਿਯੋਗ ਦੇ ਹੁਕਮਨਾਮੇ ਜਾਰੀ ਹੋਏ। ਸ੍ਰੀ ਗੁਰੂ ਸਿੰਘ ਸਭਾ ਦਾ ਮਨੋਰਥ ਸੀ ਕਿ ਸਿੱਖ ਧਰਮ ਵਿੱਚ ਜੋ ਕੁਰੀਤੀਆਂ ਆ ਗਈਆਂ ਹਨ, ਉਹਨਾਂ ਨੂੰ ਦੂਰ ਕਰਕੇ ਸਿੱਖ ਧਰਮ ਦੀ ਮਰਿਆਦਾ ਨੂੰ ਪੁਨਰ ਕਾਇਮ ਕਰਨਾ ਤੇ ਗੁਰਸਿੱਖੀ ਲਈ ਉਤਸ਼ਾਹ ਪੈਦਾ ਕਰਨਾ ਸੀ। ਸਿੱਖਾਂ ਵਿੱਚ ਬੜਾ ਉਤਸ਼ਾਹ ਆਇਆ ਕਿ ਵੱਡੇ ਵੱਡੇ ਗਿਆਨੀ ਤੇ ਵਿਦਵਾਨ ਇਸ ਸਭਾ ਵਿੱਚ ਸ਼ਾਮਲ ਹੋਏ। ਨਿਰਮਲੇ ਅਤੇ ਖਾਸ ਕਰਕੇ ਉਦਾਸੀ ਸੰਤ ਵੀ ਹਿੱਸਾ ਲੈਣ ਲੱਗੇ।

ਇਸ ਤਰ੍ਹਾਂ ਸਭਾ ਤਾਂ ਚੱਲ ਪਈ ਤੇ ਪ੍ਰਚਾਰ ਦਾ ਪ੍ਰਵਾਹ ਵੀ ਚੱਲ ਪਿਆ ਪਰ ਇਸ ਦੇ ਮੋਢੀਆਂ ਵਿੱਚੋਂ ਤਿੰਨ ਆਗੂ ਬਿਕਰਮ ਸਿੰਘ ਕਪੂਰਥਲਾ, ਬਾਬਾ ਖੇਮ ਸਿੰਘ ਬੇਦੀ ਤੇ ਸਰਦਾਰ ਠਾਕੁਰ ਸਿੰਘ ਸੰਧਾਵਾਲੀਆ ਆਪਸ ਵਿੱਚ ਇੱਕ ਨਹੀਂ ਸਨ। ਕੰਵਰ ਸਾਹਿਬ ਨਿਰੋਲ ਸੁਧਾਰਵਾਦੀ ਸਨ ਪਰ ਬੇਦੀ ਸਾਹਿਬ ਸੁਧਾਰਵਾਦੀ ਹੋਣ ਦੇ ਨਾਲ ਨਾਲ ਹੀ ਦੇਹਧਾਰੀ ਗੁਰੂਵਾਦ ਥਾਪ ਕੇ ਆਪਣੀ ਪੂਜਾ ਕਰਵਾਉਣ ਦੇ ਅਭਿਲਾਖੀ ਸਨ। ਸਰਦਾਰ ਠਾਕੁਰ ਸਿੰਘ ਸੰਧਾਵਾਲੀਆ ਦਾ ਸੁਭਾਅ ਇਹਨਾਂ ਦੋਨਾਂ ਤੋਂ ਕੁਝ ਵੱਖਰਾ ਹੀ ਸੀ। ਉਹ ਗਰਮ ਖਿਆਲੀਏ ਸਨ ਤੇ ਅੰਗਰੇਜ਼ ਹਕੂਮਤ ਦਾ ਤਖ਼ਤਾ ਉਲਟਾਉਣ 'ਤੇ ਉਤਰ ਆਉਂਦੇ ਸਨ।

ਸਿੱਖ ਆਗੂਆਂ ਦੇ ਇਹਨਾਂ ਮਤਭੇਦਾਂ ਦੇ ਕਾਰਨ ਦੋ ਕੁ ਸਾਲ ਪਿੱਛੋਂ ਗੁਰਮਤਿ ਦਾ ਪ੍ਰਚਾਰ ਘਟਣ ਲੱਗ ਪਿਆ ਤੇ ਗੁਰੂ ਸਿੰਘ ਸਭਾ ਅੰਮ੍ਰਿਤਸਰ ਦੀ ਚਾਲ ਕੁਝ ਸਮੇਂ ਲਈ ਮੱਧਮ ਪੈ ਗਈ।

ਆਪਣੀ ਸੂਝ ਅਤੇ ਲਗਨ ਨਾਲ ਭਾਈ ਗੁਰਮੁੱਖ ਸਿੰਘ ਜੀ ਨੇ ਸੰਨ 1876 ਵਿੱਚ ਸਭਾ ਵਿੱਚ ਨਵੀਂ ਜਾਨ ਪਾ ਦਿੱਤੀ। ਆਪਣੇ ਕਾਲਜ ਦੀ ਪੜ੍ਹਾਈ ਛੱਡ ਕੇ ਉਹਨਾਂ ਸਭਾ ਦੀ ਯੋਜਨਾਬੰਦੀ ਲਈ ਪ੍ਰੋਗਰਾਮ ਉਲੀਕ ਕੇ ਕੰਵਰ ਸਾਹਿਬ ਨਾਲ ਸਲਾਹ ਕੀਤੀ ਕਿ ਸਿੱਖ ਧਰਮ ਦੀ ਵਿੱਸਰੀ ਮਰਿਆਦਾ ਦੀ ਸ਼ਾਨ ਨੂੰ ਮੁੜ ਬਹਾਲ ਕਰਨਾ, ਧਰਮ ਅਤੇ ਸਮਾਜ ਦੀਆਂ ਕੁਰੀਤੀਆਂ ਨੂੰ ਦੂਰ ਕਰਨਾ, ਸਿੱਖੀ ਤੋਂ ਦੂਰ ਜਾ ਕੇ ਜਿਉਣ ਵਾਲਿਆਂ ਨੂੰ ਮੋੜ ਲਿਆਉਣ, ਸਿੱਖ ਧਰਮ ਦੇ ਵਡਮੁੱਲੇ ਵਿਰਸੇ ਦਾ ਸਾਹਿਤ ਛਾਪ ਕੇ ਵੰਡਣਾ ਤੇ ਪ੍ਰਚਾਰ ਕਰਨਾ, ਪੰਜਾਬੀ ਬੋਲੀ ਵਿੱਚ ਅਖ਼ਬਾਰ ਤੇ ਰਸਾਲੇ ਛਾਪਣਾ, ਵਿਦਿਅਕ ਅਦਾਰੇ ਦੇ ਸਰਕਾਰੀ ਅਫ਼ਸਰਾਂ ਨੂੰ ਸਭਾ ਨਾਲ ਜੋੜਨਾ, ਸਿੱਖਾਂ ਨੂੰ ਅਧਿਆਤਮਕ , ਸਮਾਜਿਕ ਅਤੇ ਵਿਵਹਾਰਿਕ ਵਿਦਿਆ ਦੇ ਕੇ ਹਰ ਪੱਖ ਤੋਂ ਜਾਗ੍ਰਿਤ ਕਰਨਾ, ਹਕੂਮਤ ਨਾਲ ਟਕਰਾਓ ਦੀ ਥਾਂ 'ਤੇ ਮਿਲ ਕੇ ਚੱਲਣਾ। ਕੰਵਰ ਸਾਹਿਬ ਨੇ ਇਸ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਹਰ ਤਰਾਂ ਦੀ ਸਹਾਇਤਾ ਦੇਣ ਦਾ ਭਰੋਸਾ ਦਿੱਤਾ।

ਸੰਨ 1876 ਵਿੱਚ ਪੰਜਾਬ ਯੂਨੀਵਰਸਿਟੀ ਉਰੀਐਂਟਲ ਕਾਲਜ ਖੁੱਲ੍ਹਾ, ਡਾ. ਲਾਇਟਨਰ ਭਾਈ ਆਇਆ ਸਿੰਘ ਅਤੇ ਭਾਈ ਗੁਰਮੁੱਖ ਸਿੰਘ ਜੀ ਦੇ ਯਤਨਾਂ ਕਰਕੇ 1877 ਵਿੱਚ ਕਾਲਜ ਵਿੱਚ ਪੰਜਾਬੀ ਪੜ੍ਹਾਈ ਜਾਣ ਲੱਗੀ। ਭਾਈ ਗੁਰਮੁੱਖ ਸਿੰਘ ਪ੍ਰੋਫੈਸਰ ਲੱਗੇ। ਉਹਨਾਂ ਨੇ ਵਿਦਿਆਰਥੀਆਂ ਨੂੰ ਗੁਰਮਤਿ ਤੇ ਗੁਰਸਿੱਖੀ ਵਿਰਸੇ ਤੋਂ ਜਾਣੂੰ ਕਰਵਾਇਆ। ਸਿੱਖ ਧਰਮ ਲਈ ਉਤਸ਼ਾਹਿਤ ਕੀਤਾ, ਧਾਰਮਿਕ ਵਿਸ਼ੇ 'ਤੇ ਪੁਸਤਕਾਂ ਵੀ ਲਿਖੀਆਂ, ਹੋਰ ਪ੍ਰਾਪਤੀਆਂ ਵਿੱਚ ਪੱਤਰਕਾਰੀ ਵਿੱਚ ਕੰਮ ਕੀਤਾ ਤੇ ਸੰਨ 1880 ਵਿੱਚ ਗੁਰਮੁਖੀ ਅਖ਼ਬਾਰ ਸ਼ੁਰੂ ਕੀਤਾ, ਜਿਸ ਵਿੱਚ ਸਿੱਖ ਧਰਮ ਦਾ ਪ੍ਰਚਾਰ ਅਤੇ ਸਭਾ ਦੇ ਪ੍ਰੋਗਰਾਮ ਦੀਆਂ ਕਾਰਵਾਈਆਂ ਦਾ ਵੇਰਵਾ ਦਿੱਤਾ। ਵਿਦਿਅਕ ਪੰਜਾਬ ਵਿੱਚ ਵਿਦਿਆ ਦਾ ਪ੍ਰਚਾਰ ਹੋਇਆ। ਸੰਨ 1885 ਵਿੱਚ ਖ਼ਾਲਸਾ ਅਖ਼ਬਾਰ ਸ਼ੁਰੂ ਕੀਤਾ, ਸੰਨ 1886 ਵਿੱਚ ਰਸਾਲਾ ਸੁਧਾਰਕ ਰਾਹੀਂ ਗੁਰਮਤਿ ਪ੍ਰਚਾਰ ਹੋਇਆ, ਸੰਨ 1886 ਵਿੱਚ ਹੀ ਖ਼ਾਲਸਾ ਗਜ਼ਟ ਵਿੱਚ ਝੂਠੇ ਕਰਮਕਾਂਡਾਂ ਦਾ ਵਿਰੋਧ ਸੀ। ਗੁਰਮਤਿ ਪ੍ਰਚਾਰ ਦਾ ਪ੍ਰਵਾਹ ਚਲਿਆ। ਮੰਜੀ ਸਾਹਿਬ ਦਰਬਾਰ ਵਿੱਚ ਇਕੱਤਰਤਾਵਾਂ ਹੋਣ ਲੱਗੀਆਂ, ਸਿੱਖ ਧਰਮ ਦੀ ਇਤਿਹਾਸਕ ਖੋਜ ਲਈ ਵਿਦਵਾਨ , ਦੂਰ ਦੂਰ ਤੋਂ ਅੰਮ੍ਰਿਤਸਰ ਇਕੱਠੇ ਹੋਣ ਲੱਗੇ। ਥੋੜ੍ਹੇ ਸਮੇਂ ਵਿੱਚ ਹੀ ਖੋਜ ਪੱਤਰ ਛਪਣ ਲੱਗੇ। ਕਿਤਾਬਚੇ ਛਪਣ ਲੱਗੇ ਤੇ ਪੁਸਤਕਾਂ ਲਿਖੀਆਂ ਗਈਆਂ।

ਭਾਈ ਗੁਰਮੁੱਖ ਸਿੰਘ ਜੀ ਦੇ ਯਤਨਾਂ ਨਾਲ ਸਰਦਾਰ ਠਾਕੁਰ ਸਿੰਘ ਸੰਧਾਵਾਲੀਆ ਅਤੇ ਕੰਵਰ ਬਿਕਰਮ ਸਿੰਘ ਜੀ ਨੇ ਇਕੱਠੇ ਹੋ ਕੇ ਸਭਾ ਦਾ ਕੰਮ ਆਰੰਭ ਦਿੱਤਾ। ਜਿਸ ਨਾਲ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਮੁੜ ਕੇ ਸਥਾਪਤੀ ਵੱਲ ਵਧੀ। ਪ੍ਰਚਾਰ ਅਤੇ ਸਭਾ ਦਾ ਘੇਰਾ ਵਧਾਉਣ ਲਈ ਸੰਨ 1879 ਵਿੱਚ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਕਾਇਮ ਕੀਤੀ ਗਈ। ਨਵੰਬਰ 12-1879 ਈ. ਨੂੰ ਇੱਕ ਇਕੱਤਰਤਾ ਗੁਰਦੁਆਰਾ ਜਨਮ ਅਸਥਾਨ ਗੁਰੂ ਰਾਮਦਾਸ ਜੀ ਵਿਖੇ ਹੋਈ। ਜਿਥੇ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦਾ ਮੁੱਢ ਬੱਝਾ। ਸਭਾ ਨੂੰ ਸਰਕਾਰੀ ਸਰਪ੍ਰਸਤੀ ਵੀ ਮਿਲੀ। ਭਾਈ ਗੁਰਮੁੱਖ ਸਿੰਘ ਜੀ ਨੇ ਸੰਨ 1880 ਵਿੱਚ ਲਾਹੌਰ ਤੋਂ ਸਪਤਾਹਿਕ ਗੁਰਮੁਖੀ ਅਖ਼ਬਾਰ ਆਰੰਭ ਕੀਤਾ। ਜਿਸ ਰਾਹੀਂ ਸਿੱਖ ਧਰਮ ਦਾ ਸੁਨੇਹਾ ਪੰਜਾਬ ਦੇ ਕੋਨੇ ਕੋਨੇ ਵਿੱਚ ਜਾਣ ਲੱਗਿਆ। ਭਾਈ ਗੁਰਮੁੱਖ ਸਿੰਘ ਜੀ ਨੇ ਸਾਰੇ ਪੰਜਾਬ ਦਾ ਦੌਰਾ ਕੀਤਾ। ਸੰਗਤਾਂ ਨੂੰ ਪ੍ਰੇਰਿਆ, ਜਿਸ ਨਾਲ ਹਰੇਕ ਸ਼ਹਿਰ ਕਸਬੇ ਵਿੱਚ ਜਿਥੇ ਕਿਤੇ ਵੀ ਸਿੱਖਾਂ ਦੀ ਗਿਣਤੀ ਸੀ, ਸਿੰਘ ਸਭਾਵਾਂ ਬਣਨ ਲੱਗੀਆਂ। ਉਹ ਅੰਮ੍ਰਿਤਸਰ ਤੇ ਲਾਹੌਰ ਸਭਾਵਾਂ ਨਾਲ ਜੁੜਨ ਲੱਗੀਆਂ।

ਭਾਵੇਂ ਅੰਮ੍ਰਿਤਸਰ ਅਤੇ ਲਾਹੌਰ ਦੀਆਂ ਸਭਾਵਾਂ ਦਾ ਮਨੋਰਥ ਇੱਕ ਹੀ ਸੀ, ਪਰ ਫਿਰ ਵੀ ਮੋਢੀਆਂ ਵਿੱਚ ਮਤਭੇਦ ਸਨ। ਫਿਰ ਦੋਵੇਂ ਵੱਖ ਵੱਖ ਜਥੇਬੰਦੀਆਂ ਹੋ ਗਈਆਂ । ਸੰਨ 1880 ਵਿੱਚ ਜਿਥੇ ਸਭਾ ਨੇ ਧਾਰਮਿਕ ਸੁਧਾਰ ਕੀਤੇ, ਉਥੇ ਗੁਰਦੁਆਰਿਆਂ ਦੇ ਸੁਧਾਰ ਸੰਭਾਲ ਲਈ ਪੁਜਾਰੀਆਂ ਦਾ ਵੀ ਸੁਧਾਰ ਕਰਨਾ ਸੀ। ਜੋ ਮਰਿਆਦਾ ਨੂੰ ਵਿਗਾੜਦੇ ਸਨ। ਸਿੰਘ ਸਭਾ ਲਾਹੌਰ ਨੇ ਧਰਮ ਵੱਲ ਵਿਸ਼ੇਸ਼ ਧਿਆਨ ਦਿੱਤਾ ਪਰ ਅੰਮ੍ਰਿਤਸਰ ਦੀ ਸ੍ਰੀ ਗੁਰੂ ਸਿੰਘ ਸਭਾ ਵਿੱਚ ਬਹੁਗਿਣਤੀ ਪੁਜਾਰੀਆਂ ਸੋਢੀਆਂ, ਬੇਦੀ ਬਾਣਿਆਂ ਦੀ ਸੀ। ਜੋ ਇਸ ਦੇ ਵਿਰੋਧੀ ਸਨ।

ਮਤਭੇਦ ਦੂਰ ਨਾ ਹੁੰਦੇ ਵੇਖ ਕੇ ਇੱਕ ਵਾਰੀ ਸਾਂਝੀ ਸਭਾ ਕਾਇਮ ਕੀਤੀ ਗਈ, ਜਿਸ ਦੇ ਵੀ ਕਾਰਗਰ ਨਤੀਜੇ ਨਾ ਨਿਕਲੇ। ਸੰਨ 1882 ਵਿੱਚ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦ ਹੇਠ ਪੰਜਾਬੀ ਪ੍ਰਚਾਰਨੀ ਸਭਾ ਬਣਾਈ ਗਈ। ਜਿਸ ਵਿੱਚ ਦਿੱਤਾ ਰਾਮ (ਗਿਆਨੀ ਦਿੱਤ ਸਿੰਘ) ਤੇ ਸਰਦਾਰ ਜਵਾਹਰ ਸਿੰਘ ਜੋ ਪਹਿਲਾਂ ਆਰੀਆ ਸਮਾਜ ਦੇ ਪ੍ਰਚਾਰਕ ਸਨ, ਤੋਂ ਵੱਖ ਹੋ ਕੇ ਭਾਈ ਗੁਰਮੁੱਖ ਸਿੰਘ ਜੀ ਨਾਲ ਆਣ ਰਲੇ। ਜਿਨ੍ਹਾਂ ਨੇ ਸਭਾ ਦੀ ਉੱਨਤੀ ਲਈ ਅਤੇ ਗੁਰਮਤਿ ਪ੍ਰਚਾਰ ਦਾ ਬਹੁਤ ਕੰਮ ਕੀਤਾ, ਪਰ ਸਮੱਸਿਆ ਫਿਰ ਵੀ ਹਲ਼ ਨਾ ਹੋਈ। ਸੰਨ 1883 ਵਿੱਚ ਦੋਵੇਂ ਸਭਾਵਾਂ ਨੂੰ ਕਾਇਮ ਰੱਖਣ ਦੇ ਯਤਨ ਕੀਤੇ ਗਏ। ਬਸੰਤ ਪੰਚਮੀ ਨੂੰ ਦੋਹਾਂ ਸਭਾਵਾਂ ਨੂੰ ਨਵਾਂ ਨਾਉਂ ਦੇ ਕੇ ਖ਼ਾਲਸਾ ਦੀਵਾਨ ਅੰਮ੍ਰਿਤਸਰ ਬਣਾ ਦਿੱਤਾ ਗਿਆ। ਭਾਵੇਂ ਸਭਾਵਾਂ ਦਾ ਆਪਸੀ ਤਾਲਮੇਲ ਨਾ ਬਣ ਸਕਿਆ, ਪਰ ਸਿੱਖ ਪੰਥ ਵਿੱਚ ਨਵਾਂ ਜੋਸ਼ ਅਤੇ ਮਰਿਆਦਾ ਕਾਇਮ ਕਰਨ ਵਿੱਚ ਜੋ ਹੁਲਾਰਾ ਮਿਲਿਆ, ਉਹ ਅੱਜ ਵੀ ਸਿੱਖ ਪੰਥ ਦੀ ਬੁਨਿਆਦ ਹੈ।

ਅੰਤਿਕਾ : ਇਹਨਾਂ ਬਿਖੜੇ ਪੈਂਡਿਆਂ 'ਤੇ ਚਲਦੇ ਬੜੇ ਪੜਾਅ ਆਏ ਅਤੇ ਸਿੱਖੀ ਬਹਾਲ ਕਰਨ ਦੀ ਮੰਜ਼ਿਲ ਤਕ ਅੱਪੜੇ। ਜਿਵੇਂ ਖ਼ਾਲਸਾ ਦੀਵਾਨ ਅੰਮ੍ਰਿਤਸਰ ਤੋਂ ਬਾਅਦ ਖ਼ਾਲਸਾ ਦੀਵਾਨ ਲਾਹੌਰ, ਚੀਫ਼ ਖਾਲਸਾ ਦੀਵਾਨ ਆਦਿ ਗੁਰਦੁਆਰਾ ਸੁਧਾਰ ਲਹਿਰ ਵਿੱਚ ਬਦਲ ਗਏ। ਹੋਰ ਅੱਗੇ ਜਾ ਕੇ ਅਕਾਲੀ ਲਹਿਰ ਹੋਂਦ ਵਿੱਚ ਆਈ। ਉਪਰੰਤ ਰਕਾਬ ਗੰਜ ਦੇ ਮਸਲੇ ਤੋਂ ਲੈ ਕੇ ਅਕਾਲੀ ਮੋਰਚਿਆਂ ਵਿੱਚ ਨਨਕਾਣਾ ਸਾਹਿਬ, ਪੰਜਾ ਸਾਹਿਬ, ਗੁਰੂ ਕੇ ਬਾਗ ਦੇ ਕਈ ਮੋਰਚੇ ਲਾਉਣੇ ਪਏ। ਕਈ ਖੂਨੀ ਸਾਕੇ ਵਾਪਰੇ, ਅਣ ਮਨੁੱਖੀ ਤਸ਼ੱਦਦ ਸਹੇ। ਸਿੰਘਾਂ ਨੇ ਕੁਰਬਾਨੀਆਂ ਦਿੱਤੀਆਂ। ਸਿੰਘਾਂ ਨੇ ਭਾਣਾ ਮੰਨਣਾ ਅਤੇ ਸਬਰ ਦਾ ਸਬੂਤ ਸੰਸਾਰ ਵਿੱਚ ਕਾਇਮ ਰਖਿਆ। ਅੰਤ 1925 ਵਿੱਚ ਗੁਰਦੁਆਰਾ ਐਕਟ ਪਾਸ ਹੋਇਆ। ਦਸੰਬਰ 4, 1926 ਨੂੰ ਗੁਰਦੁਆਰਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੇਠ ਆ ਗਿਆ।



# ਲੱਸੀ ਪੀਣ ਦਾ ਸ਼ੌਕ ਨਾ ਕਾਈ....



**ਜੋਗਿੰਦਰ ਕੌਰ ਅਗਨੀਹੋਤਰੀ**

ਲੱਸੀ ਇੱਕ ਅਜਿਹਾ ਗੁਣਕਾਰੀ ਪਦਾਰਥ ਹੈ ਜੋ ਮਨੁੱਖ ਨੂੰ ਸਵਾਦ ਵੀ ਦਿੰਦਾ ਹੈ ਅਤੇ ਤਾਕਤ ਵੀ। ਲੱਸੀ ਦੁੱਧ ਤੋਂ ਬਣਦੀ ਹੈ, ਪਰ ਇਸ ਵਿੱਚ ਖੇਚਲ ਬਹੁਤ ਕਰਨੀ ਪੈਂਦੀ ਹੈ। ਸਾਡੀਆਂ ਘਰੇਲੂ ਸਵਾਣੀਆਂ ਇਸ ਖੇਚਲ ਵਿੱਚ ਵੀ ਆਨੰਦ ਪ੍ਰਾਪਤ ਕਰਦੀਆਂ ਹਨ। ਉਹ ਆਪਣੇ ਪਰਿਵਾਰ ਦੇ ਲਈ ਲੱਸੀ ਤੋਂ ਹੋਰ ਬਹੁਤ ਸਾਰੇ ਪਦਾਰਥ ਵੀ ਤਿਆਰ ਕਰਦੀਆਂ ਹਨ । ਲੂਣ, ਕਾਲੀ ਮਿਰਚ ਅਤੇ ਜੀਰਾ ਰਗੜ ਕੇ ਇਸ ਨੂੰ ਲੱਸੀ ਵਿੱਚ ਰਲਾ ਕੇ ਪੀਣ ਨਾਲ ਜਿੱਥੇ ਸਵਾਦ ਪੂਰਾ ਹੁੰਦਾ ਹੈ, ਉੱਥੇ ਗਰਮੀ ਤੋਂ ਰਾਹਤ ਵੀ ਮਿਲਦੀ ਹੈ। ਕੜਕਦੀ ਗਰਮੀ ਜਾਂ ਵਗਦੀ ਲੋਅ ਵਿੱਚ ਲੱਸੀ ਪੀ ਕੇ ਹੀ ਬਾਹਰ ਨਿਕਲਣਾ ਚਾਹੀਦਾ ਹੈ।

ਲੱਸੀ ਤੋਂ ਰਾਇਤਾ ਬਣਾਉਣ ਲਈ ਲੱਸੀ ਨੂੰ ਪੁਣ ਕੇ ਇੱਕ ਕੱਪੜੇ ਵਿੱਚ ਜਾਂ ਖੱਦਰ ਦੇ ਪੋਣੇ ਵਿੱਚ ਪਾ ਕੇ ਉਸ ਨੂੰ ਲਮਕਾ ਕੇ ਬੰਨ੍ਹਿਆ ਜਾਂਦਾ ਹੈ। ਜਦੋਂ ਉਸ ਦਾ ਸਾਰਾ ਪਾਣੀ ਨੁੱਚੜ ਜਾਂਦਾ ਹੈ ਤਾਂ ਉਸ ਨੂੰ ਕੜਛੀ ਨਾਲ ਕੱਢ ਕੇ ਦੁਬਾਰਾ ਘੋਲਿਆ ਜਾਂਦਾ ਹੈ। ਫਿਰ ਉਸ ਵਿੱਚ ਵੱਖ-ਵੱਖ ਤਰ੍ਹਾਂ ਦੇ ਪਦਾਰਥ ਮਿਲਾ ਕੇ ਉਸ ਨੂੰ ਖਾਧਾ ਜਾਂਦਾ ਹੈ। ਰਾਇਤੇ ਦੇ ਵਿੱਚ ਆਲੂ ਉਬਾਲ ਕੇ ਵੀ ਪਾਏ ਜਾਂਦੇ ਹਨ। ਗਰਮੀ ਦੀ ਰੁੱਤ ਵਿੱਚ ਜੰਡਾਂ ਦੀਆਂ ਫਲੀਆਂ ਨੂੰ ਕੱਟ ਕੇ ਉਬਾਲ ਕੇ ਵੀ ਪਾਇਆ ਜਾਂਦਾ ਹੈ। ਕੱਦੂ ਨੂੰ ਕਸ ਕਰਕੇ ਵੀ ਪਾਇਆ ਜਾਂਦਾ ਹੈ। ਇਸ ਵਿੱਚ ਮਾਹਾਂ ਦੇ ਬੜੇ ਬਣਾ ਕੇ ਵੀ ਪਾਏ ਜਾਂਦੇ ਹਨ ਅਤੇ ਬੂੰਦੀ ਵੀ ਪਾਈ ਜਾਂਦੀ ਹੈ।

ਭਾਵੇਂ ਸਮੇਂ ਵਿੱਚ ਬਦਲਾਅ ਆ ਗਿਆ ਹੈ, ਪਰ ਪਿੰਡਾਂ ਵਿੱਚ ਅਜੇ ਵੀ ਲੱਸੀ ਮੁਫ਼ਤ ਮਿਲਦੀ ਹੈ ਜਦਕਿ ਸ਼ਹਿਰਾਂ ਵਿੱਚ ਮੁੱਲ ਵਿਕਦੀ ਹੈ। ਸਾਡੇ ਸੱਭਿਆਚਾਰ ਵਿੱਚ ਔਰਤਾਂ ਸਵੇਰੇ ਵੱਡੇ ਤੜਕੇ ਉੱਠ ਕੇ ਲੱਸੀ ਰਿੜਕਦੀਆਂ ਸਨ। ਉਹ ਹਰ ਕੰਮ ਸਹਿਜ ਨਾਲ ਕਰਦੀਆਂ ਸਨ। ਇਸ ਕਰਕੇ ਹੀ ਉਸ ਵਿੱਚ ਕੋਈ ਕਮੀ ਨਹੀਂ ਸੀ ਰਹਿੰਦੀ। ਹੁਣ ਇੰਨਾ ਫ਼ਰਕ ਪੈ ਗਿਆ ਹੈ ਕਿ ਕਾੜ੍ਹਨੀ ਦੀ ਬਜਾਏ ਦੁੱਧ ਨੂੰ ਪਤੀਲਿਆਂ ਵਿੱਚ ਹੀ ਕਾੜ੍ਹ ਲਿਆ ਜਾਂਦਾ ਹੈ।

ਕੜ੍ਹਿਆ ਦੁੱਧ ਪੀਣ ਦੇ ਸ਼ੌਕੀਨ ਕਾੜ੍ਹਨੀ ਵਾਲੇ ਦੁੱਧ ਨੂੰ ਗੁੜ ਨਾਲ ਪੀ ਲੈਂਦੇ ਹਨ ਜਾਂ ਕਈ ਵਾਰ ਸ਼ੱਕਰ ਮਿਲਾ ਕੇ ਵੀ ਪੀ ਲੈਂਦੇ ਹਨ। ਇਹ ਦੁੱਧ ਜਿਗਰ ਦੇ ਰੋਗੀਆਂ ਲਈ ਬਹੁਤ ਫਾਇਦੇਮੰਦ ਹੈ। ਛੋਟੇ ਬੱਚਿਆਂ ਨੂੰ ਜੇਕਰ ਇਹ ਦੁੱਧ ਪਿਲਾਇਆ ਜਾਵੇ ਤਾਂ ਬਹੁਤ ਹੀ ਲਾਭਦਾਇਕ ਹੈ।

ਕਾੜ੍ਹਨੀ ਵਿੱਚ ਕਾੜ੍ਹ ਕੇ ਤਿਆਰ ਕੀਤੇ ਇਸ ਦੁੱਧ ਤੋਂ ਦਹੀਂ ਬਣਾਇਆ ਜਾਂਦਾ ਹੈ। ਇਹ ਜਮਾਇਆ ਹੋਇਆ ਦੁੱਧ ਅਗਲੇ ਦਿਨ ਸਵੇਰੇ ਵੱਡੇ ਤੜਕੇ ਰਿੜਕਿਆ ਜਾਂਦਾ ਹੈ। ਪੁਰਾਣੇ ਸਮੇਂ ਵਿੱਚ ਸਵੇਰ ਵੇਲੇ ਘਰਾਂ ਵਿੱਚ ਦੁੱਧ ਰਿੜਕਣ ਦੀ ਆਵਾਜ਼ ਇੱਕ ਸਾਜ਼ ਵੱਜਣ ਵਾਂਗ ਕੰਨਾਂ ਵਿੱਚ ਪੈਂਦੀ ਸੀ। ਪੰਜਾਬੀ ਦੇ ਪ੍ਰਸਿੱਧ ਕਿੱਸਾਕਾਰ ਵਾਰਿਸ ਸ਼ਾਹ ਨੇ ਇਸ ਵੇਲੇ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ;

*ਚਿੜੀ ਚੂਕਦੀ ਨਾਲ ਜਾਂ ਤੁਰੇ ਪਾਂਧੀ*
*ਪਈਆਂ ਚਾਟੀਆਂ ਵਿੱਚ ਮਧਾਣੀਆਂ ਨੀਂ*

ਭਾਵੇਂ ਲੱਸੀ ਦੁੱਧ ਤੋਂ ਬਣੀ ਹੋਈ ਹੈ ਅਤੇ ਪੇਂਡੂ ਲੋਕ ਇਸ ਨੂੰ ਸਸਤੀ ਚੀਜ਼ ਮੰਨਦੇ ਹਨ, ਪਰ ਫਿਰ ਵੀ ਇਸ ਲੱਸੀ ਦੀ ਕੀਮਤ ਵੀ ਜ਼ਿਆਦਾ ਵੱਡੀ ਮੰਨੀ ਜਾਂਦੀ ਹੈ। ਘਰਾਂ ਵਿੱਚ ਇਸ ਲੱਸੀ ਲਈ ਵਿਤਕਰੇ ਵੀ ਕੀਤੇ ਜਾਂਦੇ ਸਨ। ਘਰੇਲੂ ਔਰਤਾਂ ਆਪਣੇ ਪੁੱਤਰਾਂ ਲਈ ਗਾੜ੍ਹੀ ਲੱਸੀ ਪਹਿਲਾਂ ਕੱਢ ਦਿੰਦੀਆਂ ਸਨ ਅਤੇ ਬਾਕੀਆਂ ਲਈ ਪਾਣੀ ਪਾ ਦਿੰਦੀਆਂ ਸਨ। ਗਰਮੀ ਦੇ ਮਹੀਨੇ ਵਿੱਚ ਲੱਸੀ ਬਾਰੇ ਇਸ ਤਰ੍ਹਾਂ ਕਿਹਾ ਗਿਆ ਹੈ;

*ਹਾੜ ਲੱਸੀ ਪੁੱਤਾਂ ਨੂੰ*
*ਸਾਉਣ ਲੱਸੀ ਮਿੱਤਾਂ ਨੂੰ*

ਕੁਝ ਲੋਕ ਇਸ ਲੱਸੀ ਵਿੱਚ ਬਾਜਰੇ ਦਾ ਆਟਾ ਮਿਲਾ ਕੇ ਰਬੜੀ ਬਣਾ ਕੇ ਖਾਂਦੇ ਹਨ। ਸਰਦੀ ਵਿੱਚ ਬਾਜਰੇ ਦੀ ਖਿਚੜੀ ਖਾਣ ਲਈ ਗਾੜ੍ਹੀ ਲੱਸੀ ਵਿੱਚ ਦੁੱਧ ਦੀਆਂ ਧਾਰਾਂ ਮਾਰ ਕੇ ਤਿਉੜ ਬਣਾਇਆ ਜਾਂਦਾ ਹੈ। ਲੱਸੀ ਪੀਣ ਨੂੰ ਹਰ ਇੱਕ ਦਾ ਜੀਅ ਕਰਦਾ ਹੈ। ਲੱਸੀ ਪੀਣ ਦੇ ਸ਼ੌਕੀਨ ਦੂਰੋਂ ਦੂਰੋਂ ਲੱਸੀ ਲੈਣ ਆ ਜਾਂਦੇ ਹਨ। ਇਸ ਤਰ੍ਹਾਂ ਸਾਡੇ ਰਿਸ਼ਤਿਆਂ ਵਿੱਚ ਕਈ ਰਿਸ਼ਤੇ ਅਜਿਹੇ ਹਨ ਜਿਨ੍ਹਾਂ ਨੂੰ ਬਦਨਾਮ ਕਰ ਰੱਖਿਆ ਹੈ। ਪਤੀ ਦੇ ਵੱਡੇ ਭਰਾ ਨੂੰ ਔਰਤਾਂ ਚੰਗਾ ਨਹੀਂ ਸਮਝਦੀਆਂ ਕਿਉਂਕਿ ਉਹ ਵੱਡੇ ਹੋਣ ਦੇ ਨਾਤੇ ਘਰ ਵਿੱਚ ਟੋਕ ਟਕਾਈ ਕਰ ਦਿੰਦਾ ਹੈ, ਪਰ ਔਰਤਾਂ ਨੂੰ ਇਹ ਗੱਲ ਚੰਗੀ ਨਹੀਂ ਲੱਗਦੀ। ਫਿਰ ਉਹ ਲੱਸੀ ਵਰਗੀ ਚੀਜ਼ ਦੇਣ ਵੇਲੇ ਖੋਭ ਕੱਢਣ ਲਈ ਤਿਆਰ ਹੋ ਜਾਂਦੀਆਂ ਹਨ;

*ਦਿਓਰ ਭਾਵੇਂ ਮੱਝ ਚੁੰਘ ਜੇ*
*ਛੜੇ ਜੇਠ ਨੂੰ ਲੱਸੀ ਨਹੀਂ ਦੇਣੀ।*

ਕਈ ਜੇਠ ਵੀ ਅੜੀਅਲ ਹੁੰਦੇ ਹਨ। ਉਹ ਵੀ ਆਪਣੀ ਅੜੀ ਪੁਗਾਉਣ ਲਈ ਕਹਿ ਦਿੰਦੇ ਹਨ;

*ਲੱਸੀ ਪੀਣ ਦਾ ਸ਼ੌਕ ਨਾ ਕਾਈ*
*ਇੱਕ ਤੇਰੀ ਅੜ ਭੰਨਣੀ।*

ਜਿਸ ਵਿਅਕਤੀ ਨੂੰ ਲੱਸੀ ਦਾ ਚਸਕਾ ਪੈ ਜਾਵੇ ਤਾਂ ਉਹ ਵਿਅਕਤੀ ਪੀਤੇ ਬਿਨਾਂ ਨਹੀਂ ਰਹਿ ਸਕਦਾ। ਸ਼ਰਾਬ ਦਾ ਸੇਵਨ ਕਰਨ ਵਾਲੇ ਸਵੇਰੇ ਲੱਸੀ ਦੀ ਇੱਛਾ ਰੱਖਦੇ ਹਨ। 'ਬੇਗਾਨੀ ਛਾਹ 'ਤੇ ਮੁੱਛਾਂ ਮੁੰਨਾਉਣੀਆਂ' ਵਰਗੀ ਕਹਾਵਤ ਵੀ ਇੱਥੋਂ ਹੀ ਬਣੀ। ਕਈ ਵਿਅਕਤੀ ਲੱਸੀ ਵਾਲੇ ਘਰ ਦੀ ਖ਼ੁਸ਼ਾਮਦ ਵੀ ਕਰਦੇ ਹਨ। ਬਦਲੇ ਵਿੱਚ ਉਨ੍ਹਾਂ ਨੂੰ ਕੋਈ ਚੀਜ਼ ਦਿੰਦੇ ਹਨ। ਕਈ ਵਾਰ ਮਜਬੂਰੀ ਵਿੱਚ ਕੋਈ ਨਾ ਵਰਤੋਂ ਯੋਗ ਚੀਜ਼ ਵੀ ਫੜਾ ਜਾਂਦੇ ਹਨ;

*ਨਾਲੇ ਬਾਬਾ ਲੱਸੀ ਪੀ ਗਿਆ*
*ਨਾਲੇ ਦੇ ਗਿਆ ਦਵਾਨੀ ਖੋਟੀ।*

ਲੱਸੀ ਪਸ਼ੂਆਂ ਲਈ ਵੀ ਗੁਣਕਾਰੀ ਚੀਜ਼ ਹੈ। ਮੱਝਾਂ ਵਾਸਤੇ ਇਹ ਠੀਕ ਨਹੀਂ, ਪਰ ਗੋਕੇ ਵਾਸਤੇ ਠੀਕ ਹੈ। ਗਊਆਂ ਨੂੰ ਲੂਣ ਪਾ ਕੇ ਲੱਸੀ ਪਿਲਾਈ ਜਾਂਦੀ ਹੈ। ਇਸ ਕਰਕੇ ਉਹ ਦੁੱਧ ਵੱਧ ਦਿੰਦੀਆਂ ਹਨ। ਬਲਦਾਂ ਦੇ ਜ਼ਮਾਨੇ ਵਿੱਚ ਇਹ ਲੱਸੀ ਵਾਧੂ ਹੋਣ ਕਰਕੇ ਬਲਦਾਂ ਅਤੇ ਵੱਛਿਆਂ ਨੂੰ ਵੀ ਪਿਲਾਈ ਜਾਂਦੀ ਸੀ। ਇਸ ਨਾਲ ਇਨ੍ਹਾਂ ਨੂੰ ਤਾਕਤ ਮਿਲਦੀ ਸੀ।

ਲੱਸੀ ਨੂੰ ਸਿਰ ਧੋਣ ਲਈ ਵੀ ਵਰਤਿਆ ਜਾਂਦਾ ਹੈ। ਇਸ ਨਾਲ ਸਿਰ ਵਿੱਚ ਖੁਸ਼ਕੀ ਨਹੀਂ ਰਹਿੰਦੀ। ਲੱਸੀ ਵਿੱਚ ਬਾਜਰੇ ਜਾਂ ਮੱਕੀ ਦਾ ਆਟਾ ਪਾ ਕੇ ਸਰੀਰ ਉੱਤੇ ਮਾਲਿਸ਼ ਵੀ ਕੀਤੀ ਜਾਂਦੀ ਹੈ। ਆਮ ਤੌਰ 'ਤੇ ਪੈਰਾਂ ਤੇ ਹੱਥਾਂ ਦੀ ਮੈਲ ਲਾਹੀ ਜਾਂਦੀ ਸੀ। ਮੂੰਹ ਦੇ ਉੱਤੇ ਵੀ ਇਸ ਨੂੰ ਮਲਿਆ ਜਾਂਦਾ ਸੀ।

ਸਮਾਜ ਵਿੱਚ ਅਣਵਿਆਹੇ ਵਿਅਕਤੀ ਨੂੰ ਔਰਤਾਂ ਅਤੇ ਆਦਮੀ ਟਿੱਚ ਹੀ ਸਮਝਦੇ ਹਨ ਕਿਉਂਕਿ ਘਰ ਵਿੱਚ ਔਰਤ ਨਾ ਹੋਣ ਕਰਕੇ ਉਨ੍ਹਾਂ ਨੂੰ ਆਪਣੇ ਕੰਮ ਆਪ ਹੀ ਕਰਨੇ ਪੈਂਦੇ ਹਨ। ਸੋ ਲੱਸੀ ਲੈਣ ਵੀ ਉਨ੍ਹਾਂ ਨੂੰ ਆਪ ਹੀ ਜਾਣਾ ਪੈਂਦਾ ਹੈ।

ਕਈ ਘਰਾਂ ਵਿੱਚ ਔਰਤਾਂ ਛੜਿਆਂ ਤੋਂ ਕਤਰਾਉਂਦੀਆਂ ਹਨ। ਉਨ੍ਹਾਂ ਨੂੰ ਮਗਰੋਂ ਲਾਹੁਣ ਲਈ ਬਹਾਨਾ ਬਣਾ ਕੇ ਚੀਜ਼ ਨੂੰ ਜਵਾਬ ਦਿੰਦੀਆਂ ਹਨ। ਲੋਕ ਗੀਤਾਂ ਵਿੱਚ ਇਸ ਦਾ ਜ਼ਿਕਰ ਇਸ ਤਰ੍ਹਾਂ ਆਉਂਦਾ ਹੈ;

*ਕੋਰੇ ਕੋਰੇ ਕੁੱਜੇ ਵਿੱਚ ਦਹੀਂ ਮੈਂ ਜੰਮਾਉਨੀ ਆਂ*
*ਤੜਕੇ ਉੱਠ ਕੇ ਰਿੜਕਾਂਗੇ*
*ਛੜੇ ਆਉਣਗੇ ਲੱਸੀ ਨੂੰ ਝਿੜਕਾਂਗੇ।*

ਜਵਾਨੀ ਅੰਨ੍ਹੀ ਹੁੰਦੀ ਹੈ। ਇਸ ਸਮੇਂ ਇਸ਼ਕ ਮੁਸ਼ਕ ਦੇ ਚੱਕਰ ਕੁਦਰਤੀ ਤੌਰ 'ਤੇ ਚੱਲ ਪੈਂਦੇ ਹਨ ਅਤੇ ਫਿਰ ਇੱਕ ਦੂਜੇ ਨੂੰ ਮਿਲਣ ਦੇ ਬਹਾਨੇ ਬਣਾਉਂਦੇ ਹਨ। ਇਹਦੇ ਵਿੱਚ ਲੱਸੀ ਦਾ ਵੀ ਵਿਸ਼ੇਸ਼ ਥਾਂ ਹੈ। ਇੱਕ ਪ੍ਰੇਮਿਕਾ ਆਪਣੇ ਪ੍ਰੇਮੀ ਨੂੰ ਮਿਲਣ ਲਈ ਇਸ ਤਰ੍ਹਾਂ ਕਹਿੰਦੀ ਹੈ;

*ਲੱਸੀ ਪੀ ਜਾਵੇ ਭੂਆ ਦਾ ਪੁੱਤ ਬਣ ਕੇ*
*ਮੈਂ ਬਾਰੀ ਵਿੱਚ ਦੁੱਧ ਰਿੜਕਾਂ*

ਲੱਸੀ ਠੰਡੀ ਪੀਤੀ ਜਾਂਦੀ ਹੈ ਜਦੋਂ ਕਿ ਦੁੱਧ ਗਰਮ। ਸੋ ਕਈ ਵਾਰੀ ਇਹ ਅਖਾਣ ਵੀ ਵਰਤਿਆ ਜਾਂਦਾ ਹੈ ਕਿ ਦੁੱਧ ਦਾ ਜਲਿਆ ਲੱਸੀ ਨੂੰ ਵੀ ਫੂਕਾਂ ਮਾਰ ਕੇ ਪੀਂਦਾ ਹੈ। ਆਮ ਤੌਰ 'ਤੇ ਇਹ ਵੀ ਕਿਹਾ ਜਾਂਦਾ ਹੈ ਕਿ ਲੱਸੀ ਅਤੇ ਲੜਾਈ ਨੂੰ ਜਿੰਨਾ ਮਰਜ਼ੀ ਵਧਾ ਲਓ। ਲੜਾਈ ਤਾਂ ਵਧੀ ਮਾੜੀ ਹੈ, ਪਰ ਜੇ ਲੱਸੀ ਵੱਧ ਜਾਵੇ ਤਾਂ ਚੰਗੀ ਹੈ ਕਿਉਂਕਿ ਇਸ ਨਾਲ ਕਈ ਜਾਣੇ ਤ੍ਰਿਪਤ ਹੁੰਦੇ ਹਨ। ਲੱਸੀ ਸਾਡੇ ਭੋਜਨ ਦਾ ਜ਼ਰੂਰੀ ਹਿੱਸਾ ਹੈ। ਲੱਸੀ ਦਾ ਦਰਜਾ ਚਾਹ ਦੇ ਮੁਕਾਬਲੇ ਚੰਗਾ ਮੰਨਿਆ ਜਾਂਦਾ ਹੈ। ਕਿਹਾ ਜਾਂਦਾ ਹੈ;

*ਲੱਸੀ ਪੀਏ ਤਾਂ ਆਂਦਰਾਂ ਠਾਰੇ*
*ਚਾਹ ਜਾਵੇ ਢਿੱਡ ਫੂਕਦੀ।*

# ਬਾਬਲ ਦੇ ਵਿਹੜੇ ਦੀ ਰੌਣਕ ਹੁੰਦੀਆਂ ਨੇ ਧੀਆਂ



**ਗੁਰਬਿੰਦਰ ਸਿੰਘ ਮਾਣਕ**

ਧੀਆਂ ਸਦਾ ਹੀ ਸੱਚੇ ਦਿਲੋਂ ਮਾਪਿਆਂ ਦੇ ਵਿਹੜੇ ਦੀ ਖ਼ੈਰ ਮੰਗਦੀਆਂ ਹਨ। ਜਦੋਂ ਕਦੇ ਦੂਰ ਬਿਗਾਨੜੇ ਦੇਸ਼ ਵੀ ਉਡਾਰੀ ਮਾਰ ਜਾਂਦੀਆਂ ਹਨ, ਤਾਂ ਵੀ ਜਿਸ ਵਿਹੜੇ ਵਿੱਚ ਬਚਪਨ ਤੋਂ ਲੈ ਕੇ ਜਵਾਨੀ ਤੱਕ ਮਾਪਿਆਂ ਤੇ ਭੈਣਾਂ-ਭਰਾਵਾਂ ਨਾਲ ਵਿਚਰੀਆਂ ਹੁੰਦੀਆਂ ਹਨ, ਉਸ ਵਿਹੜੇ ਦੀ ਸਦਾ ਸਲਾਮਤੀ ਲਈ ਦੁਆਵਾਂ ਕਰਦੀਆਂ ਨਹੀਂ ਥੱਕਦੀਆਂ। ਧੀਆਂ ਦੀ ਜ਼ਿੰਦਗੀ ਦਾ ਵੀ ਕੁਦਰਤ ਨੇ ਅਜੀਬ ਦਸਤੂਰ ਸਿਰਜਿਆ ਹੈ। ਜਿਸ ਘਰ ਜਨਮ ਲੈਂਦੀਆਂ ਹਨ, ਉਸ ਘਰ ਨੂੰ ਸਜਾਉਂਦੀਆਂ, ਸੰਵਾਰਦੀਆਂ, ਸਲੀਕੇ ਤੇ ਆਪਣੇ ਹੁਨਰ ਦਾ ਪ੍ਰਗਟਾਵਾ ਕਰਦੀਆਂ, ਪੂਰੇ ਘਰ ਨਾਲ ਮੋਹ ਦੀਆਂ ਪੀਡੀਆਂ ਤੰਦਾਂ ਨਾਲ ਇਸ ਕਦਰ ਬੱਝ ਜਾਂਦੀਆਂ ਕਿ ਜਿਵੇਂ ਸਾਰੀ ਉਮਰ ਵਿਹੜੇ ਦੀ ਰੌਣਕ ਹੀ ਬਣੀ ਰਹਿਣਾ ਹੋਵੇ ਪਰ ਸਮਾਜਿਕ ਦਸਤੂਰ ਵਿੱਚ ਬੱਝੇ ਮਾਪਿਆਂ ਨੂੰ ਇੱਕ ਦਿਨ ਘਰ ਦੀ ਧੀ-ਧਿਆਣੀ ਨੂੰ, ਕਿਸੇ ਹੋਰ ਘਰ ਨੂੰ ਵਸਾਉਣ ਲਈ ਹੱਥੀਂ ਤੋਰਨਾ ਪੈਂਦਾ ਹੈ।

ਮਾਪੇ ਦੁਆਵਾਂ ਕਰਦੇ ਹਨ ਕਿ ਉਨ੍ਹਾਂ ਦੀ ਧੀ ਹਮੇਸ਼ਾ ਸੁੱਖੀ ਵਸੇ। ਪਹਿਲੇ ਸਮਿਆਂ ਵਿੱਚ ਤਾਂ ਮਾਪੇ ਧੀ ਦੇ ਜਨਮ ਤੋਂ ਬਾਅਦ ਹੀ, ਉਸ ਨੂੰ ਵਿਆਹ-ਸ਼ਾਦੀ ਕਰ ਕੇ ਸਹੁਰੇ ਘਰ ਤੋਰਨ ਦੇ ਫ਼ਿਕਰਾਂ ਵਿੱਚ ਪੈ ਜਾਂਦੇ ਸਨ। ਉਨ੍ਹਾਂ ਸਮਿਆਂ ਵਿੱਚ ਕੁੜੀਆਂ ਨੂੰ ਪੜ੍ਹਾਉਣ ਦਾ ਰਿਵਾਜ ਨਹੀਂ ਸੀ। ਘਰ ਦੇ ਸਾਰੇ ਕੰਮਾਂ ਵਿੱਚ ਉਨ੍ਹਾਂ ਨੂੰ ਪ੍ਰਬੀਨ ਕੀਤਾ ਜਾਂਦਾ ਸੀ। ਮਾਵਾਂ, ਦਾਦੀਆਂ, ਨਾਨੀਆਂ, ਚਾਚੀਆਂ, ਤਾਈਆਂ ਅਕਸਰ ਹੀ ਧੀਆਂ ਨੂੰ ਟੋਕਦੀਆਂ ਕਿ ਸਾਰੇ ਕੰਮ ਚੱਜ ਨਾਲ ਸਿੱਖ ਲਉ, ਨਹੀਂ ਤਾਂ ਸਹੁਰੇ ਘਰ ਜਾ ਕੇ ਔਖੀ ਹੋਵੇਂਗੀ। ਸਚਿਆਰੀਆਂ ਕੁੜੀਆਂ ਸਾਰੇ ਕੰਮ ਹੱਥੀਂ ਕਰਨੇ ਸਿੱਖ ਲੈਂਦੀਆਂ ਤਾਂ ਕਿ ਸੱਸ ਨੂੰ ਮਿਹਣੇ ਮਾਰਨ ਤੇ ਟੋਕਣ ਦਾ ਮੌਕਾ ਨਾ ਮਿਲੇ ਪਰ ਕੁੜੀਆਂ ਦੇ ਮਨ ਵਿੱਚ ਵਿਆਹ ਤੋਂ ਪਹਿਲਾਂ ਹੀ ਸਮਾਜ ਵੱਲੋਂ ਸੱਸਾਂ ਦਾ ਡਰ ਇਸ ਕਦਰ ਪਾ ਦਿੱਤਾ ਜਾਂਦਾ ਹੈ ਕਿ ਜਿਵੇਂ ਉਹ ਕੋਈ ਹਊਆ ਹੋਣ।

ਗੱਲ ਭਾਵੇਂ ਕੋਈ ਮਾਮੂਲੀ ਜਿਹੀ ਹੀ ਹੋਵੇ, ਪਰ ਗ਼ਲਤਫ਼ਹਿਮੀ ਕਾਰਨ ਕਈ ਵਾਰ ਖੰਭਾਂ ਦੀਆਂ ਡਾਰਾਂ ਬਣ ਜਾਂਦੀਆਂ ਹਨ। ਅਜਿਹੀ ਸਥਿਤੀ ਵਿੱਚ ਵਿਆਹੀ ਮੁਟਿਆਰ ਨੂੰ ਆਪਣਾ ਪੇਕਾ ਘਰ ਬਹੁਤ ਯਾਦ ਆਉਂਦਾ ਹੈ।

ਜਿਹੜੇ ਘਰ ਧੀ ਹੋਵੇ, ਉਸ ਘਰ ਦਾ ਰੱਖ-ਰਖਾਅ, ਸਲੀਕਾ, ਸਾਫ਼-ਸਫ਼ਾਈ ਤੇ ਸਜਾਵਟ ਨਿਵੇਕਲੀ ਹੀ ਹੁੰਦੀ ਹੈ। ਭਾਵੇਂ ਹੁਣ ਸਮਾਂ ਬਦਲ ਗਿਆ ਹੈ ਤੇ ਮਾਪੇ ਧੀਆਂ ਨੂੰ ਵੀ ਪੜ੍ਹਾਉਣ ਤੇ ਪੈਰਾਂ 'ਤੇ ਖੜ੍ਹੇ ਕਰਨ ਪ੍ਰਤੀ ਬਹੁਤ ਹੱਦ ਤੱਕ ਜਾਗਰੂਕ ਹੋ ਗਏ ਹਨ। ਸਮਾਜ ਵੱਲ ਨਜ਼ਰ ਮਾਰੀਏ ਤਾਂ ਸਪੱਸ਼ਟ ਦਿਖਾਈ ਦਿੰਦਾ ਹੈ ਕਿ ਧੀਆਂ ਨੇ ਆਪਣੀ ਸੂਝ-ਬੂਝ, ਮਿਹਨਤ, ਲਗ਼ਨ ਤੇ ਕਾਬਲੀਅਤ ਨਾਲ,ਉੱਚੇ ਅਹੁਦਿਆਂ 'ਤੇ ਪਹੁੰਚ ਕੇ ਸਮਾਜ ਨੂੰ ਹੈਰਾਨ ਕਰ ਦਿੱਤਾ ਹੈ। ਜੀਵਨ ਦਾ ਕੋਈ ਵੀ ਖੇਤਰ ਹੋਵੇ, ਕੁੜੀਆਂ ਨੇ ਹਰ ਥਾਂ ਵੱਡਾ ਨਾਮਣਾ ਖੱਟਿਆ ਹੈ। ਮਾਪੇ ਖੁਸ਼ੀ ਤੇ ਚਾਅ ਨਾਲ ਧੀਆਂ ਨੂੰ ਸਿੱਖਿਅਤ ਕਰਨ ਤੇ ਉਨ੍ਹਾਂ ਦੀ ਹਰ ਰੀਝ ਪੂਰੀ ਕਰਨ ਲਈ, ਔਖੇ ਹੋ ਕੇ ਵੀ ਤਿਆਰ ਹੋ ਜਾਂਦੇ ਹਨ। ਕਈ ਵਾਰ ਮਾਪੇ ਭਵਿੱਖ ਦੀਆਂ ਸੋਚਾਂ ਸੋਚਦਿਆਂ ਖ਼ਰਚ ਮੁੰਡੇ 'ਤੇ ਜ਼ਿਆਦਾ ਕਰਦੇ ਹਨ, ਪਰ ਪੜ੍ਹ ਧੀ ਜਾਂਦੀ ਹੈ। ਅੱਜ-ਕੱਲ੍ਹ ਬਹੁਤ ਘੱਟ ਮੁੰਡੇ ਮਾਪਿਆਂ ਦੇ ਕਹਿਣੇਕਾਰ ਬਣ ਕੇ ਮਿਹਨਤ ਨਾਲ ਪੜ੍ਹਨ ਤੋਂ ਅਣਗਹਿਲੀ ਕਰ ਰਹੇ ਹਨ। ਦੂਜੇ ਪਾਸੇ ਕੁੜੀਆਂ ਪੜ੍ਹਾਈ ਸਮੇਤ ਹਰ ਪਾਸੇ ਹੀ ਮੋਹਰੀ ਹਨ।

ਸਿਆਣੀਆਂ ਤੇ ਸੱਚਿਆਰੀਆਂ ਮਾਵਾਂ ਕੁੜੀਆਂ ਨੂੰ, ਜ਼ਿੰਦਗੀ ਦੇ ਰਾਹਾਂ 'ਤੇ ਸੁਚਾਰੂ ਰੂਪ ਵਿੱਚ ਚੱਲਦੇ ਰਹਿਣ ਲਈ, ਰਸੋਈ ਤੋਂ ਲੈ ਕੇ ਹਰ ਕੰਮ ਵਿੱਚ ਮੁਹਾਰਤ ਕਰਾਉਂਦੀਆਂ ਹਨ ਤਾਂ ਕਿ ਉਹ ਜ਼ਿੰਦਗੀ ਵਿੱਚ ਕਿਸੇ ਪ੍ਰੇਸ਼ਾਨੀ ਤੋਂ ਬੱਚ ਸਕਣ।

ਉਂਝ ਵੀ ਔਰਤ ਭਾਵੇਂ, ਜਿੰਨੇ ਮਰਜ਼ੀ ਉੱਚੇ ਅਹੁਦੇ 'ਤੇ ਹੋਵੇ ਪਰ ਉਸਦਾ ਘਰੇਲੂ ਕੰਮਾਂ ਵਿੱਚ ਪ੍ਰਵੀਨ ਹੋਣਾ ਜ਼ਰੂਰੀ ਸਮਝਿਆ ਜਾਂਦਾ ਹੈ। ਇਸ ਦਾ ਭਾਵ ਇਹ ਨਹੀਂ ਕਿ ਘਰ ਦੇ ਹੋਰ ਜੀਆਂ ਤੇ ਜੀਵਨ-ਸਾਥੀ ਨੂੰ ਕੁਝ ਨਹੀਂ ਕਰਨਾ ਚਾਹੀਦਾ।

ਸਮਾਜ ਅੱਜ ਵੀ ਇਹੀ ਤਵੱਕੋ ਕਰਦਾ ਹੈ ਕਿ ਉਨ੍ਹਾਂ ਦੇ ਘਰ ਆਈ ਨੂੰਹ-ਰਾਣੀ ਨੂੰ ਹਰ ਕੰਮ ਆਉਂਦਾ ਹੋਵੇ। ਧੀਆਂ ਨੂੰ ਤਾਂ ਅਕਸਰ ਹੀ ਮਾਪੇ ਝਿੜਕਾਂ ਮਾਰ ਕੇ ਵੀ ਕੰਮ ਕਰਾ ਲੈਂਦੇ ਹਨ। ਘਰਾਂ ਦੇ ਅਨੇਕਾਂ ਕੰਮ ਹੁੰਦੇ ਹਨ, ਜਿਹੜੇ ਮਾਂ ਆਪਣੀ ਧੀ ਨੂੰ ਸਿਖਾਉਂਦੀ ਹੈ,ਤਾਂ ਕਿ ਉਹ ਜੀਵਨ ਵਿੱਚ ਕਿਸੇ ਨਮੋਸ਼ੀ ਤੇ ਘਟੀਆਪਨ ਦੇ ਅਹਿਸਾਸ ਤੋਂ ਬਚ ਸਕੇ। ਧੀਆਂ ਘਰਾਂ ਦੀ ਰੌਣਕ ਹੁੰਦੀਆਂ ਹਨ। ਕਿਸੇ ਧੀ ਦੇ ਜਨਮ ਸਮੇਂ ਮਾਪੇ ਭਾਵੇਂ ਜਿੰਨੇ ਮਰਜ਼ੀ ਉਦਾਸ ਹੋਏ ਹੋਣ। ਪਰ ਉਹੀ ਧੀ ਹੌਲੀ-ਹੌਲੀ ਸਾਰੇ ਟੱਬਰ ਦੇ ਜੀਆਂ ਤੋਂ ਏਨਾ ਲਾਡ ਅਤੇ ਪਿਆਰ ਲੈਂਦੀ ਹੈ ਕਿ ਸਾਰੇ ਘਰ ਦੀ ਚਹੇਤੀ ਬਣ ਜਾਂਦੀ ਹੈ। ਘਰਾਂ ਦੇ ਕੰਮ ਸੰਵਾਰਦੀਆਂ,ਘਰਾਂ ਵਿੱਚ ਚਹਿਕਦੀਆਂ ਟਹਿਕਦੀਆਂ, ਮਾਪਿਆਂ ਨੂੰ ਪਿਆਰ ਨਾਲ ਮੋਹ ਲੈਂਦੀਆਂ ਧੀਆਂ, ਇੱਕ ਦਿਨ ਪੇਕਿਆਂ ਦੇ ਵਿਹੜੇ ਨੂੰ ਸੁੰਨਾ ਕਰਕੇ, ਕਿਸੇ ਹੋਰ ਘਰ ਵਿੱਚ ਜਾ ਰੌਣਕ ਲਾਉਂਦੀਆਂ ਹਨ। ਹੁਣ ਸਮੇਂ ਦੀ ਲੋੜ ਅਨਸਾਰ ਧੀਆਂ ਆਪਣੀ ਮਿਹਨਤ ਨਾਲ ਵਿਦੇਸ਼ਾਂ ਵਿੱਚ ਸਿੱਖਿਆ ਪ੍ਰਾਪਤ ਕਰਕੇ ਵੱਡੀਆਂ ਪ੍ਰਾਪਤੀਆਂ ਕਰ ਰਹੀਆਂ ਹਨ। ਵਿਆਹ-ਸ਼ਾਦੀ ਉਪਰੰਤ ਅਨੇਕਾਂ ਮਾਪੇ ਆਪਣੀਆਂ ਧੀਆਂ ਦੀ ਬਦੌਲਤ ਹੀ ਵਿਦੇਸ਼ਾਂ ਵਿੱਚ ਜਾਣ ਦੇ ਕਾਬਲ ਹੋਏ ਹਨ। ਧੀਆਂ, ਮਾਪਿਆਂ ਦੀ, ਪੁੱਤਾਂ-ਨੂੰਹਾਂ ਨਾਲੋਂ ਵੀ ਵੱਧ ਸੇਵਾ-ਸੰਭਾਲ ਕਰਦੀਆਂ ਹਨ। ਧੀ ਨੂੰ ਪਿਆਰ ਕਰਨ ਵਾਲੇ ਮਾਪੇ, ਆਪਣੀ ਨੂੰਹ ਵਿਚੋਂ ਵੀ ਧੀ ਹੀ ਦੇਖਦੇ ਹਨ, ਇਸ ਕਾਰਨ ਹੀ ਉਹ ਨੂੰਹ ਨੂੰ ਕਿਸੇ ਬਿਗਾਨੇਪਨ ਦਾ ਅਹਿਸਾਸ ਨਹੀਂ ਹੋਣ ਦਿੰਦੇ। ਅਸਲ ਗੱਲ ਇਹ ਹੈ ਕਿ ਧੀ ਨੇ ਤਾਂ ਇੱਕ ਦਿਨ ਸਹੁਰੇ ਘਰ ਜਾ ਵੱਸਣਾ ਹੈ, ਤੇ ਅਸਲ ਧੀ ਤਾਂ ਘਰ ਦੀ ਨੂੰਹ-ਰਾਣੀ ਹੀ ਹੁੰਦੀ ਹੈ। ਉਹ ਸਹੁਰੇ ਘਰ ਬੈਠੀ ਵੀ ਮਾਪਿਆਂ ਦੀ ਫ਼ਿਕਰ ਕਰਦੀ, ਹਮੇਸ਼ਾ ਸੁੱਖਾਂ ਦੀ ਦੁਆ ਕਰਦੀ ਰਹਿੰਦੀ ਹੈ। ਗੀਤ ਦੇ ਬੋਲ ਵੀ ਅਜਿਹੀ ਸਚਾਈ ਨੂੰ ਬਿਆਨ ਕਰਦੇ ਹਨ; 'ਪੁੱਤ ਵੰਡਾਉਣ ਜ਼ਮੀਨਾਂ, ਧੀਆਂ ਦਰਦ ਵੰਡਾਉਂਦੀਆਂ ਨੇ।'

ਮਾਂ-ਬਾਪ ਦੇ ਤੁਰ ਜਾਣ ਬਾਅਦ ਤਾਂ ਭਰਾ-ਭਰਜਾਈਆਂ ਹੀ ਕਿਸੇ ਧੀ ਲਈ, ਪੇਕਿਆਂ ਦੀ ਧਰੋਹਰ ਬਣਦੇ ਹਨ। ਜੇ ਤਾਂ ਆਪਸੀ ਪਿਆਰ ਹੋਵੇ ਤਾਂ ਕਿਸੇ ਧੀ ਲਈ ਪੇਕੇ ਘਰ ਆਉਣਾ ਖੁਸ਼ੀਆਂ-ਖੇੜਿਆਂ ਦਾ ਸਬੱਬ ਹੁੰਦਾ ਹੈ। ਪਰ ਅਜੋਕੇ ਸਮਿਆਂ ਨੇ ਬਹੁਤ ਕੁਝ ਬਦਲ ਦਿੱਤਾ ਹੈ। ਜਦੋਂ ਰਿਸ਼ਤੇ ਬੋਝ ਲੱਗਣ ਲੱਗ ਪੈਣ, ਉਦੋਂ ਸਾਂਝਾਂ ਦੀ ਤੰਦ ਕਮਜ਼ੋਰ ਹੋ ਜਾਂਦੀ ਹੈ। ਪੇਕੇ ਘਰ ਦਾ ਦਰਵਾਜ਼ਾ ਕਿਸੇ ਧੀ ਨੂੰ ਹਮੇਸ਼ਾ ਪਿਆਰ ਤੇ ਨਿੱਘੀ ਗਲਵੱਕੜੀ ਨਾਲ ਨਿਵਾਜਦਾ ਰਹੇ, ਸ਼ਾਇਦ ਇਸੇ ਕਾਰਨ ਲੋਕ ਗੀਤ ਵਿੱਚ ਧੀ ਮੰਗ ਕਰਦੀ ਹੈ,'ਇੱਕ ਵੀਰ ਦੇਈਂ ਵੇ ਰੱਬਾ...ਮੇਰੀ ਸਾਰੀ ਉਮਰ ਦੇ ਮਾਪੇ।' ਧੀਆਂ ਹਮੇਸ਼ਾ ਮਾਪਿਆਂ ਦਾ ਭਲਾ ਲੋੜਦੀਆਂ ਹਨ। ਅਜੋਕੇ ਸਮਿਆਂ ਵਿੱਚ, ਧੀਆਂ ਨਾਲ ਜੁੜੇ ਦਿਨ-ਦਿਹਾਰਾਂ ਨੂੰ ਪੈਸੇ ਅਤੇ ਪਦਾਰਥਕ ਵਸਤਾਂ ਨਾਲ ਜੋੜ ਕੇ ਵੇਖਣ ਦੀ ਪ੍ਰਵਿਰਤੀ ਨੇ ਪਿਆਰ ਨੂੰ ਹੋਰ ਘਟਾ ਦਿੱਤਾ ਹੈ। ਅਨੇਕਾਂ ਧੀਆਂ, ਪੁੱਤਰਾਂ ਵਲੋਂ ਨਕਾਰੇ ਬਜ਼ੁਰਗ ਮਾਂ-ਬਾਪ ਨੂੰ ਸਾਂਭ ਕੇ ਆਪਣੇ ਫ਼ਰਜ਼ ਨਿਭਾਅ ਰਹੀਆਂ ਹਨ।




# ਕੀ ਪੀੜਤ ਬੱਚੀਆਂ ਨੂੰ ਵੀ ਮਿਲੇਗਾ ਇਨਸਾਫ਼ ?

**ਡਾ. ਗੁਰਤੇਜ ਸਿੰਘ**





ਇਹ ਸਾਡੇ ਸਮਾਜ ਦਾ ਦੁਖਾਂਤ ਹੈ ਕਿ ਬੱਚੀਆਂ ਦੇ ਜਿਨਸੀ ਸ਼ੋਸ਼ਣ ਦੇ ਮਾਮਲਿਆਂ ’ਚ ਬੇਤਹਾਸ਼ਾ ਵਾਧਾ ਹੋਇਆ ਹੈ। ਰੋਜ਼ਾਨਾ ਸ਼ਰਮਨਾਕ ਕੇਸ ਸਾਹਮਣੇ ਆ ਰਹੇ ਹਨ ਜਿਨ੍ਹਾਂ ਨੇ ਮਨੁੱਖਤਾ ਨੂੰ ਸ਼ਰਮਸਾਰ ਕੀਤਾ ਹੈ। ਨਵੰਬਰ 2025 ਵਿੱਚ ਜਲੰਧਰ ਵਿਖੇ 13 ਸਾਲ ਦੀ ਲੜਕੀ ਨਾਲ ਬਲਾਤਕਾਰ ਅਤੇ ਕਤਲ ਦੀ ਮੰਦਭਾਗੀ ਘਟਨਾ ਨੇ ਇਲਾਕੇ ਦੇ ਨਾਲ ਪੂਰੇ ਦੇਸ਼ ਅੰਦਰ ਸਨਸਨੀ ਫੈਲਾ ਦਿੱਤੀ ਸੀ। 12 ਜੁਲਾਈ 2023 ਨੂੰ ਪਟਿਆਲਾ ਦੇ ਪਾਤੜਾਂ ਕਸਬੇ ਵਿੱਚ 14 ਸਾਲਾਂ ਮਾਸੂਮ ਕੁੜੀ ਉਸੇ ਦੇ ਮੁਹੱਲੇ ’ਚ ਰਹਿਣ ਵਾਲੇ ਇੱਕ ਦਰਿੰਦੇ ਦੀ ਦਰਿੰਦਗੀ ਦਾ ਸ਼ਿਕਾਰ ਹੋਈ। ਇਹ ਘਟਨਾ ਸੀ.ਸੀ.ਟੀ.ਵੀ. ਕੈਮਰੇ ਵਿੱਚ ਕੈਦ ਹੋ ਗਈ ਜਿਸ ਨੇ ਦੇਖਣ ਵਾਲੇ ਨੂੰ ਧੁਰ ਅੰਦਰ ਤੱਕ ਹਿਲਾ ਕੇ ਰੱਖ ਦਿੱਤਾ ਸੀ। ਮੁਲਜ਼ਮ ਉਕਤ ਲੜਕੀ ਨਾਲ ਦੋਸਤੀ ਹੋਣ ਦਾ ਦਾਅਵਾ ਕਰ ਰਿਹਾ ਸੀ, ਪਰ ਕੀ ਦੋਸਤੀ ਜਾਨਵਰ ਬਣਨਾ ਸਿਖਾਉਂਦੀ ਹੈ?

74ਵੇਂ ਗਣਤੰਤਰ ਦਿਵਸ ਤੋਂ ਕੁਝ ਦਿਨ ਪਹਿਲਾਂ ਪਟਿਆਲਾ ਜ਼ਿਲ੍ਹੇ ਦੇ ਬਲਬੇੜਾ ਕਸਬੇ ਵਿੱਚ ਇੱਕ ਵਿਆਹ ਸਮਾਗਮ ਦੀ ਸ਼ਾਮ ਨੂੰ ਅਨੁਸੂਚਿਤ ਜਾਤੀ ਦੀ 11 ਸਾਲਾਂ ਲੜਕੀ ਨਾਲ ਉੱਥੋਂ ਦੇ ਰਸੂਖਦਾਰ ਮੁੰਡਿਆਂ ਵੱਲੋਂ ਜਬਰ-ਜਨਾਹ ਦੀ ਮੰਦਭਾਗੀ ਘਟਨਾ ਕੀਤੀ ਗਈ। ਪੀੜਤ ਲੜਕੀ ਨੂੰ ਤਰਸਯੋਗ ਹਾਲਤ ਵਿੱਚ ਉਸ ਦੇ ਘਰ ਸਾਹਮਣੇ ਸੁੱਟਿਆ ਗਿਆ। ਇਸ ਦੌਰਾਨ ਉਨ੍ਹਾਂ ਰਸੂਖਦਾਰਾਂ ਨੇ ਪੀੜਤ ਲੜਕੀ ਦੇ ਪਰਿਵਾਰ ਨਾਲ ਹੱਥੋਪਾਈ ਵੀ ਕੀਤੀ ਸੀ। ਇਸ ਘਟਨਾ ਤੋਂ ਬਾਅਦ ਵੀ ਪ੍ਰਸ਼ਾਸਨ ਮੂਕ ਦਰਸ਼ਕ ਬਣਿਆ ਹੋਇਆ ਸੀ। ਕੁਝ ਸਮਾਜ ਸੇਵੀ ਲੋਕਾਂ ਦੁਆਰਾ ਆਵਾਜ਼ ਬੁਲੰਦ ਕਰਨ ’ਤੇ ਹੀ ਪ੍ਰਸ਼ਾਸਨ ਗਹਿਰੀ ਨੀਂਦ ’ਚੋਂ ਜਾਗਿਆ ਸੀ ਤੇ ਬਣਦੀ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਸੀ। ਵਿਚਾਰਨਯੋਗ ਪਹਿਲੂ ਇਹ ਹੈ ਕਿ ਕੀ ਇਨ੍ਹਾਂ ਧੀਆਂ ਨੂੰ ਵੀ ਇਨਸਾਫ਼ ਮਿਲੇਗਾ ਜਾਂ ਫਿਰ ਹੋਰਾਂ ਹਜ਼ਾਰਾਂ ਕੇਸਾਂ ਵਾਂਗ ਪੁਲਿਸ ਦੀਆਂ ਫਾਈਲਾਂ ’ਚ ਕੈਦ ਹੋ ਕੇ ਰਹਿ ਜਾਵੇਗਾ। ਕੀ ਉਹ ਦਰਿੰਦੇ ਕਾਨੂੰਨ ਦੀ ਪਕੜ ਹੇਠਾਂ ਆਉਣਗੇ ਜਾਂ ਹੋਰਨਾਂ ਵਾਂਗ ਇਨ੍ਹਾਂ ਗ਼ਰੀਬਾਂ, ਲਾਚਾਰਾਂ ਦੀ ਇੱਜ਼ਤ ਦਾ ਜਨਾਜ਼ਾ ਵੀ ਉੱਠ ਜਾਵੇਗਾ। ਇਨ੍ਹਾਂ ਸਵਾਲਾਂ ਦੇ ਜਵਾਬ ਅਜੇ ਵੀ ਭਵਿੱਖ ਦੀ ਗੋਦ ’ਚ ਹਨ, ਪਰ ਔਰਤਾਂ ਦੀ ਸੁਰੱਖਿਆ ਦਾ ਸਵਾਲ ਸਮਾਜ, ਪ੍ਰਸ਼ਾਸਨ ਵੱਲ ਮੂੰਹ ਅੱਡੀਂ ਖੜ੍ਹਾ ਹੈ ਤੇ ਕਾਰਵਾਈ ਦੀ ਉਡੀਕ ਕਰ ਰਿਹਾ ਹੈ।

ਉਕਤ ਮੰਦਭਾਗੀਆਂ ਘਟਨਾਵਾਂ ਨੇ ਅਤੀਤ ਦੇ ਜ਼ਖ਼ਮ ਹਰੇ ਕਰ ਦਿੱਤੇ ਹਨ। ਮਾਨਸਾ ਜ਼ਿਲ੍ਹੇ ਦੇ ਪਿੰਡ ਬੁਰਜ ਝੱਬਰ ਦਾ ਸ. ਬੰਤ ਸਿੰਘ ਝੱਬਰ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ ਹੈ। ਉਸ ਦੀ ਨਾਬਾਲਗ ਲੜਕੀ ਨਾਲ ਸਾਲ 2002 ਵਿੱਚ ਉਸ ਦੇ ਹੀ ਪਿੰਡ ਦੇ ਅਖੌਤੀ ਉੱਚ ਜਾਤੀ ਦੇ ਕੁਝ ਲੋਕਾਂ ਨੇ ਬਲਾਤਕਾਰ ਕੀਤਾ ਸੀ। ਇਸ ਦਰਿੰਦਗੀ ਦਾ ਸ. ਝੱਬਰ ਨੇ ਡਟ ਕੇ ਵਿਰੋਧ ਕੀਤਾ ਸੀ ਤਾਂ ਰਸੂਖਦਾਰਾਂ ਨੇ ਉਸ ’ਤੇ ਸ਼ਿਕਾਇਤ ਵਾਪਸ ਲੈਣ ਲਈ ਬਹੁਤ ਦਬਾਅ ਪਾਇਆ, ਪਰ ਉਹ ਨਿਡਰ ਯੋਧਾ ਘਬਰਾਇਆ ਨਹੀਂ। ਜਨਵਰੀ 2006 ਵਿੱਚ ਸ਼ਹਿਰ ਤੋਂ ਵਾਪਸ ਆਉਂਦੇ ਸਮੇਂ ਉਕਤ ਦੋਸ਼ੀਆਂ ਨੇ ਉਸ ਨੂੰ ਜਾਨੋਂ ਮਾਰਨ ਦੀ ਨੀਅਤ ਨਾਲ ਉਸ ਦੀ ਬੁਰੀ ਤਰ੍ਹਾਂ ਮਾਰ ਕੁਟਾਈ ਕੀਤੀ ਸੀ ਜਿਸ ਕਰਕੇ ਇਲਾਜ ਦੌਰਾਨ ਉਸ ਦੀਆਂ ਦੋਵੇਂ ਬਾਹਾਂ ਅਤੇ ਇੱਕ ਲੱਤ ਕੱਟਣੀ ਪਈ ਸੀ। ਇਸੇ ਤਰ੍ਹਾਂ ਹੀ ਲਗਭਗ ਦੋ ਦਹਾਕੇ ਪਹਿਲਾਂ ਬਰਨਾਲਾ ਜ਼ਿਲ੍ਹੇ ਦੇ ਪਿੰਡ ਮਹਿਲ ਕਲਾਂ ’ਚ ਉਸੇ ਪਿੰਡ ਦੇ ਰਸੂਖਦਾਰਾਂ ਨੇ ਸਕੂਲ ਪੜ੍ਹਦੀ ਕੁੜੀ ਨਾਲ ਜਬਰ-ਜਨਾਹ ਕੀਤਾ ਸੀ ਤੇ ਲਾਸ਼ ਨੂੰ ਜ਼ਮੀਨ ਵਿੱਚ ਦੱਬ ਦਿੱਤਾ ਸੀ। ਪ੍ਰਸ਼ਾਸਨ ਨੇ ਉਸ ਸਮੇਂ ਸਾਰਾ ਜ਼ੋਰ ਦੋਸ਼ੀਆਂ ਨੂੰ ਬਚਾਉਣ ਲਈ ਲਗਾ ਦਿੱਤਾ ਸੀ। ਆਖ਼ਰ ਲੋਕ ਰੋਹ ਜਾਗਿਆ ਤੇ ਐਕਸ਼ਨ ਕਮੇਟੀ ਦੇ ਨਾਲ ਲੋਕਾਈ ਹੋ ਤੁਰੀ ਤਾਂ ਜਾ ਕੇ ਲੰਮੇ ਸਮੇਂ ਬਾਅਦ ਦੋਸ਼ੀਆਂ ਨੂੰ ਸਜ਼ਾਵਾਂ ਹੋਈਆਂ ਸਨ, ਪਰ ਉੱਚੀ ਰਾਜਨੀਤਕ ਪਹੁੰਚ ਕਾਰਨ ਐਕਸ਼ਨ ਕਮੇਟੀ ਦੇ ਆਗੂਆਂ ਨੂੰ ਝੂਠੇ ਮਾਮਲਿਆਂ ਵਿੱਚ ਫਸਾਇਆ ਗਿਆ ਸੀ। ਇਸ ਕੇਸ ਵਿੱਚ ਲੋਕ ਆਗੂ ਮਨਜੀਤ ਧਨੇਰ ਦੀ ਸਜ਼ਾ ਰੱਦ ਕਰਵਾਉਣ ਲਈ ਲੋਕ ਰੋਹ ਸੰਘਰਸ਼ ਦੇ ਰਾਹ ’ਤੇ ਸੀ। ਸਾਲ 2019 ਵਿੱਚ ਕਿਤੇ ਜਾ ਕੇ ਉਸ ਦੀ ਸਜ਼ਾ ਰੱਦ ਹੋਈ ਸੀ।

ਸਾਡੇ ਸੂਬੇ ਤੋਂ ਇਲਾਵਾ ਦੇਸ਼ ਦੇ ਬਾਕੀ ਸੂਬਿਆਂ ਵਿੱਚ ਵੀ ਬੱਚੀਆਂ ਦੀ ਹਾਲਤ ਤਰਸਯੋਗ ਹੈ ਜਿਸ ਦੀ ਮੂੰਹ ਬੋਲਦੀ ਤਸਵੀਰ ਉੱਥੇ ਵਾਪਰੀਆਂ ਮੰਦਭਾਗੀਆਂ ਘਟਨਾਵਾਂ ਹਨ।

ਯੂਨੀਸੈੱਫ ਦੀ ਤਾਜ਼ਾ ਰਿਪੋਰਟ ਅਨੁਸਾਰ ਭਾਰਤ ਵਿੱਚ 43 ਫ਼ੀਸਦੀ ਲੜਕੀਆਂ 19 ਸਾਲ ਦੀ ਉਮਰ ਤੋਂ ਪਹਿਲਾਂ ਹੀ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੋ ਜਾਂਦੀਆਂ ਹਨ। 20 ਸਾਲ ਦੀ ਉਮਰ ਦੀਆਂ 10 ਲੜਕੀਆਂ ’ਚੋਂ ਇੱਕ ਨੂੰ ਜਿਸਮ ਨੁਚਵਾਉਣ ਲਈ ਮਜਬੂਰ ਕੀਤਾ ਜਾਂਦਾ ਹੈ। ਬਚਪਨ ਬਚਾਉ ਅੰਦੋਲਨ ਸੰਸਥਾ ਅਨੁਸਾਰ 50 ਫ਼ੀਸਦੀ ਗੁੰਮ ਬੱਚਿਆਂ ਦੀ ਰਿਪੋਰਟ ਹੀ ਕੌਮੀ ਅਪਰਾਧ ਰਿਕਾਰਡ ਬਿਊਰੋ ਕੋਲ ਪੁੱਜੀ ਹੈ। ਇੱਕ ਗ਼ੈਰ ਸਰਕਾਰੀ ਸੰਸਥਾ ਦੇ ਅਨੁਮਾਨ ਅਨੁਸਾਰ ਦੇਸ਼ ਅੰਦਰ ਵੱਖ ਵੱਖ ਥਾਵਾਂ ’ਤੇ ਹਰ ਰੋਜ਼ 271 ਬੱਚੇ ਲਾਵਾਰਿਸ ਛੱਡੇ ਜਾਂਦੇ ਹਨ ਜਿਸ ਵਿੱਚੋਂ 90 ਫ਼ੀਸਦੀ ਕੁੜੀਆਂ ਹੁੰਦੀਆਂ ਹਨ।

ਅਜੋਕੇ ਸਮੇਂ ਅੰਦਰ ਸਮਾਜ ਅਤੇ ਸਰਕਾਰਾਂ ਨੂੰ ਅਜਿਹੇ ਪ੍ਰਬੰਧ ਕਰਨ ਦੀ ਲੋੜ ਹੈ ਤਾਂ ਜੋ ਕਿਸੇ ਦੀ ਆਬਰੂ ਤਾਰ ਤਾਰ ਨਾ ਹੋਵੇ। ਬਹੁਤੇ ਦੇਸ਼ਾਂ ’ਚ ਸਜ਼ਾ ਦੇ ਤੌਰ ’ਤੇ ਦੋਸ਼ੀਆਂ ਨੂੰ ਮੌਤ ਦੇ ਘਾਟ ਉਤਾਰਿਆ ਜਾਂਦਾ ਹੈ। ਕਈ ਦੇਸ਼ਾਂ ਵਿੱਚ ਕੈਮੀਕਲ ਤੇ ਸਰਜੀਕਲ ਵਿਧੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਸਜ਼ਾ ਦੇ ਨਾਲ ਨੈਤਿਕ ਸਿੱਖਿਆ ਨੂੰ ਵੀ ਸਿੱਖਿਆ ਪ੍ਰਣਾਲੀ ’ਚ ਸ਼ਾਮਿਲ ਕੀਤਾ ਜਾਵੇ ਅਤੇ ਇਸ ਦੀ ਜਗ੍ਹਾ ਲੋਕਾਂ ਦੇ ਦਿਲ ਦਿਮਾਗ਼ ’ਚ ਬਣਾਈ ਜਾਵੇ। ਸਾਨੂੰ ਆਪਣੇ ਪੁਰਖਿਆਂ ਦੀ ਉਹ ਰੀਤ ਕਾਇਮ ਕਰਨੀ ਹੋਵੇਗੀ ਕਿ ਜੇ ਉਹ ਅਹਿਮਦ ਸ਼ਾਹ ਅਬਦਾਲੀ ਅੱਗੇ ਲੋਕਾਂ ਦੀਆਂ ਧੀਆਂ ਭੈਣਾਂ ਦੀ ਇੱਜ਼ਤ ਦੀ ਰਾਖੀ ਲਈ ਅੜ ਸਕਦੇ ਸਨ ਤਾਂ ਸਾਨੂੰ ਵੀ ਉਹ ਕਦਮ ਜ਼ਰੂਰ ਚੁੱਕਣਾ ਚਾਹੀਦਾ ਹੈ।

# ਸੰਸਾਰ ਅਤੇ ਸੱਭਿਆਚਾਰ ਨੂੰ ਸਿਰਜਦੀ ਹੈ ਨਾਰੀ

## ਜਿੱਥੇ ਔਰਤਾਂ ਦਾ ਸਤਿਕਾਰ ਨਹੀਂ ਹੁੰਦਾ ਉੱਥੇ ਹੁੰਦੀ ਹੈ ਤਬਾਹੀ



ਔਰਤਾਂ ਮਨੁੱਖੀ ਸਮਾਜ ਦੀ ਉਹ ਕੜੀ ਹਨ, ਜਿਸ ਦੇ ਬਲਬੂਤੇ ਹੀ ਦੁਨੀਆਂ ਕਾਇਮ ਹੈ। ਸਮਾਜ ਨੂੰ ਕਦਰਾਂ-ਕੀਮਤਾਂ ਪ੍ਰਦਾਨ ਕਰਨਾ ਵੀ ਉਸ ਦਾ ਕੰਮ ਹੈ। ਉਨ੍ਹਾਂ ਦੀ ਅਹਿਮੀਅਤ ਨੂੰ ਸਵੀਕਾਰ ਕਰਨਾ ਹੋਵੇਗਾ ਅਤੇ ਪੂਰੀ ਦ੍ਰਿੜਤਾ ਨਾਲ ਅੱਗੇ ਆਉਣਾ ਹੋਵੇਗਾ।

ਮਨੁੱਖ ਜੋ ਵੀ ਸੋਚਦਾ ਹੈ, ਉਹ ਉਸ ਸੁਭਾਅ ਦਾ ਬਣ ਜਾਂਦਾ ਹੈ। ਸਮਾਜ ਵੀ ਉਸੇ ਤਰ੍ਹਾਂ ਦੇਖਣ ਅਤੇ ਵਿਹਾਰ ਕਰਨ ਲੱਗ ਪੈਂਦਾ ਹੈ। ਔਰਤਾਂ ਨੇ ਹਮੇਸ਼ਾ ਆਪਣੇ ਕਮਜ਼ੋਰ ਸੁਭਾਅ ਨੂੰ ਸਵੀਕਾਰ ਕੀਤਾ ਹੈ। ਇਹੀ ਕਾਰਨ ਹੈ ਕਿ ਇਸ ਦਾ ਸਦੀਆਂ ਤੋਂ ਸ਼ੋਸ਼ਣ ਹੁੰਦਾ ਆ ਰਿਹਾ ਹੈ। ਮਹਿਲਾਵਾਂ ਨੇ ਕਮਜ਼ੋਰ ਨਹੀਂ ਸਗੋਂ ਮਜ਼ਬੂਤ ਬਣਨਾ ਹੈ। ਨਾ ਸਿਰਫ਼ ਸ਼ੋਸ਼ਣ ਤੋਂ ਬਚਿਆ ਜਾ ਸਕੇਗਾ, ਨਵੀਂ ਪੀੜ੍ਹੀ ਨੂੰ ਆਦਰਸ਼ ਬਣਾ ਕੇ ਸੰਸਕ੍ਰਿਤ ਬਣਾਇਆ ਜਾ ਸਕਦਾ ਹੈ। ਜਿੱਥੇ ਔਰਤਾਂ ਦਾ ਸਤਿਕਾਰ ਨਹੀਂ ਹੁੰਦਾ ਉੱਥੇ ਤਬਾਹੀ ਹੁੰਦੀ ਹੈ। ਰਾਮਾਇਣ ਅਤੇ ਮਹਾਭਾਰਤ ਇਸ ਦਾ ਸਭ ਤੋਂ ਵੱਡਾ ਸਬੂਤ ਹਨ।

ਪਰਿਵਾਰ ਨੂੰ ਜੋੜਨ ਦਾ ਕੰਮ ਕਰਦੀ ਹੈ ਨਾਰੀ : ਮੌਜੂਦਾ ਸਮੇਂ ਵਿੱਚ ਸਾਂਝੇ ਪਰਿਵਾਰ ਟੁੱਟ ਕੇ ਪ੍ਰਮਾਣੂ ਪਰਿਵਾਰ ਬਣ ਰਹੇ ਹਨ। ਦਾਦਾ-ਦਾਦੀ, ਮਾਂ-ਬਾਪ, ਭੈਣ-ਭਰਾ, ਚਾਚਾ-ਚਾਚੀ, ਮਾਸੀ ਆਦਿ ਸਾਰੇ ਰਿਸ਼ਤੇ ਸਿਰਫ਼ ਨਾਂ ਦੇ ਹੀ ਰਹਿ ਜਾਂਦੇ ਹਨ। ਪੁੱਤਰ ਦਾ ਵਿਆਹ ਹੁੰਦੇ ਹੀ ਉਹ ਆਪਣੇ ਮਾਤਾ-ਪਿਤਾ ਨੂੰ ਛੱਡ ਕੇ ਵੱਖਰੇ ਘਰ ਵਿੱਚ ਰਹਿਣ ਲੱਗ ਪੈਂਦਾ ਹੈ। ਇਹੀ ਕਾਰਨ ਹੈ ਕਿ ਅਜਿਹੇ ਪਰਮਾਣੂ ਪਰਿਵਾਰਾਂ ਵਿੱਚ ਵੱਡੇ ਹੋਏ ਬੱਚੇ ਕਦਰਾਂ-ਕੀਮਤਾਂ ਨੂੰ ਗ੍ਰਹਿਣ ਕਰਨ ਦੇ ਯੋਗ ਨਹੀਂ ਹੁੰਦੇ। ਅਜਿਹੀ ਸਥਿਤੀ ਵਿੱਚ ਪਰਿਵਾਰ ਅਤੇ ਰਿਸ਼ਤਿਆਂ ਨੂੰ ਜੋੜਨ ਦਾ ਕੰਮ ਸਿਰਫ਼ ਔਰਤਾਂ ਹੀ ਕਰ ਸਕਦੀਆਂ ਹਨ।

**ਮਾਂ ਦੇਵੇ ਬੱਚਿਆਂ ਨੂੰ ਪੂਰਾ ਸਮਾਂ :** ਮਾਂ ਪੁੱਤਰ ਦੀ ਪਹਿਲੀ ਗੁਰੂ ਹੁੰਦੀ ਹੈ। ਇਸ ਲਈ ਉਨ੍ਹਾਂ ਨੂੰ ਆਪਣੇ ਬੱਚਿਆਂ ਨੂੰ ਕਾਫੀ ਸਮਾਂ ਦੇਣਾ ਹੋਵੇਗਾ। ਉਨ੍ਹਾਂ ਨੂੰ ਸੰਸਕ੍ਰਿਤ ਕਰਨਾ ਪਵੇਗਾ। ਮੌਜੂਦਾ ਸਮੇਂ ਵਿੱਚ ਬੱਚਿਆਂ ਨੂੰ ਕਾਬਲ ਬਣਾਉਣ ਲਈ ਹੋਸ਼ ਵਿੱਚ ਆਉਂਦੇ ਹੀ ਉਨ੍ਹਾਂ ਨੂੰ ਸਕੂਲ ਹਵਾਲੇ ਕੀਤਾ ਜਾ ਰਿਹਾ ਹੈ। ਮਾਪੇ ਆਪਣੇ ਬੱਚੇ ਨੂੰ ਕਾਬਲ ਬਣਾਉਣ ਦੀ ਸੋਚ ਰਹੇ ਹਨ, ਪਰ ਸੰਸਕਾਰ ਦੇਣਾ ਭੁੱਲ ਰਹੇ ਹਨ। ਸਾਨੂੰ ਇਸ ਦਿਸ਼ਾ ਵਿੱਚ ਗੰਭੀਰਤਾ ਨਾਲ ਅੱਗੇ ਵਧਣਾ ਹੋਵੇਗਾ। ਇਨਸਾਨ ਜਿੰਨਾ ਮਰਜ਼ੀ ਕਾਬਲ ਕਿਉਂ ਨਾ ਹੋਵੇ, ਪਰ ਕਦਰਾਂ-ਕੀਮਤਾਂ ਤੋਂ ਬਿਨਾਂ ਉਸ ਦੀ ਕਾਬਲੀਅਤ ਦਾ ਕੋਈ ਮੁੱਲ ਨਹੀਂ।

# ਮਹਿਲਾਵਾਂ ਤੰਦਰੁਸਤ ਰਹਿਣ ਲਈ ਘਰੇਲੂ ਕੰਮਾਂ ’ਚ ਰਹਿਣ ਸਰਗਰਮ

**ਅਸ਼ਵਨੀ ਚਤਰਥ**

ਅਜੋਕੇ ਸਮੇਂ ਵਿੱਚ ਮੋਟਾਪਾ ਬਹੁਤ ਸਾਰੇ ਲੋਕਾਂ ਲਈ ਵੱਡੀ ਸਮੱਸਿਆ ਬਣਿਆ ਹੈ। ਇਹ ਮਨੁੱਖ ਦੇ ਸਰੀਰ ਵਿੱਚ ਸ਼ੂਗਰ, ਦਿਲ ਦੇ ਰੋਗ, ਗੁਰਦਿਆਂ ਦੇ ਰੋਗ, ਕਲੈਸਟਰਾਲ ਦਾ ਵੱਧਣਾ, ਵੱਧ ਬਲੱਡ ਪ੍ਰੈਸ਼ਰ, ਜੋੜਾਂ ਦੀਆਂ ਦਰਦਾਂ ਆਦਿ ਪੈਦਾ ਕਰਨ ਦੇ ਨਾਲ-ਨਾਲ ਮਾਨਸਿਕ ਤਣਾਅ ਤੇ ਓਨੀਂਦਰੇ ਵਰਗੀਆਂ ਦਿਮਾਗੀ ਪ੍ਰੇਸ਼ਾਨੀਆਂ ਨੂੰ ਵੀ ਜਨਮ ਦਿੰਦਾ ਹੈ। ਸਾਡੀ ਜੀਵਨ ਸ਼ੈਲੀ ਹੀ ਅਜਿਹੀ ਬਣ ਚੁੱਕੀ ਹੈ ਜਿਸ ’ਚ ਸਰੀਰਕ ਗਤੀਵਿਧੀਆਂ ਘੱਟ ਹੀ ਹੁੰਦੀਆਂ ਹਨ। ਮੋਬਾਈਲ ਫੋਨ ਤੇ ਲੈਪਟਾਪ ਨੇ ਲੋਕਾਂ ਨੂੰ ਕੰਮਾਂ ਕਾਰਾਂ ਤੋਂ ਨਕਾਰਾ ਕਰ ਛੱਡਿਆ ਹੈ। ਲੋਕ ਲੰਮਾ-ਲੰਮਾ ਸਮਾਂ ਚੈਟਿੰਗ ਕਰਦੇ ਰਹਿੰਦੇ ਹਨ, ਜਿਸ ਦੇ ਸਿੱਟੇ ਵਜੋਂ ਮੋਟਾਪਾ ਵੱਧ ਗਿਆ ਹੈ। ਮੋਟਾਪੇ ਦਾ ਇਲਾਜ ਕਰਵਾਉਣ ਲਈ ਲੋਕ ਡਾਕਟਰਾਂ ਦੇ ਚੱਕਰ ਵੀ ਲਾਉਂਦੇ ਰਹਿੰਦੇ ਹਨ ਤੇ ਕਈ ਵਾਰ ਜਿਮ ਜਾਂਦੇ, ਯੋਗਾ ਕਰਦੇ ਪਰ ਲੋਕ ਅਕਸਰ ਇਹ ਭੁੱਲ ਜਾਂਦੇ ਹਨ ਕਿ ਘਰੇਲੂ ਕੰਮਕਾਜ ਵੀ ਮੋਟਾਪੇ ਨੂੰ ਦੂਰ ਕਰ ਕੇ ਸਰੀਰ ਨੂੰ ਫਿੱਟ ਰੱਖਣ ਵਿੱਚ ਅਹਿਮ ਭੂਮਿਕਾ ਨਿਭਾ ਸਕਦੇ ਹਨ।

ਘਰੇਲੂ ਕੰਮ-ਕਾਜ ਜਿਵੇਂ ਝਾੜੂ ਲਗਾਉਣਾ, ਪੋਚਾ ਫੇਰਨਾ, ਘਰ ਦੀ ਝਾੜ-ਪੂੰਝ ਕਰਨਾ, ਕਣਕ ਛੱਟਣਾ, ਆਟਾ ਗੁੰਨ੍ਹਣਾ ਤੇ ਕੱਪੜੇ ਧੋਣਾ ਆਦਿ ਅਨੇਕਾਂ ਕੰਮ ਹਨ ਜੋ ਸਰੀਰ ਦੀ ਚਰਬੀ ਨੂੰ ਘੱਟ ਕਰ ਸਕਦੇ ਹਨ। ਯੋਗਾ ਦੇ ਆਸਣ ਕਰਨ ਨਾਲ ਮੋਟਾਪਾ ਘੱਟ ਕੀਤਾ ਜਾ ਸਕਦਾ ਹੈ। ਸਵੇਰੇ-ਸ਼ਾਮ ਸੈਰ ਕਰਨ ਨਾਲ ਵਾਧੂ ਕੈਲੋਰੀਆਂ ਖ਼ਰਚ ਹੋ ਜਾਂਦੀਆਂ ਹਨ ਜਿਸ ਨਾਲ ਮੋਟਾਪੇ ਨੂੰ ਦੂਰ ਕਰਨ ਵਿੱਚ ਸਹਾਇਤਾ ਮਿਲਦੀ ਹੈ। ਰੱਸੀ ਟੱਪਣ ਨਾਲ ਸਰੀਰ ਦਾ ਭਾਰ ਕਾਬੂ ਵਿੱਚ ਰਹਿੰਦਾ ਹੈ।

ਘਰ ਵਿੱਚ ਪਸ਼ੂ ਹਨ ਤਾਂ ਉਨ੍ਹਾਂ ਨੂੰ ਨਹਾਉਣ ਤੇ ਪੱਠੇ ਆਦਿ ਪਾਉਣ ਨਾਲ ਸਰੀਰਕ ਕਸਰਤ ਹੁੰਦੀ ਹੈ। ਸਾਈਕਲ ਚਲਾਉਣ ਨਾਲ ਸਰੀਰ ਦਾ ਭਾਰ ਘੱਟਦਾ ਹੈ। ਹਲਕੀਆਂ ਰਵਾਇਤੀ ਖੇਡਾਂ ਸਰੀਰ ਨੂੰ ਚੁਸਤ ਰੱਖਦੀਆਂ, ਭਾਰ ਨੂੰ ਕਾਬੂ ਰੱਖਦੀਆਂ ਮਨ ਤਰੋਤਾਜ਼ਾ ਰੱਖਦੀਆਂ ਹਨ। ਧਾਰਮਿਕ ਜਾਂ ਸਮਾਜਿਕ ਸੇਵਾ ਦੇ ਕੰਮ ’ਚ ਹਿੱਸਾ ਲੈਣ ਨਾਲ ਮਨ ਤੇ ਸਰੀਰ ਨੂੰ ਉਸਾਰੂ ਊਰਜਾ ਮਿਲਦੀ ਹੈ। ਜੋਗਿੰਗ ਭਾਰ ਘੱਟ ਕਰਨ ਦਾ ਬੇਹਤਰੀਨ ਢੰਗ ਹੋ ਸਕਦਾ ਹੈ।

ਘਰ ਤੋਂ ਬਾਹਰ ਕੰਮ ਲਈ ਜਾਣ ਵਾਸਤੇ ਪੈਦਲ ਚੱਲਣ ਨੂੰ ਤਰਜੀਹ ਦਿਓ। ਭਰਪੂਰ ਨੀਂਦ ਦਾ ਅਨੰਦ ਲਓ., ਜ਼ਿੰਦਗੀ ਤਣਾਅ-ਮੁਕਤ ਰੱਖੋ। ਜੇ ਘਰ ’ਚ ਕੋਈ ਕਿਆਰੀ ਹੈ ਜਾਂ ਬਗ਼ੀਚੀ ਹੈ ਤਾਂ ਉਸ ਵਿੱਚ ਘੰਟਾ-ਦੋ ਘੰਟੇ ਮਿਹਨਤ ਕਰਨ ਨਾਲ ਸਰੀਰ ਦੀਆਂ ਵਾਧੂ ਕੈਲੋਰੀਆਂ ਖ਼ਰਚ ਹੋ ਜਾਂਦੀਆਂ ਹਨ। ਸਰੀਰ ਦੀ ਫ਼ਿੱਟਨੈੱਸ ਵੀ ਬਣੀ ਰਹਿੰਦੀ ਹੈ ਤੇ ਮੋਟਾਪੇ ਤੋਂ ਹੋਣ ਵਾਲੀਆਂ ਬਿਮਾਰੀਆਂ ਤੋਂ ਵੀ ਛੁਟਕਾਰਾ ਮਿਲਦਾ ਹੈ। ਸਕਰੀਨ ਟਾਈਮ ਭਾਵ ਟੀਵੀ. ਤੇ ਮੋਬਾਈਲ ਤੇ ਬੈਠਣ ਦੇ ਸਮੇਂ ਨੂੰ ਘੱਟ ਕਰ ਕੇ ਸਰੀਰਕ ਕਾਰਜਸ਼ੀਲਤਾ ਵਿੱਚ ਵਿਅਸਤ ਰਹਿਣਾ ਚਾਹੀਦਾ ਹੈ।




## ਰਾਜ ਹੀਉਂ (ਬੰਗਾ)

ਰਿਸ਼ਤੇਦਾਰੀ 'ਚ ਸਾਡੀ ਲਾਡੋ ਰਾਣੀ ਦਾ ਵਿਆਹ ਸੀ। ਅਸੀਂ ਉਸ ਦੇ ਲਾਡ-ਪਿਆਰ ਦੇ ਕੀਲੇ ਹੋਏ ਪੈਲੇਸ 'ਚ ਬਾਰਾਤ ਦੀ ਸੇਵਾ ਵਿੱਚ ਰੁੱਝੇ ਹੋਏ ਸੀ। ਇਸ ਭੱਜ-ਦੌੜ ਦੌਰਾਨ ਮੈਂ ਫੋਟੋਆਂ ਖਿੱਚਣੀਆਂ ਤੇ ਸਟੇਟਸ ਪਾਉਣ ਵਾਲਾ ਚਸਕਾ ਵੀ ਨਾਲੋ-ਨਾਲ ਪੂਰਾ ਕਰਦਾ ਜਾ ਰਿਹਾ ਸੀ। ਮੈਂ ਸਟੇਟਸ 'ਤੇ ਫੋਟੋ ਪਾਉਣ ਲਈ ਕੋਈ ਸ਼ਿਅਰ ਘੜਨ ਲੱਗਿਆ ਤਾਂ ਉਸ ਬਜ਼ੁਰਗ ਦੀ ਯਾਦ ਆ ਗਈ। ਉਸ ਦਿਨ ਇਸੇ ਤਰ੍ਹਾਂ ਹੀ ਬਰਾਤ ਆਈ ਹੋਈ ਸੀ। ਅਸੀਂ ਧੀ-ਧਿਆਣੀ ਵਾਲੇ ਪਾਸਿਓਂ ਹੋਣ ਕਰਕੇ ਬਰਾਤੀਆਂ ਅੱਗੇ ਨਿਮਰਤਾ ਸਹਿਤ ਹੱਥ ਜੋੜੀ ਖੜ੍ਹੇ ਸੀ, 'ਆਓ ਜੀ, ਜੀ ਆਇਆਂ ਨੂੰ। ਤਿਲ-ਫੁਲ ਸੇਵਾ ਸਵੀਕਾਰ ਕਰੋ। ਇੱਥੇ ਬੈਠੋ, ਆਹ ਖਾਓ ਵਗੈਰਾ ਵਗੈਰਾ।' ਬਰਾਤ ਦੀ ਫੁੱਲ ਸੇਵਾ ਲਈ ਸ਼ਕਤੀ ਵਾਟਰ ਦਾ ਪ੍ਰਬੰਧ ਪਰਦੇ 'ਚ ਕੀਤਾ ਹੋਇਆ ਸੀ। ਅਸੀਂ ਦੋਵੇਂ ਹੱਥ ਜੋੜ ਬਰਾਤੀ ਮਹਿਮਾਨਾਂ ਨੂੰ ਬੇਨਤੀ ਕੀਤੀ ਕਿ ਜੋ ਵੀ ਕੋਈ ਮੂਡ ਬਣਾਉਣ ਦੇ ਸ਼ੌਕੀਨ ਨੇ, ਉੱਠ ਕੇ ਸਾਡੇ ਨਾਲ ਆ ਜਾਓ ਪਰ ਉੱਠੇ ਕੋਈ ਨਾ। ਹਾਂ ਇੱਕ-ਦੂਜੇ ਦੀਆਂ ਕੂਹਣੀਆਂ ਵੱਖੀਆਂ 'ਚ ਜ਼ਰੂਰ ਵੱਜਣ ਲੱਗੀਆਂ। ਅਸੀਂ ਫਿਰ ਕਿਹਾ ਭਾਈ ਸੰਗੋ ਨਾ, ਆ ਜਾਓ ਭੰਗੜਾ ਪਾਉਣ ਜੋਗੇ ਤਾਂ ਹੋ ਜਾਓ। ਜਵਾਨੀ ਮੁਸਕਰਾਈ ਪਰ ਉੱਠਿਆ ਫਿਰ ਵੀ ਕੋਈ ਨਾ।

ਇੱਕ ਬਜ਼ੁਰਗ ਜੋ ਆਪਣੇ ਕੋਟ 'ਚ ਬੁਰੀ ਤਰ੍ਹਾਂ ਫਸਿਆ ਹੋਇਆ ਸੀ, ਨੇ ਹਿੰਮਤ ਵਿਖਾਈ। ਚਲੋ ਭਾਈ ਆਪਾਂ ਤੋਂ ਭੰਗੜਾ ਪਵੇ ਚਾਹੇ ਨਾ ਪਵੇ ਪਰ ਆਪਾਂ ਅੱਜ ਪੀਣੀ ਜ਼ਰੂਰ ਆ। ਬਜ਼ੁਰਗ ਵੱਲ ਵੇਖ ਕੇ ਸਭ ਹੈਰਾਨ ਹੋ ਗਏ ਤੇ ਕਾਨਾਫੂਸੀ ਕਰਨ ਲੱਗੇ। ਪਤਾ ਲੱਗਿਆ ਕਿ ਇਹ ਬਜ਼ੁਰਗ ਘਰੋਂ ਕਹਿ ਕੇ ਤੁਰਿਆ ਸੀ ਕਿ ਵਿਆਹ 'ਚ ਜੇ ਮੈਂ ਕਿਸੇ ਦੀ ਪੀਤੀ ਹੋਈ ਵੇਖ ਲਈ ਤਾਂ ਕਾਲਰ ਤੋਂ ਫੜ ਕੇ ਬਾਹਰ ਕੱਢ ਦੇਣਾ ਉਸ ਨੂੰ ਪਰ ਹੁਣ ਆਪ ਹੀ ਪਹਿਲ ਕਰ ਦਿੱਤੀ। ਆ ਜਾਓ ਬਈ ਮੁੰਡਿਓ, ਕਹਿੰਦਾ ਹੋਇਆ ਬਜ਼ੁਰਗ ਉੱਠ ਖੜ੍ਹਾ ਹੋਇਆ। ਅਸੀਂ ਸਾਰਿਆਂ ਨੂੰ ਪਰਦੇ ਅੰਦਰ ਲੈ ਗਏ। ਉਦੋਂ ਮੌਸਮ ਵੀ ਅਜਿਹਾ ਸੀ ਕਿ ਕੋਟ ਪਾਇਆ ਨਹੀਂ ਸੀ ਜਾ ਸਕਣਾ। ਜਿਨ੍ਹਾਂ ਦੋ-ਚਹੁੰ ਨੇ ਟੌਹਰ ਲਈ ਕੋਟ ਪਾਏ ਹੋਏ ਸਨ, ਉਨ੍ਹਾਂ ਵੀ ਪਿੰਡੇ 'ਤੇ ਕੀੜੀਆਂ ਜਿਹੀਆਂ ਲੜਨ ਕਾਰਨ ਦੁਪਹਿਰ ਤੱਕ ਕੋਟ ਉਤਾਰ ਦਿੱਤੇ। ਪੈੱਗ ਦਰ ਪੈੱਗ ਤੇ ਲੈੱਗ ਦਰ ਲੈੱਗ ਚੱਲ ਪਏ। ਕਈਆਂ ਦੀ ਆਵਾਜ਼ ਘੱਗੀ ਹੋਣ ਲੱਗੀ ਤੇ ਕਈ ਲੋੜ ਤੋਂ ਜ਼ਿਆਦਾ ਉੱਚੀ ਬੋਲਣ ਲੱਗ ਪਏ। ਕਈ ਆਪਣੀਆਂ ਅਲੂਣੀਆਂ ਮੁੱਛਾਂ ਨੂੰ ਤਾਅ ਦੇਣ ਲੱਗੇ ਤੇ ਕਈਆਂ ਆਪਣੀ ਬਦਮਾਸ਼ੀ ਦੇ ਕਿੱਸੇ ਸੁਣਾਉਣੇ ਸ਼ੁਰੂ ਕਰ ਦਿੱਤੇ। ਕਈਆਂ ਨੇ ਸਾਡੀ ਆਓ ਭਗਤ 'ਤੇ ਹੱਥ ਜੋੜ ਲਏ ਤੇ ਕਈਆਂ ਨੇ ਖਾਮੀਆਂ ਗਿਣਾਉਣੀਆਂ ਸ਼ੁਰੂ ਕਰ ਦਿੱਤੀਆਂ।

ਸਾਡੇ ਬਜ਼ੁਰਗਾਂ ਨੇ ਪਹਿਲਾਂ ਤੋਂ ਹੀ ਇਹ ਗੱਲ ਸਾਡੇ ਖਾਨੇ ਪਾ ਰੱਖੀ ਸੀ ਕਿ ਕਿਸੇ ਦੀ ਵੀ ਧੀ-ਧਿਆਣੀ ਦੇ ਵਿਆਹ ਹੋਵੇ, ਉੱਥੇ ਮਹਿਮਾਨ ਸਿਰਫ਼ ਬਰਾਤੀਏ ਹੁੰਦੇ ਨੇ, ਬਾਕੀ ਸਭ ਨੇ ਤਾਂ ਲੜਕੀ ਦੇ ਮਾਂ-ਬਾਪ ਤੇ ਭਰਾਵਾਂ ਨਾਲ ਖੜ੍ਹੇ ਹੋ ਕੇ ਉਨ੍ਹਾਂ ਮਹਿਮਾਨਾਂ ਦੀ ਸੇਵਾ ਹੀ ਕਰਨੀ ਹੁੰਦੀ ਹੈ ਅਤੇ ਉਨ੍ਹਾਂ ਮੂੰਹੋਂ ਨਿਕਲਿਆ ਹਰ ਬੋਲ ਖਿੜੇ ਮੱਥੇ ਆਪਣੇ ਪੱਲੇ ਪੁਆ ਲੈਣਾ ਹੁੰਦਾ ਹੈ। ਜੋ ਅਸੀਂ ਬਚਨਾਂ ਦੇ ਬੱਧੇ ਕਰ ਰਹੇ ਸੀ। ਮਹਿਫ਼ਲ 'ਚ ਮੁੰਡੇ ਵਾਲੇ ਪਾਸਿਓਂ ਆਇਆ ਇਹ ਬਜ਼ੁਰਗ ਵੀ ਸਾਡਾ ਹੀ ਸਾਥ ਦੇ ਰਿਹਾ ਸੀ। ਉਹ ਬਜ਼ੁਰਗ ਜਿਸ ਕਿਸੇ ਵੱਲ ਨੂੰ ਵੀ ਘੂਰ ਕੇ ਵੇਖਦਾ ਤਾਂ ਉਸ ਦੇ ਹੀ ਸਾਹ ਸੂਤੇ ਜਾਂਦੇ ?। ਉਸ ਦੇ ਇੱਕ ਇਸ਼ਾਰੇ 'ਤੇ ਟੱਲੀ ਹੋ ਕੇ ਅਵਾ-ਤਵਾ ਬੋਲਣ ਵਾਲੇ ਭਰਿਆ ਪੈੱਗ ਟੇਬਲ 'ਤੇ ਛੱਡ ਮਹਿਫ਼ਲ 'ਚੋਂ ਬਾਹਰ ਹੋ ਗਏ। ਹਲਕੇ ਹਲਕੇ ਦੋ-ਤਿੰਨ ਪੈੱਗ ਲਾਉਣ ਉਪਰੰਤ ਇਹ ਬਜ਼ੁਰਗ ਪਸੀਨੋ-ਪਸੀਨੀ ਹੋ ਗਿਆ। ਉਂਝ ਵੀ ਉਹ ਆਪਣੇ ਕੋਟ 'ਚ ਫਸਿਆ ਹੋਣ ਕਰਕੇ ਟੇਬਲ ਤੋਂ ਖਾਣ-ਪੀਣ ਲਈ ਕੁਝ ਵੀ ਚੁੱਕਣ ਦੀ ਕੋਸ਼ਿਸ਼ ਕਰਦਾ ਤਾਂ ਕੋਟ ਤੰਗ ਹੋਣ ਕਾਰਨ ਉਸ ਦੀਆਂ ਬਾਹਾਂ ਨਾ ਖੁੱਲ੍ਹਦੀਆਂ। ਉਨ੍ਹਾਂ ਦੇ ਨਾਲ ਦੇ ਬਜ਼ੁਰਗ ਦੀ ਇਸ ਮੁਸ਼ਕਲ ਤੋਂ ਬੇਧਿਆਨੇ ਆਪਣੇ ਆਪ 'ਚ ਮਸਤ ਸਨ। ਮੈਂ ਹਿੰਮਤ ਕੀਤੀ, 'ਬਜ਼ੁਰਗੋ ਖੁੱਲ੍ਹੇ-ਡੁੱਲ੍ਹੇ ਹੋ ਕੇ ਬੈਠੋ, ਲਿਆਓ ਆਹ ਕੋਟ ਉਤਾਰ ਦਿਆਂ, ਇਹ ਤਾਂ ਬਹੁਤ ਤੰਗ ਆ ਤੁਹਾਡੇ, ਐਵੇਂ ਦਮ ਘੁੱਟਦਾ ਹੋਣਾ ਤੁਹਾਡਾ ਇਸ ਵਿੱਚ', ਕਹਿ ਕੇ ਉਸ ਬਜ਼ੁਰਗ ਦਾ ਕੋਟ ਉਤਾਰਨ ਲੱਗਿਆ। ਉਹ ਬਜ਼ੁਰਗ ਮੈਨੂੰ ਪੈ ਨਿਕਲਿਆ,'ਤੂੰ ਹੁੰਦਾ ਕੌਣ ਐ ਮੇਰੇ ਕੋਟ ਨੂੰ ਹੱਥ ਪਾਉਣ ਵਾਲਾ, ਖੁੱਲ੍ਹੇ-ਡੁੱਲ੍ਹੇ ਬਿਠਾ ਕੇ ਤੂੰ ਕੁਸ਼ਤੀ ਕਰਾਉਣੀ ਆ ਮੇਰੇ ਤੋਂ'

ਕਹਿੰਦਿਆਂ ਉਸ ਬਜ਼ੁਰਗ ਨੇ ਮੈਨੂੰ ਧੱਕਾ ਮਾਰ ਦਿੱਤਾ। ਮੈਂ ਡਿੱਗਣੋਂ ਬਚਿਆ ?। ਮੇਰੇ ਭਰਾਵਾਂ ਨੇ ਮੈਨੂੰ ਸੰਭਾਲਦਿਆਂ ਚੁੱਪ ਰਹਿਣ ਦਾ ਇਸ਼ਾਰਾ ਕੀਤਾ। ਅਸੀਂ ਫਿਰ ਹੱਥ ਜੋੜ ਲਏ। ਸਾਡੇ ਹੱਥ ਜੁੜਿਓ ਵੇਖ ਬਾਕੀਆਂ ਨੂੰ ਮੌਕਾ ਮਿਲ ਗਿਆ। ਓ ਯਾਰ! ਇਹ ਲਾੜਾ ਸਾਹਿਬ ਦੇ ਦਾਦਾ ਜੀ ਨੇ, ਤੁਸੀਂ ਇਨ੍ਹਾਂ ਦੇ ਹੀ ਕੱਪੜੇ ਲਹਾਉਣ ਲੱਗ ਪਏ। ਸਾਨੂੰ ਵੀ ਪਤਾ ਐ ਕਿ ਕੋਟ ਤੰਗ ਐ ਇਨ੍ਹਾਂ ਦੇ ਪਰ ਤੁਸੀਂ ਹੁੰਦੇ ਕੌਣ ਹੋ, ਸੇਵਾ ਨਹੀਂ ਕਰ ਹੁੰਦੀ ਤਾਂ ਓਦਾਂ ਹੀ ਹੱਥ ਖੜ੍ਹੇ ਕਰ ਦਿਓ,ਅਸੀਂ ਚਲੇ ਜਾਂਦੇ ਹਾਂ।

ਉਨ੍ਹਾਂ ਦੇ ਇੱਕ ਤੋਂ ਬਾਅਦ ਇੱਕ ਡਾਇਲਾਗ ਸੁਣ ਸਾਨੂੰ ਇੱਕ ਚੜ੍ਹੇ, ਇੱਕ ਉੱਤਰੇ ਪਰ ਸਾਨੂੰ ਤਾਂ ਉਨ੍ਹਾਂ ਦੀ ਸੇਵਾ ਕਰਨ ਲਈ ਚੁਣਿਆ ਗਿਆ ਸੀ। ਸਾਡੀ ਤਰਸਯੋਗ ਹਾਲਤ 'ਤੇ ਉਸ ਬਜ਼ੁਰਗ ਨੂੰ ਹੀ ਤਰਸ ਆ ਗਿਆ। ਉਸ ਨੇ ਦਬਕਾ ਮਾਰਦਿਆਂ ਸਾਰਿਆਂ ਨੂੰ ਚੁੱਪ ਕਰਾਇਆ ? ਤੇ ਅੱਖਾਂ ਭਰਦਿਆਂ ਆਖਣ ਲੱਗਾ, 'ਓਏ ਇਨ੍ਹਾਂ ਵਿਚਾਰਿਆਂ ਨੂੰ ਕੀ ਪਤਾ ਕਿ ਇਹ ਕੋਟ ਕਿੰਨਾ ਕੀਮਤੀ ਆ ਮੇਰੇ ਲਈ। ਕਿੰਨੇ ਸਾਲਾਂ ਤੋਂ ਸਾਂਭੀ ਬੈਠਾ ਹਾਂ ਮੈਂ। ਹੁਣ ਉਸ ਤੋਂ ਬੋਲਿਆਂ ਹੀ ਨਾ ਗਿਆ ?। ਉਸ ਨੇ ਆਪਣੀਆਂ ਬਾਹਾਂ ਆਪਣੇ ਦੁਆਲੇ ਵਲਦਿਆਂ ਆਪਣੇ ਕੋਟ ਨੂੰ ਘੁੱਟ ਕੇ ਜੱਫੀ ਪਾ ਲਈ। ? ਮੇਰੇ ਨਾਲ ਹੀ ਖੜ੍ਹੇ ਭਰਾ ਜੋਗੇ ਮਾਸਟਰ ਨੇ ਨਾਲ ਵਾਲੀ ਕੁਰਸੀ 'ਤੇ ਬੈਠਦਿਆਂ ਬਜ਼ੁਰਗ ਦਾ ਕਲਾਵਾ ਭਰ ਲਿਆ।

ਬਜ਼ੁਰਗੋ! ਸੱਚੀਂ ਸਾਨੂੰ ਨਹੀਂ ਸੀ ਪਤਾ, ਅਸੀਂ ਤਾਂ ਤੁਹਾਡੇ ਸੇਵਾਦਾਰ ਹਾਂ, ਸਾਡੀ ਭੁੱਲ-ਚੁੱਕ ਮੁਆਫ਼ ਕਰੋ ? ਪਰ ਅਸੀਂ ਹੁਣ ਇਸ ਕੋਟ ਬਾਰੇ ਜਾਣੇ ਬਗ਼ੈਰ ਤੁਹਾਨੂੰ ਉੱਠਣ ਨੀਂ ਦੇਣਾ। ਜੇ ਸਾਨੂੰ ਆਪਣੇ ਬੱਚੇ ਸਮਝਦੇ ਹੋ ਤਾਂ ਸਾਡੇ ਨਾਲ ਦਿਲੋਂ ਸਾਂਝ ਪਾਓ। ਅੱਛਾ ਇਹ ਗੱਲ ਐ, ਚੱਲ ਫਿਰ ਪੈੱਗ ਬਣਾ ਇੱਕ। 'ਨਾ ਬਾਪੂ ਜੀ ਹੁਣ ਹੋਰ ਪੈੱਗ ਨੀਂ, ਬਹੁਤ ਸਾਲਾਂ ਬਾਅਦ ਪੀਤੀ ਆ, ਤੁਸੀਂ ਐਵੇਂ ਖ਼ਰਾਬ ਹੋਵੋਗੇ', ਇੱਕ ਬਰਾਤੀ ਬੋਲਿਆ। ਬਜ਼ੁਰਗ ਨੇ ਹਲਕਾ ਜਿਹਾ ਪੈੱਗ ਲਾਇਆ ਤੇ ਗੱਲ ਸ਼ੁਰੂ ਕੀਤੀ। ਕਾਕਾ ਮੈਂ ਤਾਂ ਪੀਂਦਾ ਹੀ ਨਹੀਂ ਸੀ ਹੁੰਦਾ ਸਗੋਂ ਅੱਜ ਵੀ ਮੈਂ ਸਾਰੇ ਬਰਾਤੀਆਂ ਦੀ ਖਿਚਾਈ ਕਰ ਕੇ ਲਿਆਇਆ ਸੀ ਕਿ ਕਿਸੇ ਨੇ ਵੀ ਆਪਣੀ ਜਾਂ ਉਨ੍ਹਾਂ ਦੀ ਲਿਆਂਦੀ ਹੋਈ ਪੀਣੀ ਨਹੀਂ ਪਰ ਅੱਜ ਜਦੋਂ ਤੁਸੀਂ ਸਭ ਹੱਥ ਜੋੜ ਕੇ ਬੇਨਤੀਆਂ ਕਰਨ ਲੱਗੇ ਤਾਂ ਸਾਰੇ ਗ਼ਮ ਤੇ ਖ਼ੁਸ਼ੀਆਂ ਇਕੱਠੇ ਹੋ ਗਏ ਤਾਂ ਮੇਰਾ ਵੀ ਮਨ ਪੀਣ ਨੂੰ ਕਰ ਆਇਆ। ਮੇਰਾ ਪੁੱਤ ਵੀ ਤੁਹਾਡੇ ਵਾਂਗ ਹੀ ਦੋਵੇਂ ਹੱਥ ਜੋੜ ਖੜ੍ਹ ਜਾਂਦਾ ਸੀ ਸਭ ਮਹਿਮਾਨਾਂ ਅੱਗੇ। ਅੱਜ ਉਹ ਜਿਉਂਦਾ ਹੁੰਦਾ ਤਾਂ ਤੁਹਾਨੂੰ ਸੇਵਾ ਕਰਦਿਆਂ ਵੇਖ ਉਸ ਨੇ ਤੁਹਾਡੇ ਨਾਲ ਆ ਖੜ੍ਹਨਾ ਸੀ। ਮੈਂ ਪਿਓ ਹਾਂ ਉਸ ਦਾ, ਮੈਂ ਉਸ ਦੀ ਰਗ-ਰਗ ਤੋਂ ਜਾਣੂ ਹਾਂ। ਅੱਜ ਵੀ ਉਸ ਨੇ ਮਿਲਣੀ ਤੋਂ ਬਾਅਦ ਭੁੱਲ ਜਾਣਾ ਸੀ ਕਿ ਉਹ ਲਾੜੇ ਦਾ ਪਿਓ ਹੈ। ਉਸ ਨੇ ਝੱਟ ਆਪਣੇ ਹੋਣ ਵਾਲੇ ਕੁੜਮ ਨਾਲ ਆ ਖੜ੍ਹਨਾ ਸੀ, 'ਅਖੇ ਤੁਸੀਂ ਇਕੱਲੇ ਕਿਉਂ ਭਾਰ ਚੁੱਕੀ ਫਿਰਦੇ ਹੋ, ਆ ਗਿਆ ਹਾਂ ਮੈਂ। ਮੈਨੂੰ ਦੱਸੋ, ਆਪਾਂ ਰਲ-ਮਿਲ ਸਭ ਕਾਰਜ ਸਿਰੇ ਚਾੜ੍ਹਦੇ ਹਾਂ।' ਉਹ ਸੁਭਾਅ ਪੱਖੋਂ ਸੇਵਾ ਕਰਵਾਉਣ ਵਾਲਿਆਂ ਵਿੱਚੋਂ ਨਹੀਂ ਸਗੋਂ ਮੂਹਰੇ ਹੋ ਕੇ ਆਪ ਸੇਵਾ ਕਰਨ ਵਾਲਿਆਂ ਵਿੱਚੋਂ ਸੀ। ਖਾਣਾ ਖਾਣ ਵੇਲੇ ਉਸ ਨੇ ਆਪਣੇ ਹੀ ਰਿਸ਼ਤੇਦਾਰਾਂ ਨੂੰ ਸਮਝਾਉਂਦੇ ਫਿਰਨਾ ਸੀ, ਓ ਭਾਈ ਓਨਾ ਹੀ ਪਾਇਓ, ਜਿੰਨੀ ਲੋੜ ਹੈ ਤੁਹਾਨੂੰ। ਕੁੜੀ ਦੇ ਪਿਓ ਤੇ ਭਰਾਵਾਂ ਨੂੰ ਅਜ਼ਮਾ ਕੇ ਨਾ ਵੇਖੋ.। ਸਾਨੂੰ ਪਤਾ ਤਾਂ ਉਦੋਂ ਲੱਗਦਾ ਹੁੰਦੈ, ਜਦੋਂ ਸਾਡੇ ਆਪਣੇ ਬੂਹੇ 'ਤੇ ਬਰਾਤ ਢੁੱਕੀਓ ਹੁੰਦੀ ਐ, ਫਿਰ ਦੂਜੇ ਦੀ ਪਲੇਟ ਦੇ ਪਕੌੜੇ ਵੀ ਗਿਣ ਰਹੇ ਹੁੰਦੇ ਆਂ ਆਪਾਂ। ਲੋਕ ਮੁੰਡੇ ਦੇ ਪਿਓ ਨੂੰ ਚੌਧਰੀ ਦੱਸਦੇ ਆ ਤੇ ਉਹ ਕੁੜੀ ਪਿਓ ਨੂੰ ਚੌਧਰੀ ਸਾਹਿਬ ਆਖਦਾ ਹੁੰਦਾ ਸੀ। ਸਮਝਾਂ ਪਤਾ ਨੀਂ ਕਿੱਥੋਂ ਲਿਆਉਂਦਾ ਸੀ ਉਹ। ਅਖੇ ਕਿਸੇ ਵੀ ਧੀ-ਧਿਆਣੀ ਦੇ ਵਿਆਹ 'ਚ ਸੇਵਾ ਕਰਨ ਨਾਲ ਸਭ ਪਾਪ ਧੋਤੇ ਜਾਂਦੇ ਹਨ।

ਲੋਕ ਦਾਰੂ 'ਚ ਪਾਣੀ ਪਾ ਕੇ ਪੀਂਦੇ ਹਨ ਤੇ ਇਹ ਬਜੁਰਗ ਪਾਣੀ 'ਚ ਦਾਰੂ ਪਾ ਕੇ ਪੀ ਰਿਹਾ ਸੀ। ਬੱਸ ਜਿਵੇਂ ਪਾਣੀ ਦਾ ਰੰਗ ਹੀ ਬਦਲਣਾ ਹੋਵੇ।

ਆਪਣੇ ਵਿਆਹ 'ਤੇ ਆਪਣੇ ਲਈ ਕੋਟ ਨਹੀਂ ਸੀ ਸਵਾਇਆ ਉਨ੍ਹੇ, ਅਖੇ ਮੇਰੇ ਤੋਂ ਨਹੀਂ ਪੈਣਾ ਕੋਟ, ਇਸ ਮੌਸਮ ਵਿੱਚ। ਪਤਾ ਨਹੀਂ ਕਿੱਥੋਂ ਤੇ ਕਿੰਨੇ ਦਾ ਉਹ ਇਹ ਕੋਟ ਲੈ ਆਇਆ ਮੇਰੇ ਲਈ। ਮੈਨੂੰ ਕਹਿੰਦਾ, 'ਤੁਸੀਂ ਬੁੱਢੇ ਹੋ ਗਏ ਹੋ, ਐਵੇਂ ਠੰਢ ਨਾ ਲੁਆ ਲਿਓ ਕਿਧਰੇ, ਨਾਲੇ ਮੈਂ ਤਾਂ ਅਜੇ ਸਾਰੀ ਜ਼ਿੰਦਗੀ ਵਿਆਹ ਹੀ ਵੇਖਣੇ ਆ, ਤੁਹਾਡਾ ਕੀ ਪਤਾ ਤੁਸੀਂ ਕਦੋਂ ਫ਼ਤਿਹ ਬੁਲਾ ਜਾਓ। ਢੁੱਚਰੀ ਸੀ ਪੂਰਾ ਉਹ, ਹਰ ਵੇਲੇ ਪੰਗੇ ਲੈਂਦੇ ਰਹਿੰਦਾ ਮੇਰੇ ਨਾਲ', ਕਹਿੰਦਿਆਂ ਬਜ਼ੁਰਗ ਦਾ ਗੱਚ ਭਰ ਆਇਆ। ਮਾਸਟਰ ਜੀ ਹੋਰਾਂ ਬਜ਼ੁਰਗ ਦਾ ਧੀਰ ਬਣਾਇਆ ਤੇ ਉਨ੍ਹਾਂ ਦੇ ਇਸ਼ਾਰੇ 'ਤੇ ਪਾਣੀ ਦਾ ਹਲਕਾ ਜਿਹਾ ਰੰਗ ਬਦਲ ਦਿੱਤਾ। ਮੈਂ ਇਹਦੇ ਵਿਆਹ 'ਤੇ ਕੋਟ ਪਾਇਆ ਤਾਂ ਐਨਾ ਫੱਬਿਆ ਕਿ ਫੋਟੋਆਂ ਖਿੱਚਣ ਵਾਲਾ ਮੇਰੀਆਂ ਫੋਟੋਆਂ ਉਤਾਰਨੋਂ ਨਾ ਹਟੇ। ਵਿਆਹ 'ਤੇ ਲੋਕਾਂ ਦਾ ਪਤਾ ਨਹੀਂ ਕਿਸੇ ਨੇ ਤੁਪਕਾ ਤੁਪਕਾ ਪੀਤੀ ਸੀ ਜਾਂ ਨਹੀਂ ਪਰ ਮੈਂ ਤਾਂ ਸੱਚਮੁੱਚ ਹੀ ਬਾਟੇ ਨਾਲ ਪੀਤੀ ਸੀ ਉਸ ਦਿਨ। ਕਈ ਵਾਰ ਉਨ੍ਹੇ ਸ਼ੁਗਲ ਕਰਦੇ ਨੇ ਕਹਿ ਦੇਣਾ ਬਾਪੂ ਮੇਰਾ ਇਰਾਦਾ ਐ ਤੇਰੀ ਰਸਮ ਪੱਗੜੀ ਵਾਲਾ ਲੰਗਰ ਤੇਰੇ ਜਿਉਂਦੇ ਜੀਅ ਲਾ ਦੇਈਏ, ਮਰਨੇ ਤੋਂ ਬਾਅਦ ਕਿਹੜਾ ਤੈਨੂੰ ਪਤਾ ਲੱਗਣਾ ਕਿ ਅਸੀਂ ਲੋਕਾਂ ਨੂੰ ਕੀ ਖੁਆਇਆ ਤੇ ਕੀ ਨਹੀਂ। ਉਹਨੂੰ ਕੀ ਪਤਾ ਸੀ ਕਿ ਉਸ ਦੀ ਆਪਣੀ ਅੰਤਿਮ ਕਿਰਿਆ ਮੈਨੂੰ ਆਪਣੇ ਹੱਥੀਂ ਕਰਨੀ ਪੈ ਜਾਣੀ ਹੈ। ਆਹ ਜੀਹਨੂੰ ਅੱਜ ਵਿਆਹੁਣ ਆਏ, ਇਹਦੇ ਤਾਂ ਅਜੇ ਮੁੱਛ ਵੀ ਨਹੀਂ ਫੁੱਟੀ ਹੋਣੀ, ਜਦੋਂ ਮੇਰਾ ਲਾਡਲਾ ਆਪਣੇ ਸਾਰੇ ਹਾਸੇ-ਤਮਾਸ਼ੇ ਸਮੇਟਦਾ ਹੋਇਆ ਦੁਨੀਆ ਤੋਂ ਤੁਰ ਗਿਆ।

ਮੈਂ ਉਸ ਦਿਨ ਉਸ ਨੂੰ ਤਾਂ ਸਾਂਭ ਨਹੀਂ ਸੀ ਸਕਿਆ ਪਰ ਉਸ ਵੱਲੋਂ ਦਿੱਤਾ ਕੋਟ ਹੁਣ ਤੱਕ ਜ਼ਰੂਰ ਸੰਭਾਲੀ ਬੈਠਾ ਹਾਂ। ਰਹੀ ਗੱਲ ਪੀਣ ਦੀ, ਮੁੜ ਮੈਂ ਕਦੇ ਪੀਣੀ ਤਾਂ ਕੀ ਮੈਂ ਕਿਸੇ ਦੇ ਵਿਆਹ ਸ਼ਾਦੀ ਵਿੱਚ ਹਾਜ਼ਰੀ ਤੱਕ ਨੀਂ ਸੀ ਭਰੀ। ਘਰ' ਚੋਂ ਸਮੇਂ ਦੇ ਨਾਲ ਸੰਦੂਕ, ਪੇਟੀਆਂ, ਟਰੰਕ ਸਭ ਤੁਰ ਗਏ ਪਰ ਮੈਂ ਇਹ ਕੋਟ ਕਿਧਰੇ ਨਾ ਜਾਣ ਦਿੱਤਾ। ਇੱਕ ਦਿਨ ਬਹੂ ਨੇ ਆਖਿਆ,'ਭਾਪਾ ਜੀ, ਨਾ ਹੀ ਤੁਸੀਂ ਕਿਸੇ ਫੰਕਸ਼ਨ 'ਤੇ ਜਾਣਾ ਹੁੰਦਾ ਹੈ ਤੇ ਨਾ ਹੀ ਕਦੇ ਇਹ ਕੋਟ ਪਾਉਂਦੇ ਹੋ, ਇਹ ਕਿਸੇ ਨੂੰ ਦੇ ਕਿਉਂ ਨਹੀਂ ਦਿੰਦੇ, ਕਿਉਂ ਸਾਂਭ ਸਾਂਭ ਕੇ ਰੱਖਿਆ ਐ।' ਮੈਂ ਕਿਹਾ ਜੇ ਜ਼ਿਆਦਾ ਤੰਗ ਹੋ ਤਾਂ ਦੇ ਦਿਓ ਕਿਸੇ ਨੂੰ, ਇਹ ਕੋਟ ਵੀ ਤੇ ਮੈਨੂੰ ਵੀ। ਬਹੂ ਵਿਚਾਰੀ ਨੇ ਮੁੜ ਕਦੇ ਕੋਟ ਦਾ ਜ਼ਿਕਰ ਤੱਕ ਨਾ ਕੀਤਾ। ਹੁਣ ਜਦੋਂ ਆਪਣੇ ਪੋਤੇ ਦੇ ਵਿਆਹ ਦੀ ਤਿਆਰੀ ਕਰਨ ਲੱਗੇ ਤਾਂ ਮੇਰੇ ਪੋਤੇ ਦੀ ਸੂਈ ਵੀ ਮੇਰੇ ਲਈ ਨਵਾਂ ਕੋਟ-ਪੈਂਟ ਲੈਣ 'ਤੇ ਅੜ ਗਈ। ਮੈਂ ਉਸ ਨੂੰ ਪੈਂਟ-ਸ਼ਰਟ ਲਈ ਮਨਾ ਲਿਆ, ਕਿਉਂਕਿ ਕੋਟ ਤਾਂ ਮੈਂ ਆਪਣੀ ਪਸੰਦ ਦਾ ਹੀ ਪਾਉਣਾ ਸੀ। ਅੱਜ ਸਵੇਰੇ ਪੋਤੇ ਦੀ ਬਰਾਤ ਤੁਰਨ ਲੱਗੀ ਤਾਂ ਮੈਂ ਇਹ ਕੋਟ ਪਾ ਲਿਆ। ਹਰ ਕੋਈ ਆਖੀ ਜਾਵੇ ਬਈ ਇਹ ਬਹੁਤ ਤੰਗ ਆ ਤੁਹਾਡੇ, ਤੁਸੀਂ ਕਿਉਂ ਫਸੇ ਪਏ ਹੋ ਇਸ ਵਿੱਚ, ਇਹਦੇ ਨਾਲੋਂ ਤਾਂ ਨਾ ਹੀ ਪਾਓ, ਮੌਸਮ ਠੀਕ ਹੀ ਆ ਅੱਜ। ਪਰ ਮੈ ਮੰਨਦਾ ਤਾਂ...ਜੇ ਮੈਂ ਮੰਨਣਾ ਹੁੰਦਾ। ਮੈਨੂੰ ਮੇਰੇ ਪੁੱਤ ਨੇ ਇਹ ਕੋਟ ਆਪਣੇ ਵਿਆਹ 'ਤੇ ਪੁਆਇਆ ਸੀ, ਮੈਂ ਹੁਣ ਤੱਕ ਇਹ ਇਸੇ ਲਈ ਸਾਂਭੀ ਰੱਖਿਆ ਕਿ ਆਪਣੇ ਪੋਤੇ ਦੇ ਵਿਆਹ 'ਤੇ ਪਾਊਂਗਾ। ਮੈਨੂੰ ਮਸੋਸੇ ਜਿਹੇ ਬੈਠੇ ਨੂੰ ਵੇਖ ਬਜ਼ੁਰਗ ਨੇ ਇਸ਼ਾਰੇ ਨਾਲ ਆਪਣੇ ਕੋਲ ਬੁਲਾਇਆ ਤੇ ਆਖਣ ਲੱਗਿਆ ਕਾਕਾ ਬੁਰਾ ਨਾ ਮਨਾਵੀਂ। ਇਹ ਕੋਟ ਤੰਗ ਨਹੀਂ ਆ ਮੇਰੇ 'ਤੇ, ਨਾ ਹੀ ਇਸ ਵਿੱਚ ਮੇਰਾ ਸਾਹ ਘੁੱਟਦਾ ਹੈ। ਇਸ ਕੋਟ ਆਸਰੇ ਹੀ ਤਾਂ ਸਾਹ ਚੱਲ ਰਹੇ ਨੇ ਮੇਰੇ। ਇਹ ਕੋਟ ਤਾਂ ਨਿਸ਼ਾਨੀ ਆ ਮੇਰੇ ਪੁੱਤ ਦੀ। ਉਹ ਜਿੱਥੋਂ ਕਿਤੋਂ ਵੀ ਆਪਣੇ ਪੁੱਤ ਦਾ ਵਿਆਹ ਵੇਖ ਰਿਹਾ ਹੋਵੇਗਾ, ਉਸ ਨੇ ਐਨੀ ਭੀੜ ਵਿੱਚੋਂ ਮੈਨੂੰ ਝੱਟ ਦੇਣੀ ਸਿਆਣ ਲੈਣਾ ਐ ਇਸ ਕੋਟ ਤੋਂ। ਬਜ਼ੁਰਗ ਦੇ ਜਜ਼ਬਾਤਾਂ ਨੇ ਮੈਨੂੰ ਵੀ ਜਜ਼ਬਾਤੀ ਕਰ ਦਿੱਤਾ। ਬੋਲਣਾ ਚਾਹ ਕੇ ਵੀ ਮੈਂ ਕੁਝ ਬੋਲ ਨਾ ਪਾਇਆ। ਬਜ਼ੁਰਗ ਨੇ ਹੱਥ ਜੋੜ ਲਏ, ਬੱਚਿਆ ਜਾਣ ਦੇ ਇਸ ਨਰਾਜਗੀ ਨੂੰ, ਮੈਂ ਤੇਰੇ ਬਜ਼ੁਰਗਾਂ ਵਰਗਾ ਹਾਂ ਕਾਕਾ। ਮੈਂ ਤਾਂ ਸਗੋਂ ਤੇਰੀ ਡਿਊਟੀ ਲਾਉਣੀ ਹੈ ਕਿ ਹੁਣ ਜਦੋਂ ਮੈਂ ਇਸ ਦੁਨੀਆ ਤੋਂ ਜਾਵਾਂ ਤਾਂ ਤੂੰ ਮੇਰੇ ਇਸ ਪੋਤੇ ਨੂੰ ਯਾਦ ਕਰਾ ਦੇਵੀਂ ਕਿ ਮੈਨੂੰ ਅੰਤਿਮ ਸਮੇਂ ਇਹ ਕੋਟ ਪਹਿਨਾ ਦੇਵੇ ਤਾਂ ਜੋ ਮੇਰਾ ਪੁੱਤ ਮੈਨੂੰ ਪਛਾਣ ਕੇ ਆਪਣੇ ਪਤੇ 'ਤੇ ਲੈ ਜਾਵੇ। ਮੈਂ ਬਜ਼ੁਰਗ ਦੇ ਗੋਡੇ ਫੜ ਲਏ ਤੇ ਆਪਣੀਆਂ ਭਰ ਆਈਆਂ ਅੱਖਾਂ ਨੂੰ ਉਸ ਦੀ ਝੋਲੀ 'ਚ ਡੋਲ੍ਹ ਦਿੱਤਾ।

ਮੈਂ ਜਾਣ ਲਿਆ ਕਿ ਇਹ ਕੋਟ ਇਸ ਬਜ਼ੁਰਗ ਦੇ ਤੰਗ ਨਹੀਂ ਸੀ। ਅਜਿਹਾ ਕੋਟ ਆਪਣੇ ਕਿਸੇ ਦੇ ਵੀ ਤੰਗ ਜਾਂ ਖੁੱਲ੍ਹਾ ਨਹੀਂ ਹੋ ਸਕਦਾ। ਅਜਿਹਾ ਕੋਟ ਜੋ ਪੁੱਤਰ ਨੇ ਆਪਣੇ ਵਿਆਹ 'ਤੇ ਆਪਣੇ ਪਿਓ ਨੂੰ ਦਿੱਤਾ ਸੀ। ਕੋਟ ਜੋ ਕੁੜੀ ਦੇ ਪਿਓ ਦੇ ਮੋਢੇ ਨਾਲ ਮੋਢਾ ਲਾ ਕੇ ਖੜ੍ਹੇ ਹੋਣ ਦੀ ਯਾਦ ਦਿਵਾਉਂਦਾ ਹੈ। ਕੋਟ ਜੋ ਕੁੜੀ ਦੇ ਪਿਓ ਨੂੰ ਨਿਮਾਣਾ ਨਾ ਹੋ ਕੇ ਚੌਧਰੀ ਹੋਣ ਦਾ ਅਹਿਸਾਸ ਕਰਾਉਂਦਾ ਹੈ। ਕੋਟ ਜੋ ਸੇਵਾ ਨਾ ਕਰਵਾ ਕੇ ਸੇਵਾ ਕਰਦੇ ਰਹਿਣ ਦੀ ਸਿੱਖਿਆ ਦਿੰਦਾ ਹੈ, ਕੋਟ ਜੋ ਪਾਪ ਧੋਣ ਲਈ ਗੰਗਾ ਨੂੰ ਨਾਕਾਰ ਕਿਸੇ ਧੀ-ਧਿਆਣੀ ਦੇ ਵਿਆਹ 'ਚ ਹੱਥ ਵਟਾਉਣ ਦੇ ਰਾਹੇ ਪਾਉਂਦਾ ਹੈ। ਇਹ ਕੋਟ ਤਾਂ ਹਰ ਇੱਕ ਨੂੰ ਫਿੱਟ ਆ ਸਕਦਾ ਹੈ ਪਰ ਲੋੜ ਹੈ ਸਾਨੂੰ ਹੰਕਾਰ ਦਾ ਲਿਬਾਸ ਉਤਾਰ ਕੇ ਅਜਿਹਾ ਕੋਟ ਪਹਿਨਣ ਦੀ। ਮੈਂ ਵਿਆਹ ਦੀਆਂ ਰਸਮਾਂ 'ਚ ਸ਼ਾਮਲ ਹੋਣ ਦੇ ਪਹਿਲੇ ਪਲ ਤੋਂ ਹੀ ਉਦਾਸ ਸੀ ਕਿ ਕਾਸ਼! ਅੱਜ ਮੇਰਾ ਬਾਪੂ ਵੀ ਜਿਉਂਦਾ ਹੁੰਦਾ ਤਾਂ ਇਹ ਵਿਆਹ ਵੇਖ ਕੇ ਅਸ਼-ਅਸ਼ ਕਰ ਉੱਠਦਾ ਪਰ ਅੱਜ ਦੇ ਵਿਆਹ ਵਿੱਚ ਉਸ ਤੰਗ ਕੋਟ ਵਾਲੇ ਬਜ਼ੁਰਗ ਦੀ ਆਈ ਯਾਦ ਨੇ ਇਸ ਵਿਆਹ 'ਚ ਮੇਰੇ ਬਾਪੂ ਦੀ ਵੀ ਹਾਜ਼ਰੀ ਲੁਆ ਦਿੱਤੀ।

# ਮਿੰਨੀ ਕਹਾਣੀ

## ਤਪਦੇ ਸੂਰਜ

**ਜਸਬੀਰ ਦੱਧਾਹੂਰ**

ਗਰਮੀ ਪਿੰਡੇ ਦੰਦੀਆਂ ਵੱਢਣ ਲੱਗੀ ਸੀ ਤਾਪਮਾਨ ਚਾਲੀ ਤੋਂ ਉੱਪਰ ਚੜ੍ਹਨ ਲੱਗਿਆ ਸੀ! ਗਰਮੀ ਦੇ ਮੱਦੇਨਜ਼ਰ ਸਕੂਲਾਂ ਵਿੱਚ ਨਿਰਧਾਰਤ ਸਮੇਂ ਤੋਂ ਪਹਿਲਾਂ ਹੀ ਗਰਮੀ ਦੀਆਂ ਛੁੱਟੀਆਂ ਕਰ ਦਿੱਤੀਆਂ ਗਈਆਂ ਸਨ।

ਸਵੇਰੇ ਗੁਰਮੇਲ ਅਖ਼ਬਾਰ 'ਚ ਚਾਰ ਰੋਟੀਆਂ ਲਪੇਟ ਝੋਲਾ ਸਾਈਕਲ ਦੇ ਹੈਂਡਲ ਨਾਲ ਬੰਨ੍ਹ ਤੁਰਨ ਲੱਗਿਆ ਤਾਂ ਅੱਗੋਂ ਛੇਵੀਂ ਕਲਾਸ 'ਚ ਪੜ੍ਹਦੀ ਨਿੱਕੀ ਨੇ ਕਿਹਾ, "ਪਾਪਾ! ਤੁਸੀਂ ਵੀ ਗਰਮੀ 'ਚ ਛੁੱਟੀਆਂ ਕਰ ਲਓ। ਧੁੱਪ ਬਹੁਤ ਹੁੰਦੀ ਏ ਪਾਪਾ! ਸਰ ਨੇ ਕਿਹਾ ਸੀ ਕਿ ਕਿਸੇ ਨੇ ਵੀ ਬਾਹਰ ਧੁੱਪ ਵਿੱਚ ਨਹੀਂ ਨਿਕਲਣਾ।" ਗੁਰਮੇਲ ਨੂੰ ਆਪਣੀ ਧੀ ਦੀ ਮਾਸੂਮੀਅਤ 'ਤੇ ਬਹੁਤ ਮੋਹ ਆਇਆ, ਪਰ ਘਰ ਦੀਆਂ ਜ਼ਿੰਮੇਵਾਰੀਆਂ ਤੇ ਨਿੱਕੀ ਦੀ ਪੜ੍ਹਾਈ ਦਾ ਫਿਕਰ ਉਸ ਨੂੰ ਧੁੱਪ ਤੋਂ ਡਰ ਕੇ ਘਰੇ ਬੈਠਣ ਦੀ ਇਜਾਜ਼ਤ ਨਹੀਂ ਸੀ ਦਿੰਦੇ। ਕਬੀਲਦਾਰੀ ਦੀ ਪੰਡ ਨੂੰ ਸਿਰ 'ਤੇ ਧਰ ਗੁਰਮੇਲ ਸਾਈਕਲ ਨੂੰ ਗਲੀ 'ਚੋਂ ਕੱਢ ਤਪਦੇ ਸੂਰਜ ਵੱਲ ਦੇਖਦਾ ਕੰਮ ਲਈ ਨਿਕਲ ਗਿਆ।



* * *

## ਬੇਰੁਜ਼ਗਾਰੀ

**ਵਿਪਨ ਜਲਾਲਾਬਾਦੀ**

ਲੰਮੇ ਸਮੇਂ ਮਗਰੋਂ ਕਾਲਜ ਦੇ ਪੁਰਾਣੇ ਸਹਿਪਾਠੀ ਦੋ ਮਿੱਤਰ ਇੱਕ ਦਿਨ ਆਪਸ ਵਿੱਚ ਟੱਕਰ ਗਏ। "ਵਾਹ ਬਈ ਵਾਹ! ਸਮੀਰ ਤੂੰ ਤਾਂ ਈਦ ਦਾ ਚੰਨ ਹੀ ਹੋ ਗਿਐਂ। ਕਿੰਨੇ ਚਿਰਾਂ ਬਾਅਦ ਅੱਜ ਮੁਲਾਕਾਤ ਹੋਈ ਏ। ਹੋਰ ਸੁਣਾ ਕੀ ਹਾਲ-ਚਾਲ ਏ ? " ਹਰੀਸ਼ ਨੇ ਪੁੱਛਿਆ। "ਹਾਲ ਕਾਹਦੇ ਨੇ ਯਾਰ ਤੈਨੂੰ ਤਾਂ ਪਤਾ ਹੀ ਏ, ਜਿੰਨਾ ਮਰਜ਼ੀ ਪੜ੍ਹ ਲਓ, ਨੌਕਰੀ ਪੱਖੋਂ ਤਾਂ ਹੱਥ ਖਾਲੀ ਦੇ ਖਾਲੀ ਹੀ ਰਹਿੰਦੇ ਨੇ।" ਸਮੀਰ ਨੇ ਮਾਯੂਸੀ ਨਾਲ ਕਿਹਾ।

"ਏਨਾ ਮਾਯੂਸ ਨਹੀਂ ਹੋਈਦਾ, ਜੇਕਰ ਸਰਕਾਰੀ ਨੌਕਰੀ ਨਹੀਂ ਮਿਲਦੀ ਤਾਂ ਕੋਈ ਆਪਣਾ ਬਿਜ਼ਨਸ ਕਰ ਲੈ।" ਹਰੀਸ਼ ਨੇ ਹੌਸਲਾ ਦਿੰਦਿਆਂ ਕਿਹਾ। "ਭਰਾਵਾ ਬਿਜ਼ਨਸ ਵੀ ਐਵੇਂ ਈ ਸ਼ੁਰੂ ਨਹੀਂ ਹੋ ਜਾਂਦੈ। ਉਸ ਲਈ ਵੀ ਲੱਖਾਂ ਰੁਪਏ ਚਾਹੀਦੇ ਨੇ।" "ਉਹ ਨਹੀਂ ਯਾਰ ਬੰਦਾ ਸਕੀਮੀ ਹੋਣਾ ਚਾਹੀਦਾ ਏ। ਹੁਣ ਮੈਨੂੰ ਹੀ ਵੇਖ ਲਾ, ਵਧੀਆ ਕੰਮ ਚਲਦੈ ਆਪਣਾ। ਛੋਟੀ ਜਿਹੀ ਦੁਕਾਨ ਹੈ ਪਰ ਗਾਹਕਾਂ ਦੀ ਲੰਮੀ ਲਾਈਨ ਹਰ ਵੇਲੇ ਲੱਗੀ ਰਹਿੰਦੀ ਏ।" ਹਰੀਸ਼ ਨੇ ਸਮੀਰ ਦੇ ਮੋਢੇ 'ਤੇ ਹੱਥ ਰੱਖ ਕੇ ਕਿਹਾ।

"ਅੱਛਾ ! ਕਿਹੜਾ ਕੰਮ ਕਰਦੈਂ ਤੂੰ, ਜ਼ਰਾ ਮੈਨੂੰ ਵੀ ਦੱਸ। ਸਮੀਰ ਨੇ ਉਤਸੁਕਤਾ ਨਾਲ ਪੁੱਛਿਆ। "ਉਹੀ ਕੰਮ ਜੀਹਦੀ ਅੱਜ ਕੱਲ੍ਹ ਬੜੀ ਡਿਮਾਂਡ ਹੈ, ਬੇਰੁਜ਼ਗਾਰਾਂ ਦੇ ਨੌਕਰੀ ਵਾਲੇ ਫਾਰਮ ਭਰਦਾ ਹਾਂ।" ਹਰੀਸ਼ ਤਪਾਕ ਦੇਣੀ ਬੋਲਿਆ।






# ਬਾਬਾ ਪੂਰਾ ਕਾਇਮ ਹੈ

## ਦਿਲਬਰ ਸਿੰਘ ਖੈਰਪੁਰ

ਬਾਬਾ ਜਵਾਂ ਕਾਇਮ ਹੈ ਜੀ ਬਾਬਾ ਪੂਰਾ ਕਾਇਮ ਹੈ,
ਸਾਈਕਲ ਚਲਾਉਂਦਾ ਸੁਬ੍ਹਾ ਸਾਝਰੇ ਦਾ ਟਾਈਮ ਹੈ।
ਦਾਸ ਗੁਰਾਂ ਦਾ ਜੀਹਦਾ ਨਾਮ ਗੁਰਦਾਸ ਹੈ,
ਪਿੰਡ ਉਹਦਾ ਖੇੜਾ ਨੇੜੇ ਮਾਜਰੀ ਬਲਾਕ ਹੈ।
ਸੇਵਾ ਗੁਰੂਘਰ ਦੀ ਕਹਿੰਦਾ ਬੜੀ ਰਾਸ ਹੈ,
ਚਿਹਰੇ ਉੱਤੇ ਖ਼ੁਸ਼ੀਆਂ ਦੀ ਰੱਬੀ ਬਰਸਾਤ ਹੈ।
ਚੌਵੀ ਘੰਟੇ ਵਹਿਗੁਰੂ ਦਾ ਨਾਂਅ ਕਹਿੰਦਾ ਅਹਿਮ ਹੈ,
ਬਾਬਾ ਦਾਸ ਗੁਰਾਂ ਦਾ ਬਾਬਾ ਸਾਡਾ ਕਾਇਮ ਹੈ।
ਸਾਜ਼ ਤਾਂ ਬਥੇਰੇ ਬਾਪੂ ਤੂੰਬੀ ਦਾ ਸ਼ੌਕੀਨ ਹੈ,
ਸੇਵਾਦਾਰੀ ਵਿੱਚ ਮੂਹਰੇ ਪੁੱਤ ਜੀਹਦਾ ਭੀਮ ਹੈ।
ਵੱਖਰੇ ਖ਼ਿਆਲਾਂ ਵਿੱਚ ਦੁਨੀਆ ਹੁਸੀਨ ਹੈ,
ਸਭ ਤੋਂ ਹੁਸੀਨ ਬੰਦਾ ਦੁਨੀਆ ਤੇ ਦੀਨ ਹੈ।
ਜੀਹਦੇ ਦਿਲ ਵਿੱਚ ਦੂਜਿਆਂ ਲਈ ਰਹਿਮ ਹੈ,
ਦਾਸ ਗੁਰਾਂ ਦਾ ਸਾਡਾ ਬਾਪੂ ਬੜਾ ਕਾਇਮ ਹੈ।
ਵਿਰਲਾ ਹੀ ਕਰ ਕੋਈ ਸਕਦਾ ਬਰਾਬਰੀ,
ਗੁਰੂ ਦਿਆਂ ਚਰਨਾਂ ’ਚ ਚੌਵੀ ਘੰਟੇ ਹਾਜ਼ਰੀ।
ਕਿਸੇ ਨਾਲ ਕੋਈ ਕਹਿੰਦਾ ਕਾਹਦੀ ਨਾਰਾਜ਼ਗੀ,
ਦਿਲ ਤੇ ਦਿਮਾ.ਗ ਵਿੱਚ ਭਰੀ ਪਈ ਸਾਦਗੀ।
ਬਾਣੀ ਅਤੇ ਬਾਣੇ ਵਿੱਚ ਪੂਰਾ ਕਾਇਮ ਦਾਇਮ ਹੈ,
ਬਾਪੂ ਪੂਰਾ ਕਾਇਮ ਹੈ, ਬਾਬਾ ਜਵਾਂ ਕਾਇਮ ਹੈ।
‘ਦਿਲਬਰ’ ਕਹਿੰਦਾ ਦਿਲਦਾਰੀ ਪੱਲੇ ਚਾਹੀਦੀ,
ਚੁਸਤ ਚਲਾਕੀ ਯਾਰ ਨਾਲ ਨ੍ਹੀਂ ਕਮਾਈਦੀ।
ਬਾਬਾ ਕਹਿੰਦਾ ਸ਼ਰਮ ਹਯਾ ਨਹੀਂ ਕਦੇ ਲਾਹੀਦੀ,
ਪੈਸੇ ਦਾ ਕੀ ਯਾਰੋ ਬੱਸ ਮੌਜ ਮਨਾਈਦੀ,
ਜ਼ਿੰਦਗੀ ਹੰਢਾਉਂਦਾਸਿਹਤਮੰਦ ਬਾਬਾ ਕਾਇਮ ਹੈ।
ਬਾਬੇ ਦਾ ਸੁਨੇਹਾ ਜੋਸ਼ ਰਹੇ ਨੌਜਵਾਨਾਂ ’ਚ,
ਸਾਂਭ ਲਉ ਜਵਾਨੀ ਆਜੋ ਖੇਡ ਮੈਦਾਨਾਂ ’ਚ।
ਤੰਦਰੁਸਤੀ ਦਾ ਰਾਜ਼ ਸਾਰਿਆਂ ਲਈ ਅਹਿਮ ਹੈ,
ਮਿਹਨਤ ਮੁਸ਼ੱਕਤ ਕਰੇ ਸਰੀਰ ਤਾਂ ਹੀ ਕਾਇਮ ਹੈ,
ਬਾਬਾ ਸਾਡਾ ਕਾਇਮ ਹੈ ਜੀ ਬਾਬਾ ਜਵਾਂ ਕਾਇਮ ਹੈ।

# ਜੋਰਾਵਰ ਤਾਕਤਾਂ



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ. 07748772308

ਕੁੱਝ ਸੁਪਨਿਆਂ ਦੀ ਚਮਕ ਦਿਖਾ ਕੇ, ਕੁੱਝ ਤਾਕਤਵਰ,
ਬਰਬਾਦ ਕਰ ਗਏ ਮੇਰੇ ਰਸਤੇ ਅਤੇ ਮੇਰੇ ਸਭ ਸਫਰ।
ਉਮੀਦਾਂ ਸਨ ਕੁੱਝ ਮੇਰੀਆਂ, ਸੱਚਾਈ ’ਤੇ ਚੱਲਣ ਦੀਆਂ,
ਮੈਨੂੰ ਹੀ ਝੂਠਾ ਸਾਬਤ ਕਰਕੇ, ਮੈਨੂੰ ਰਹੇ ਨੇ ਦਰੜ।
ਜਿਹੜੇ ਮੇਰੇ ਦਰ ’ਤੇ ਮੈਥੋਂ, ਕਦੀ ਭੀਖ ਸਨ ਮੰਗਦੇ,
ਅੱਜ ਉਹੀ ਮੈਨੂੰ ਕਰ ਰਹੇ ਨੇ, ਮੁਸਲਸਲ ਦਰ ਬਦਰ।
ਭਾਵੇਂ ਮੈਂ ਅੱਜ ਕਮਜ਼ੋਰ ਹਾਂ, ਪਰ ਇੰਨੀ ਕੁ ਤਾਕਤ ਹੈ,
ਕਿ ਮੇਰੀਆਂ ਦੁਆਵਾਂ ਢਾਹੁਣਗੀਆਂ, ਉਹਨਾਂ ਦੇ ਹੀ ਘਰ।
ਮੇਰੀ ਕਬਰ ਭਾਵੇਂ ਮੇਰੀ ਅੰਤ, ਆਖਰੀ ਮੰਜ਼ਿਲ ਬਣੇ,
ਕਿਸ ਕੋਲ ਹੈ ਇੰਨੀ ਹਿੰਮਤ, ਜੋ ਖੋਹ ਲਵੇ ਇਹ ਜ਼ਰ ?
ਲੁੱਟਿਆ ਮੈਨੂੰ ਸੱਤੀਂ ਵੀਹੀਂ ਸੌ ਦੇ, ਪੜ੍ਹ ਪੜ੍ਹ ਪਹਾੜੇ,
ਕਦੀ ਮੇਰੇ ਵੀ ਪੁੱਗ ਹੀ ਜਾਣਗੇ, ਚੌਦਾਂ ਪੰਜੇ ਸੱਤਰ।
ਦਿਲਾ ! ਉਮੀਦਾਂ ’ਤੇ ਹੈ ਪਨਪਦੀ, ਸੁਪਨਿਆਂ ਦੀ ਦੁਨੀਆ,
ਕਸ਼ਮਕਸ਼ ਜਾਰੀ ਰੱਖ, ਚੱਲਦਾ ਰਹਿ ਪੁਰ ਸਬਰ।

# .ਗਜ਼ਲ

## ਜਸਵਿੰਦਰ ਸਿੰਘ ਰੁਪਾਲ

ਬੇਚੈਨੀ ਤੇ ਘੋਰ ਉਦਾਸੀ,
ਨਿੱਤ ਫੈਲਦੀ ਜਾਏ ਕਿੱਦਾਂ ?
ਕਬਰੀਂ ਬੈਠਾ ਜੀਵਨ ਦਾ ਕੋਈ,
ਗੀਤ ਸੁਹਾਵਾਂ ਗਾਏ ਕਿੱਦਾਂ ?
ਢਿੱਡ ਦੀ ਅੱਗ ਜਵਾਨੀ ਤਾਈ,
ਦੇਸ਼ਾਂ ਤੋਂ ਪਰਦੇਸ ਲਿਆਈ,
ਚੋਗੇ ਖਾਤਰ ਸੈ ਕੋਹਾਂ ਤੋਂ,
ਸੋਚ ਪਰਿੰਦੇ ਆਏ ਕਿੱਦਾਂ ?
ਪੱਥਰ ਕੁੱਟ ਰਹੀ ਦਾ ਚਿਹਰਾ,
ਸਬਰ ਸ਼ੁਕਰ ਦੀ ਝਲਕ ਦਿਖਾਵੇ,
ਨੈਣਾਂ ਅੰਦਰ ਲੱਖਾਂ ਸੁਫ਼ਨੇ,
ਉਸ ਨੇ ਦੇਖ ਛੁਪਾਏ ਕਿੱਦਾਂ ?
ਬੁੱਢਾ ਬਾਪੂ ਸਮਝ ਸਕੇ ਨਾ,
ਲੁਕਵੀਂ ਸ਼ਕਤੀ ਮੰਡੀ ਵਾਲੀ
ਕਿੱਦਾਂ ਪਨੀਰੀ ਫੈਸ਼ਨ ਵਿੱਚ ਡੋਬੀ,
ਪੁੱਤ ਨਸ਼ੇ ’ਤੇ ਲਾਏ ਕਿੱਦਾਂ ?
ਭੁੱਖਾ ਤਨ ਤਾਂ ਪਿੰਜਰ ਹੋਇਆ,
ਦੇਖ ਹਾਲੇ ਤਕ ਰੂਹ ਜ਼ਿੰਦਾ ਹੈ।
ਮਾਸ ਖੋਰੀਆਂ ਗਿਰਝਾਂ ਨੂੰ ਪਰ,
ਦੇਖਾਂ ਕੋਈ ਬੁਲਾਏ ਕਿੱਦਾਂ ?
ਅੰਬਰ ਤੱਕ ਪਰਵਾਜ਼ ਭਰਾਂ ਮੈਂ,
ਬੱਦਲ ਡਾਢੇ ਨੀਵੇਂ ਰਹਿ ਗਏ
ਤੇਜ਼ ਗੜੇ ’ਤੇ ਝੱਖੜ ਮੈਨੂੰ,
ਦੱਸੋ ਰੋਕਾਂ ਪਾਏ ਕਿੱਦਾਂ ?
ਹਰ ਪਾਸੇ ਤੋਂ ਨਫ਼ਰਤ ਦਾ
ਨਿਤ ਧੂੰਆਂ ਉੱਪਰ ਉੱਠ ਰਿਹਾ ਹੈ
ਦੇਖ ‘ਰੁਪਾਲ’ ਇਹ ਸਾਂਝਾ ਵਿਰਸਾ,
ਦਿਲ ਚੋਂ ਦੱਸ ਭੁਲਾਏ ਕਿੱਦਾਂ ?

# ਲਾਸ਼

## ਰਤਨਪਾਲ ਡੂਡੀਆਂ

ਸਰਘੀ ਦੀ ਲੋਅ ਜਿਹੀ ਕੁੜੀ
ਤੁਰ ਗਈ ਜਹਾਨੋਂ ਸਬਰਾਂ ਦੀ ਘੁੱਟ ਭਰ ਕੇ
ਜਾਂ ਤੋਰ ਦਿੱਤੀ ਹੋਵੇਗੀ
ਭਰੇ ਬਾ.ਗ ਵਿੱਚੋਂ
ਇੱਕ ਫੁੱਲ ਮੰਗਣ ਦੇ ਗੁਨਾਹ ਕਰਕੇ।
ਚੰਦਨ ਦੀ ਗੇਲੀ ਜਿਹੀ ਕੁੜੀ ਸੀ ਜੋ
ਉਹਦੇ ਜਹਾਨੋਂ ਤੁਰ ਜਾਣ ਦੀ ਕਨਸੋਅ
ਲੰਘ ਗਈ ਥਾਣੇ ਦੀਆਂ ਕੰਧਾਂ ਵਿੱਚੋਂ।
ਭਾਰੀ ਬੂਟਾਂ ਦੀ ਦਗੜ ਦਗੜ ਹੋਈ
ਥਾਣੇਦਾਰ ਨੇ ਹਮਲਾਵਰਾਂ ਵਾਂਗ ਆ ਕੇ
ਛੋਟੀ ਥਾਣੇਦਾਰਨੀ ਨੂੰ ਅੰਦਰ ਲਿਜਾ ਕੇ
ਢੋਹ ਲਿਆ ਬੂਹਾ
ਮੁਆਇਨਾ ਕਰਨ ਲਈ
ਸੱਟਾਂ ਫੇਟਾਂ ਦੇ ਨਿਸ਼ਾਨ ਵੇਖਣ ਲਈ
ਕੇਸ ਬੰਨ੍ਹਣ ਲਈ।
ਮੁਆਇਨਾ ਕੀਤਾ ਸਿਰ ਤੋਂ ਪੈਰਾਂ ਤੱਕ
ਨਗਨ ਕਰ ਕੇ ਥੱਲ-ਪਥੱਲ ਕਰਦਿਆਂ
ਬੇਲੋੜਾ ਹੱਥ ਫੇਰਦਿਆਂ
ਥਾਣੇਦਾਰ ਦਾ ਧਿਆਨ ਵਸਤਰਹੀਣ ਹੋਇਆ
ਥਾਣੇਦਾਰਨੀ ਵੱਲ ਮੂੰਹ ਕਰ ਕੇ
ਉਸ ਦੀਆਂ ਵਿਗੜੈਲ ਅੱਖਾਂ ਬੋਲੀਆਂ:
ਕੁੜੀ ਬੜੀ ਹਾੱਟ ਹੈ !
ਥਾਣੇਦਾਰਨੀ ਵਿਚਲੀ ਔਰਤ ਬੋਲੀ:
ਸਰ ! ਕੁੜੀ ਨਹੀਂ, ਇਹ ਤਾਂ ਲਾਸ਼ ਹੈ !

# ਉਹ ਕਿੱਸੇ

## ਯਾਦਵਿੰਦਰ ਸਿੰਘ ਕਲੌਲੀ

ਤੇਰੇ ਜਾਣ ਮਗਰੋਂ, ਚੇਤੇ ਆਏ ਉਹ ਕਿੱਸੇ,
ਭੁੱਲੇ ਨਾ ਸਾਨੂੰ, ਕਈ ਵਾਰ ਭੁਲਾਏ ਉਹ ਕਿੱਸੇ।
ਉਮਰ ਦੇ ਤਜਰਬੇ, ਸਿਦਕਾਂ ਦੇ ਹਾਣੀ,
ਜੋ ਹਮੇਸ਼ਾ ਸਾਥ ਨਿਭਾਏ, ਤੇਰੇ ਉਹ ਕਿੱਸੇ।
ਝਿੜਕਾਂ ’ਚ ਪਿਆਰ,
ਖਾਲੀ ਖੀਸੇ ’ਚ ਲਭਦਾ ਸੀ ਸੰਸਾਰ,
ਹਰ ਪਗਡੰਡੀ ’ਤੇ ਚੇਤੇ ਆਏ, ਤੇਰੇ ਉਹ ਕਿੱਸੇ।
ਜਦ ਕਦੇ ਵੀ ਘੇਰਿਆ ਹਨੇਰਿਆਂ ਨੇ,
ਔਕੜ ਵੇਲੇ ਦੋਸਤ ਬਣ,
ਸਾਥ ਨਿਭਾਵਣ ਆਏ, ਤੇਰੇ ਉਹ ਕਿੱਸੇ
ਤੇਰੇ ਜਾਣ ਮਗਰੋਂ, ਚੇਤੇ ਆਏ ਉਹ ਕਿੱਸੇ।

# ਆਤਮ-ਵਿਸ਼ਵਾਸ

## ਬਚਿੱਤਰ ਜਟਾਣਾ

ਆਤਮਵਿਸ਼ਵਾਸ ਹੈ ਸਫ਼ਲਤਾ
ਇਹ ਹੌਸਲਾ ਦੇ ਮੰਜ਼ਿਲ ਵੱਲ ਵਧਾਵੇ।
ਇਸ ਤੋਂ ਬਿਨਾਂ ਬੰਦਾ ਕਦਮ ਨਾ ਪੁੱਟਦਾ
ਆਤਮ ਵਿਸ਼ਵਾਸ ਅੰਬਰੀਂ ਪੀਂਘ ਚੜ੍ਹਾਵੇ।
ਇਸ ਤੋਂ ਬਿਨਾਂ ਬੰਦਾ ਜੰਗ ਹਰ ਜਾਂਦਾ
ਆਸ ਦੇ ਰੁੱਖ ਦੇ ਪੱਤੇ ਸੁੱਕ ਜਾਂਦੇ ਸਾਰੇ।
ਇਹ ਹਾਰ ਨੂੰ ਜਿੱਤ ਵਿੱਚ ਬਦਲ ਦਿੰਦਾ
ਆਤਮ ਵਿਸ਼ਵਾਸੀ ਕਦੇ ਮਾਤ ਨਾ ਖਾਵੇ।
ਇਹ ਬੰਦੇ ਨੂੰ ਨਿਰਾਸ਼ ਨ੍ਹੀਂ ਹੋਣ ਦਿੰਦਾ
ਹੌਸਲਾ ਦੇਵੇ, ਕਦੇ ਬੰਦਾ ਡੋਲ ਨਾ ਜਾਵੇ।
ਬੁਰੇ ਵਕਤ ’ਚ ਵੀ ਬੰਦੇ ਨੂੰ ਦੇਵੇ ਦਲੇਰੀ
ਚੜ੍ਹਦੀ ਕਲਾ ’ਚ ਰਹੇ ਬੰਦਾ ਢੇਰੀ ਨਾ ਢਾਵੇ।
ਆਤਮ ਵਿਸ਼ਵਾਸ ਦੇ ਬਲ ’ਤੇ ਲੱਤਾਂ ਤੋਂ ਆਰੀ
ਉੱਚੀਆਂ-ਉੱਚੀਆਂ ਚੋਟੀਆਂ ਸਰ ਕਰ ਜਾਵੇ।
ਮੈਂ ਅੰਨ੍ਹੇ ਬੰਦੇ ਤੀਰ ਅੰਦਾਜ਼ੀ ਕਰਦੇ ਵੇਖੇ ਨੇ
ਅਰਜਨ ਵਾਂਗ ਮੱਛੀ ਦੀ ਅੱਖ ’ਚ ਨਿਸ਼ਾਨੇ ਲਾਵੇ।

# ਕੁਦਰਤ

## ਗੁਰਮੀਤ ਸਿੰਘ ਰਾਮਪੁਰੀ

ਪੌਣ ਪਾਣੀ ਗੰਧਲਾ ਕੀਤਾ
ਫਿਜ਼ਾ ਕਰੀ ਤੂੰ ਫੀਤਾ ਫੀਤਾ
ਆਫ਼ਤਾਂ ਬਣ ਅੱਗੇ ਆ ਰਹੇ
ਤੇਰੇ ਕੀਤੇ ਪੁੱਠੇ ਕਾਜ
ਹੁਣ ਤੇਰੇ ਨਾਲ ਬੰਦਿਆ
ਕੁਦਰਤ ਹੋਈ ਨਾਰਾਜ਼...
ਸਵਰਗ ਜਿਹਾ ਸੰਸਾਰ ਸੀ
ਤੂੰ ਬਣਾਇਆ ਨਰਕ
ਸੁਆਰਥਾਂ ਦੀ ਪੂਰਤੀ ਵਿੱਚ
ਕੀਤਾ ਬੇੜਾ ਗਰਕ
ਤਾਲੋਂ ਬੇਤਾਲੇ ਹੋ ਗਏ
ਜ਼ਿੰਦਗੀ ਦੇ ਕੁੱਲ ਸਾਜ਼
ਹੁਣ ਤੇਰੇ ਨਾਲ ਬੰਦਿਆ
ਕੁਦਰਤ ਹੋਈ ਨਾਰਾਜ਼...
ਦਿਲ ਵਿੱਚ ਰੱਖੇਂ ਈਰਖਾ
ਛੱਡ ਨਿਮਰਤਾ ਪ੍ਰੀਤ
ਤੇਰੀ ਝੋਲੀ ਖਾਲੀ ਕਰ ਗਈ
ਤੇਰੀ ਮਾੜੀ ਨੀਤ
ਹੁਣ ਤੇਰੇ ’ਤੇ ਰਿਹਾ ਨਾ
ਕੁਦਰਤ ਨੂੰ ਭੋਰਾ ਨਾਜ਼
ਹੁਣ ਤੇਰੇ ਨਾਲ ਬੰਦਿਆ
ਕੁਦਰਤ ਹੋਈ ਨਾਰਾਜ਼...
ਕਾਹਦੀ ਤੈਨੂੰ ਤ੍ਰਿਸ਼ਨਾ



ਕਾਹਦੀ ਤੈਨੂੰ ਹੋੜ
ਤੇਰੀ ਉਹ ਗੱਲ ਬੰਦਿਆ
ਅੱਗਾ ਦੌੜ ਪਿੱਛਾ ਚੌੜ
ਤੇਰੇ ਸਿਰ ਸੋਂਹਦਾ ਨਾ
ਇਨਸਾਨਾਂ ਵਾਲਾ ਤਾਜ
ਹੁਣ ਤੇਰੇ ਨਾਲ ਬੰਦਿਆ
ਕੁਦਰਤ ਹੋਈ ਨਾਰਾਜ਼...
ਹੱਥੀਂ ਬੂਟੇ ਲਾ ਲਾ ਛੱਡੇਂ
ਮੁੜ ਕੇ ਪਾਣੀ ਨਾ ਪਾਵੇਂ
ਜ਼ਹਿਰਾਂ ਆਪ ਫੈਲਾਵੇਂ
ਸ਼ੁੱਧ ਹਵਾ ਦਾ ਹੋਕਾ ਲਾਵੇਂ
ਅੰਦਰੋਂ ਹੋਰ ਬਾਹਰੋਂ ਹੋਰ
ਕੀ ਕੀ ਖੋਲ੍ਹਾਂ ਪਾਜ
ਹੁਣ ਤੇਰੇ ਨਾਲ ਬੰਦਿਆ
ਕੁਦਰਤ ਹੋਈ ਨਾਰਾਜ਼...
ਅਜੇ ਕੁਝ ਨਾ ਵਿਗੜਿਆ
ਬੰਦਿਆ ਡੁੱਲ੍ਹੇ ਬੇਰਾਂ ਦਾ
ਨਹੀਂ ਨਤੀਜਾ ਘਾਤਕ ਹੋਊ
ਕਰੀਆਂ ਦੇਰਾਂ ਦਾ
ਆਉ ਮੀਤ ਜਾਣ ਲਈਏ
ਤੰਦਰੁਸਤੀ ਦਾ ਰਾਜ਼
ਹੁਣ ਤੇਰੇ ਨਾਲ ਬੰਦਿਆ
ਕੁਦਰਤ ਹੋਈ ਨਾਰਾਜ਼...



# ਏਸ਼ਿਆਈ ਖੇਡਾਂ ’ਚ ਭਾਰਤ ਦੀਆਂ ਮਹਿਲਾ ਅਤੇ ਪੁਰਸ਼ ਕਬੱਡੀ ਟੀਮਾਂ ਨੇ ਜਿੱਤੇ ਸੋਨ ਤਗਮੇ

ਨਾਗੋਆ/ਏ.ਟੀ.ਨਿਊਜ਼: ਭਾਰਤ ਨੇ ਏਸ਼ਿਆਈ ਖੇਡਾਂ 2026 ਵਿੱਚ ਕਬੱਡੀ ਦਾ ਸੋਨ ਤਗਮਾ ਜਿੱਤਣ ਦਾ ਸਿਲਸਿਲਾ ਜਾਰੀ ਰੱਖਦਿਆਂ ਪੁਰਸ਼ਾਂ ਦੇ ਫਾਈਨਲ ਵਿੱਚ ਇਰਾਨ ਨੂੰ 40-34 ਨਾਲ ਹਰਾ ਦਿੱਤਾ। ਇਸ ਜਿੱਤ ਨਾਲ ਭਾਰਤੀ ਪੁਰਸ਼ ਕਬੱਡੀ ਟੀਮ ਨੇ ਏਸ਼ਿਆਈ ਖੇਡਾਂ ਵਿੱਚ ਆਪਣਾ ਨੌਵਾਂ ਸੋਨ ਤਗਮਾ ਜਿੱਤਿਆ। ਭਾਰਤ ਨੇ 2018 ਦੀਆਂ ਜਕਾਰਤਾ ਏਸ਼ਿਆਈ ਖੇਡਾਂ ਨੂੰ ਛੱਡ ਕੇ ਹਰ ਵਾਰ ਪੁਰਸ਼ ਕਬੱਡੀ ਵਿੱਚ ਸੋਨ ਤਗਮਾ ਜਿੱਤਿਆ ਹੈ। 2018 ਵਿੱਚ ਇਰਾਨ ਨੇ ਖ਼ਿਤਾਬ ਜਿੱਤਿਆ ਸੀ, ਜਦਕਿ ਭਾਰਤ ਨੂੰ ਕਾਂਸੀ ਤਗਮੇ ਨਾਲ ਸਬਰ ਕਰਨਾ ਪਿਆ ਸੀ।

ਭਾਰਤ ਨੇ ਸ਼ਾਨਦਾਰ ਮੁਹਿੰਮ ਦੌਰਾਨ ਆਪਣਾ ਦਬਦਬਾ ਕਾਇਮ ਰੱਖਿਆ। ਟੀਮ ਨੇ ਗਰੁੱਪ ਗੇੜ ਵਿੱਚ ਜਾਪਾਨ, ਚੀਨੀ ਤਾਈਪੇਈ,






ਬੰਗਲਾਦੇਸ਼ ਅਤੇ ਦੱਖਣੀ ਕੋਰੀਆ ਨੂੰ ਹਰਾਉਂਦਿਆਂਜੇਤੂ ਰਹਿ ਕੇ ਸਿਖਰਲਾ ਸਥਾਨ ਹਾਸਲ ਕੀਤਾ। ਇਸ ਤੋਂ ਬਾਅਦ ਸੈਮੀਫਾਈਨਲ ਵਿੱਚ ਥਾਈਲੈਂਡ ਨੂੰ 66-28 ਨਾਲ ਹਰਾ ਕੇ ਫਾਈਨਲ ਵਿੱਚ ਥਾਂ ਬਣਾਈ।

ਭਾਰਤ ਦੀਆਂ ਮਹਿਲਾ ਕਬੱਡੀ ਖਿਡਾਰਨਾਂ ਨੇ ਵੀ ਅੱਜ ਇਰਾਨ ਨੂੰ 37-34 ਨਾਲ ਹਰਾ ਕੇ ਸੋਨ ਤਗਮਾ ਜਿੱਤਿਆ। ਇਸ ਤਰ੍ਹਾਂ ਏਸ਼ਿਆਈ ਖੇਡਾਂ ਦੇ ਇਸ ਗੇੜ ਵਿੱਚ ਭਾਰਤ ਨੇ ਪੁਰਸ਼ ਅਤੇ ਮਹਿਲਾ ਦੋਵਾਂ ਕਬੱਡੀ ਮੁਕਾਬਲਿਆਂ ਵਿੱਚ ਸੋਨ ਤਗਮੇ ਆਪਣੇ ਨਾਂਅ ਕੀਤੇ ਹਨ। ਮਹਿਲਾ ਟੀਮ ਪੂਰੇ ਟੂਰਨਾਮੈਂਟ ਦੌਰਾਨ ਜੇਤੂ ਰਹੀ।

ਪੁਰਸ਼ ਕਬੱਡੀ 1990 ਤੋਂ ਏਸ਼ਿਆਈ ਖੇਡਾਂ ਦਾ ਹਿੱਸਾ ਹੈ। ਭਾਰਤ ਨੇ ਹੁਣ ਤੱਕ ਹੋਈਆਂ 10 ਏਸ਼ਿਆਈ ਖੇਡਾਂ ਵਿੱਚੋਂ ਨੌਂ ਵਿੱਚ ਸੋਨ ਤਗਮਾ ਜਿੱਤਿਆ ਹੈ। 2023 ਦੀਆਂ ਹਾਂਗਜ਼ੂ ਏਸ਼ਿਆਈ ਖੇਡਾਂ ਵਿੱਚ ਵੀ ਭਾਰਤ ਨੇ ਸੋਨ ਤਗਮਾ ਜਿੱਤਿਆ ਸੀ। ਭਾਰਤ ਨੇ ਏਸ਼ਿਆਈ ਖੇਡਾਂ ਵਿੱਚ ਕਬੱਡੀ ਦੇ ਮੈਦਾਨ ’ਚ ਇਤਿਹਾਸ ਰਚ ਦਿੱਤਾ। ਭਾਰਤੀ ਪੁਰਸ਼ ਅਤੇ ਮਹਿਲਾ ਟੀਮਾਂ ਨੇ ਇੱਕੋ ਦਿਨ ਇਰਾਨ ਨੂੰ ਹਰਾ ਕੇ ਸੋਨ ਤਗਮੇ ਜਿੱਤੇ। ਪੁਰਸ਼ ਟੀਮ ਨੇ ਫਾਈਨਲ ਵਿੱਚ ਇਰਾਨ ਨੂੰ 40-34 ਨਾਲ ਮਾਤ ਦੇ ਕੇ ਸੋਨ ਤਗਮਾ ਆਪਣੇ ਨਾਂ ਕੀਤਾ। ਇਸ ਦੇ ਨਾਲ ਹੀ ਭਾਰਤ ਨੇ ਏਸ਼ਿਆਈ ਖੇਡਾਂ ਵਿੱਚ ਪੁਰਸ਼ ਕਬੱਡੀ ਦਾ ਸੋਨ ਤਗਮਾ 9ਵੀਂ ਵਾਰ ਜਿੱਤਿਆ ਹੈ।

ਪੁਰਸ਼ ਟੀਮ ਨੇ ਮੁਕਾਬਲੇ ਦੌਰਾਨ ਕਈ ਵਾਰ ਇਰਾਨ ’ਤੇ ਦਬਦਬਾ ਬਣਾਇਆ। ਭਾਰਤੀ ਖਿਡਾਰੀਆਂ ਨੇ ਹਮਲੇ ਦੇ ਨਾਲ-ਨਾਲ ਰੱਖਿਆ ਵਿੱਚ ਵੀ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਅੰਤ ਤੱਕ ਆਪਣੀ ਬੜ੍ਹਤ ਕਾਇਮ ਰੱਖੀ। ਇਸ ਤੋਂ ਪਹਿਲਾਂ ਭਾਰਤੀ ਮਹਿਲਾ ਕਬੱਡੀ ਟੀਮ ਨੇ ਵੀ ਫਾਈਨਲ ਵਿੱਚ ਇਰਾਨ ਨੂੰ ਮਾਤ ਦੇ ਕੇ ਸੋਨ ਤਗਮਾ ਜਿੱਤਿਆ। ਮਹਿਲਾ ਟੀਮ ਦੀ ਜਿੱਤ ਨਾਲ ਭਾਰਤ ਨੇ ਕਬੱਡੀ ਵਿੱਚ ਇੱਕੋ ਦਿਨ ਦੋ ਸੋਨ ਤਗਮੇ ਆਪਣੇ ਨਾਂਅ ਕਰ ਲਏ।

ਭਾਰਤ ਨੂੰ ਪੁਰਸ਼ ਕਬੱਡੀ ਵਿੱਚ 2018 ਦੀਆਂ ਜਕਾਰਤਾ ਏਸ਼ਿਆਈ ਖੇਡਾਂ ਤੋਂ ਇਲਾਵਾ ਹਰ ਵਾਰ ਸੋਨ ਤਗਮਾ ਮਿਲਿਆ ਹੈ। 2018 ਵਿੱਚ ਇਰਾਨ ਨੇ ਸੋਨ ਜਿੱਤਿਆ ਸੀ, ਜਦਕਿ ਭਾਰਤ ਨੂੰ ਕਾਂਸੀ ਦੇ ਤਗਮੇ ਨਾਲ ਸਬਰ ਕਰਨਾ ਪਿਆ ਸੀ।

# ਦੌੜਾਕ ਸੀਮਾ ਕੁਮਾਰੀ ਨੇ ਜਿੱਤਿਆ ਕਾਂਸੀ ਦਾ ਤ.ਗਮਾ




ਆਈਚੀ-ਨਾਗੋਆ / ਏ.ਟੀ.ਨਿਊਜ਼: ਚੰਬਾ ਦੇ ਦੂਰ-ਦੁਰਾਡੇ ਪਿੰਡ ਰੇਟਾ ਦੀ ਧੀ ਸੀਮਾ ਕੁਮਾਰੀ ਨੇ ਲੰਘੇ ਦਿਨੀਂ ਜਾਪਾਨ ਦੇ ਆਈਚੀ-ਨਾਗੋਆ ਵਿਖੇ ਮਹਿਲਾਵਾਂ ਦੀ 10,000 ਮੀਟਰ ਦੌੜ ਵਿੱਚ ਕਾਂਸੀ ਦਾ ਤ.ਗਮਾ ਹਾਸਲ ਕੀਤਾ ਹੈ।

ਸੀਮਾ ਨੇ 32 ਮਿੰਟ 50.05 ਸਕਿੰਟ ਦਾ ਸਮਾਂ ਕੱਢ ਕੇ ਸਖ਼ਤ ਮੁਕਾਬਲੇ ਵਾਲੀ ਦੌੜ ਵਿੱਚ ਤੀਜਾ ਸਥਾਨ ਹਾਸਲ ਕੀਤਾ, ਜਿਸ ਨਾਲ ਭਾਰਤ ਨੂੰ ਏਸ਼ਿਆਈ ਖੇਡਾਂ ਵਿੱਚ ਆਪਣਾ ਪਹਿਲਾ ਅਥਲੈਟਿਕਸ ਤ.ਗਮਾ ਮਿਲਿਆ ਅਤੇ ਮਹਿਲਾਵਾਂ ਦੀ 10,000 ਮੀਟਰ ਮੁਕਾਬਲੇ ਵਿੱਚ ਤ.ਗਮੇ ਲਈ ਦੇਸ਼ ਦਾ 16 ਸਾਲਾਂ ਦਾ ਇੰਤਜ਼ਾਰ ਖ਼ਤਮ ਹੋ ਗਿਆ।

ਬਹਿਰੀਨ ਦੀ ਵਿਨਫ੍ਰੇਡ ਯਾਵੀ ਨੇ 32:39.18 ਦੇ ਸਮੇਂ ਨਾਲ ਸੋਨ ਤ.ਗਮਾ ਜਿੱਤਿਆ, ਜਦੋਂ ਕਿ ਜਾਪਾਨ ਦੀ ਨੋਜ਼ੋਮੀ ਤਾਨਾਕਾ ਨੇ 32:41.54 ਵਿੱਚ ਚਾਂਦੀ ਦਾ ਤ.ਗਮਾ ਜਿੱਤਿਆ। ਸੀਮਾ, ਜੋ ਸ਼ੁਰੂਆਤੀ ਪੜਾਵਾਂ ਵਿੱਚ ਮੋਹਰੀ ਦੌੜਾਕਾਂ ਵਿੱਚ ਸ਼ਾਮਲ ਸੀ, ਦੌੜ ਦੇ ਵਿਚਕਾਰਲੇ ਹਿੱਸੇ ਦੌਰਾਨ ਪਿੱਛੇ ਖਿਸਕ ਗਈ ਸੀ ਪਰ ਕਾਂਸੀ ਦਾ ਤ.ਗਮਾ ਪੱਕਾ ਕਰਨ ਲਈ ਆਖਰੀ ਗੇੜ ਵਿੱਚ ਜ਼ਬਰਦਸਤ ਵਾਪਸੀ ਕੀਤੀ।

ਉਸਦੀ ਇਹ ਪ੍ਰਾਪਤੀ ਮਹਿਲਾਵਾਂ ਦੀ 10,000 ਮੀਟਰ ਵਿੱਚ ਭਾਰਤ ਲਈ ਸਿਰਫ਼ ਤੀਜਾ ਏਸ਼ਿਆਈ ਖੇਡਾਂ ਦਾ ਤ.ਗਮਾ ਹੈ। ਪਿਛਲੇ ਭਾਰਤੀ ਤ.ਗਮੇ 2010 ਦੀਆਂ ਏਸ਼ਿਆਈ ਖੇਡਾਂ ਵਿੱਚ ਆਏ ਸਨ, ਜਿੱਥੇ ਪ੍ਰੀਜਾ ਸ਼੍ਰੀਧਰਨ ਨੇ ਸੋਨ ਤ.ਗਮਾ ਅਤੇ ਕਵਿਤਾ ਰਾਵਤ ਨੇ ਚਾਂਦੀ ਦਾ ਤ.ਗਮਾ ਜਿੱਤਿਆ ਸੀ।

ਸੀਮਾ ਕੁਮਾਰੀ ਸਿਰਫ਼ 12 ਸਾਲਾਂ ਦੀ ਸੀ ਜਦੋਂ ਉਸ ਦੇ ਪਿਤਾ ਦਾ ਦੇਹਾਂਤ ਹੋ ਗਿਆ ਸੀ, ਜਿਸ ਤੋਂ ਬਾਅਦ ਉਸਦਾ ਪਰਿਵਾਰ ਗੁਜ਼ਾਰੇ ਲਈ ਵੱਡੇ ਪੱਧਰ ’ਤੇ ਖੇਤੀ ਅਤੇ ਪਸ਼ੂ ਪਾਲਣ ’ਤੇ ਨਿਰਭਰ ਸੀ।

ਇੱਕ ਦੌੜਾਕ ਵਜੋਂ ਆਪਣੇ ਸ਼ੁਰੂਆਤੀ ਦਿਨਾਂ ਵਿੱਚ, ਸੀਮਾ ਕੋਲ ਸਹੀ ਦੌੜਨ ਵਾਲੇ ਜੁੱਤੇ ਤੱਕ ਨਹੀਂ ਸਨ। ਉਸਦੀ ਪ੍ਰਤਿਭਾ ਨੂੰ ਪਹਿਲੀ ਵਾਰ ਸਕੂਲ ਦੇ ਮੁਕਾਬਲਿਆਂ ਵਿੱਚ ਦੇਖਿਆ ਗਿਆ ਸੀ, ਜਿੱਥੋਂ ਉਸ ਨੇ ਜ਼ਿਲ੍ਹਾ ਅਤੇ ਰਾਜ ਪੱਧਰੀ ਮੁਕਾਬਲਿਆਂ ਵਿੱਚ ਤਰੱਕੀ ਕੀਤੀ।

ਇੱਕ ਵੱਡਾ ਮੋੜ 2015 ਵਿੱਚ ਆਇਆ ਜਦੋਂ ਉਸਨੂੰ ਧਰਮਸ਼ਾਲਾ ਵਿੱਚ ਭਾਰਤੀ ਖੇਡ ਅਥਾਰਟੀ (ਸਾਈ) ਦੇ ਹੋਸਟਲ ਲਈ ਚੁਣਿਆ ਗਿਆ। ਪੇਸ਼ੇਵਰ ਕੋਚਿੰਗ ਅਤੇ ਬਿਹਤਰ ਸਿਖਲਾਈ ਸਹੂਲਤਾਂ ਤੱਕ ਪਹੁੰਚ ਨੇ ਉਸ ਨੂੰ ਰਾਸ਼ਟਰੀ ਅਥਲੈਟਿਕਸ ਸਰਕਟ ਵਿੱਚ ਤਬਦੀਲ ਹੋਣ ਵਿੱਚ ਮਦਦ ਕੀਤੀ। ਉਸ ਸਾਲ, ਉਸ ਨੇ ਰਾਂਚੀ ਵਿੱਚ ਜੂਨੀਅਰ ਨੈਸ਼ਨਲ ਅਥਲੈਟਿਕਸ ਚੈਂਪੀਅਨਸ਼ਿਪ ਵਿੱਚ ਸੋਨ ਤ.ਗਮਾ ਜਿੱਤਿਆ।

ਸੀਮਾ ਨੇ ਬਾਅਦ ਵਿੱਚ ਆਪਣੇ ਆਪ ਨੂੰ ਇੱਕ ਹੋਣਹਾਰ ਲੰਬੀ ਦੂਰੀ ਦੀ ਦੌੜਾਕ ਵਜੋਂ ਸਥਾਪਿਤ ਕੀਤਾ, 2,000 ਮੀਟਰ ਅਤੇ 3,000 ਮੀਟਰ ਮੁਕਾਬਲਿਆਂ ਵਿੱਚ ਜੂਨੀਅਰ ਰਾਸ਼ਟਰੀ ਰਿਕਾਰਡ ਬਣਾਏ ਅਤੇ ਰਾਸ਼ਟਰੀ ਖਿਤਾਬ ਜਿੱਤੇ। ਉਹ 2018 ਵਿੱਚ ਖੇਲੋ ਇੰਡੀਆ ਪ੍ਰੋਗਰਾਮ ਦਾ ਹਿੱਸਾ ਵੀ ਬਣੀ।

ਸੀਮ ਨੇ ਬੈਂਕਾਕ ਵਿੱਚ ਏਸ਼ਿਆਈ ਯੂਥ ਚੈਂਪੀਅਨਸ਼ਿਪ ਲਈ ਕੁਆਲੀਫਾਈ ਕੀਤਾ, ਤਾਂ ਉਸਦੀ ਮਾਂ ਨੇ ਕਥਿਤ ਤੌਰ ’ਤੇ ਉਸਦੇ ਭਾਗ ਲੈਣ ਦੇ ਖਰਚਿਆਂ ਨੂੰ ਪੂਰਾ ਕਰਨ ਲਈ ਇੱਕ ਫਿਕਸਡ ਡਿਪਾਜ਼ਿਟ ਤੋੜ ਦਿੱਤੀ। ਸੀਮਾ ਕਾਂਸੀ ਦਾ ਤ.ਗਮਾ ਜਿੱਤ ਕੇ ਵਾਪਸ ਪਰਤੀ, ਜਿਸ ਨਾਲ ਇੱਕ ਸਫਲ ਅੰਤਰਰਾਸ਼ਟਰੀ ਕੈਰੀਅਰ ਦੇ ਦਰਵਾਜ਼ੇ ਖੁੱਲ੍ਹ ਗਏ। ਉਸਨੇ ਬਾਅਦ ਵਿੱਚ 2018 ਯੂਥ ਏਸ਼ਿਆਈ ਉਲੰਪਿਕ ਕੁਆਲੀਫਾਈਂਗ ਗੇਮਜ਼ ਵਿੱਚ ਚਾਂਦੀ ਦਾ ਤ.ਗਮਾ ਜਿੱਤਿਆ।

2024 ਵਿੱਚ, ਉਸ ਨੇ ਹਾਂਗਕਾਂਗ ਵਿੱਚ 17ਵੀਂ ਏਸ਼ੀਆ ਕ੍ਰਾਸ ਕੰਟਰੀ ਚੈਂਪੀਅਨਸ਼ਿਪ ਵਿੱਚ 10,000 ਮੀਟਰ ਮੁਕਾਬਲੇ ਵਿੱਚ ਸੋਨ ਤ.ਗਮਾ ਜਿੱਤ ਕੇ ਆਪਣੀਆਂ ਪ੍ਰਮਾਣ ਪੱਤਰਾਂ ਨੂੰ ਰੇਖਾਂਕਿਤ ਕੀਤਾ।ਏਸ਼ਿਆਈ ਖੇਡਾਂ ਤੋਂ ਪਹਿਲਾਂ, 10,000 ਮੀਟਰ ਦੌੜ ਵਿੱਚ ਸੀਮਾ ਦਾ ਨਿੱਜੀ ਸਰਵੋਤਮ ਪ੍ਰਦਰਸ਼ਨ 32:02.43 ਸੀ।

ਆਪਣੇ ਕਾਂਸੀ ਦਾ ਤ.ਗਮਾ ਜਿੱਤਣ ਵਾਲੇ ਪ੍ਰਦਰਸ਼ਨ ਤੋਂ ਬਾਅਦ, ਸੀਮਾ ਨੇ ਕਿਹਾ ਕਿ ਉਸਦਾ ਅਗਲਾ ਟੀਚਾ 2028 ਦੇ ਲਾਸ ਏਂਜਲਸ ਉਲੰਪਿਕ ਹਨ। ਉਸਨੇ ਕਿਹਾ ਕਿ ਏਸ਼ਿਆਈ ਖੇਡਾਂ ਦਾ ਤ.ਗਮਾ ਹੌਲੀ ਹੋਣ ਦਾ ਕਾਰਨ ਨਹੀਂ ਹੈ ਅਤੇ ਉਹ ਭਾਰਤ ਲਈ ਉਲੰਪਿਕ ਤ.ਗਮਾ ਜਿੱਤਣ ਦੇ ਟੀਚੇ ਨਾਲ ਹੋਰ ਸਖ਼ਤ ਮਿਹਨਤ ਕਰੇਗੀ।ਚੰਬਾ ਦੇ ਇੱਕ ਦੂਰ-ਦੁਰਾਡੇ ਪਿੰਡ ਵਿੱਚ ਬਿਨਾਂ ਸਹੀ ਜੁੱਤੀਆਂ ਦੇ ਦੌੜਨ ਤੋਂ ਲੈ ਕੇ ਏਸ਼ਿਆਈ ਖੇਡਾਂ ਦੇ ਪੋਡੀਅਮ ’ਤੇ ਖੜ੍ਹੇ ਹੋਣ ਤੱਕ, ਸੀਮਾ ਕੁਮਾਰੀ ਨੇ ਮੁਸ਼ਕਿਲਾਂ ਨਾਲ ਭਰੇ ਬਚਪਨ ਨੂੰ ਹਿਮਾਚਲ ਪ੍ਰਦੇਸ਼ ਅਤੇ ਭਾਰਤੀ ਅਥਲੈਟਿਕਸ ਲਈ ਇੱਕ ਮੀਲ ਪੱਥਰ ਪ੍ਰਾਪਤੀ ਵਿੱਚ ਬਦਲ ਦਿੱਤਾ ਹੈ।

# ਏਸ਼ਿਆਈ ਖੇਡਾਂ ’ਚ ਗੁਲਵੀਰ ਸਿੰਘ ਨੇ ਜਿੱਤਿਆ ਚਾਂਦੀ ਦਾ ਤ.ਗਮਾ




ਨਾਗੋਆ/ਏ.ਟੀ.ਨਿਊਜ਼ : ਭਾਰਤੀ ਲੰਮੀ ਦੂਰੀ ਦੇ ਦੌੜਾਕ ਗੁਲਵੀਰ ਸਿੰਘ ਨੇ ਏਸ਼ਿਆਈ ਖੇਡਾਂ ਦੀ 10,000 ਮੀਟਰ ਦੌੜ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਚਾਂਦੀ ਦਾ ਤ.ਗਮਾ ਜਿੱਤਿਆ ਹੈ। ਉਸ ਨੇ 28 ਮਿੰਟ 29.38 ਸੈਕਿੰਡ ਦਾ ਸਮਾਂ ਕੱਢ ਕੇ ਕੌਮਾਂਤਰੀ ਪੱਧਰ ’ਤੇ ਆਪਣੀ ਸ਼ਾਨਦਾਰ ਲੈਅ ਬਰਕਰਾਰ ਰੱਖੀ। ਪਿਛਲੀਆਂ ਹਾਂਗਜ਼ੂ ਏਸ਼ਿਆਈ ਖੇਡਾਂ ਵਿੱਚ ਗੁਲਵੀਰ ਨੇ ਇਸੇ ਮੁਕਾਬਲੇ ਵਿੱਚ ਕਾਂਸੇ ਦਾ ਤ.ਗਮਾ ਜਿੱਤਿਆ ਸੀ।ਇਸ ਦੌੜ ਵਿੱਚ ਬਹਿਰੀਨ ਦੇ ਬਿਰਹਾਨੂ ਬਾਲੇਵ ਨੇ 28 ਮਿੰਟ 27.51 ਸੈਕਿੰਡ ਦੇ ਸਮੇਂ ਨਾਲ ਸੋਨ ਤ.ਗਮਾ ਆਪਣੇ ਨਾਂਅ ਕੀਤਾ। ਇਸੇ ਤਰ੍ਹਾਂ ਬਹਿਰੀਨ ਦੇ ਹੀ ਐਲਬਰਟ ਕਿਪਟੋ ਨੇ 28 ਮਿੰਟ 34.18 ਸੈਕਿੰਡ ਦੇ ਸਮੇਂ ਨਾਲ ਕਾਂਸੇ ਦਾ ਤ.ਗਮਾ ਜਿੱਤਿਆ।ਇਸ ਤੋਂ ਪਹਿਲਾਂ ਗੁਲਵੀਰ ਨੇ ਗਲਾਸਗੋ ਵਿੱਚ ਹੋਈਆਂ ਰਾਸ਼ਟਰਮੰਡਲ ਖੇਡਾਂ ਦੌਰਾਨ 10,000 ਮੀਟਰ ਦੌੜ ਵਿੱਚ ਚਾਂਦੀ ਅਤੇ 5,000 ਮੀਟਰ ਵਿੱਚ ਕਾਂਸੇ ਦਾ ਤ.ਗਮਾ ਜਿੱਤਿਆ ਸੀ।

ਭਾਰਤੀ ਫ਼ੌਜ ਵਿੱਚ ਨਾਇਬ ਸੂਬੇਦਾਰ ਵਜੋਂ ਸੇਵਾ ਨਿਭਾਅ ਰਹੇ 28 ਸਾਲਾ ਗੁਲਵੀਰ ਨੇ ਦੱਖਣੀ ਕੋਰੀਆ ਵਿੱਚ ਹੋਈ 2025 ਏਸ਼ਿਆਈ ਐਥਲੈਟਿਕਸ ਚੈਂਪੀਅਨਸ਼ਿਪ ਦੀਆਂ 5,000 ਤੇ 10,000 ਮੀਟਰ ਦੌੜਾਂ ’ਚ ਵੀ ਸੋਨ ਤ.ਗਮੇ ਜਿੱਤੇ ਸਨ।

# ਜਦੋਂ ਖੇਡ ਮੈਦਾਨ ’ਚ ਹੋਈ ਲੰਬੂ ਜੀ, ਲੰਬੂ ਜੀ ਤੇ ਛੋਟੂ ਜੀ.... ਛੋਟੂ ਜੀ....

## ਸਾਢੇ ਛੇ ਫੁੱਟ ਦੇ ਕੋਚ ਅਤੇ ਚਾਰ ਫੁੱਟ ਦੇ ਖਿਡਾਰੀ ਦੀ ਯਾਦਗਾਰੀ ਮੁਲਾਕਾਤ

## ਅੰਤਰਰਾਸ਼ਟਰੀ ਪੱਧਰ ਦਾ ਖਿਡਾਰੀ ਬਣਨ ਦੀ ਇੱਛਾ ਰੱਖਦਾ ਹੈ ਚਾਰ ਫੁੱਟ ਦਾ ਐਸ਼ਪ੍ਰੀਤ ਸਿੰਘ

ਤਰਨ ਤਾਰਨ/ਏ.ਟੀ.ਨਿਊਜ਼: ਤਰਨ ਤਾਰਨ ਵਿੱਚ ਇਕ ਕੋਚ ਸਾਢੇ ਛੇ ਫੁੱਟ ਦਾ ਹੈ ਤੇ ਖਿਡਾਰੀ ਚਾਰ ਫੁੱਟ ਤੋਂ ਘੱਟ ਹੈ ਪਰ ਦੋਵਾਂ ਨੂੰ ਆਪਣੇ ਆਪਣੇ ਕੱਦ ’ਤੇ ਮਾਣ ਹੈ।

ਹਾਲ ਹੀ ਵਿੱਚ ਐਥਲੈਟਿਕਸ ਐਸੋਸੀਏਸ਼ਨ ਤਰਨ ਤਰਨ ਵੱਲੋਂ ਇਥੋਂ ਦੇ ਸ੍ਰੀ ਗੁਰੂ ਅਰਜਨ ਦੇਵ ਸਪੋਰਟਸ ਸਟੇਡੀਅਮ ਵਿੱਚ ਕਰਵਾਈ ਗਈ ਦੋ-ਰੋਜ਼ਾ ਪੰਜਾਬ ਓਪਨ ਸਟੇਟ ਚੈਂਪੀਅਨਸ਼ਿਪ ਵਿੱਚ ਐਸ਼ਪ੍ਰੀਤ ਸਿੰਘ ਵਾਸੀ ਗੁਮਾਨਪੁਰਾ (ਅੰਮ੍ਰਿਤਸਰ) ਨੇ ਸਾਰਿਆਂ ਦਾ ਧਿਆਨ ਆਪਣੇ ਵੱਲ ਖਿੱਚਿਆ। 17 ਸਾਲਾ ਐਸ਼ਪ੍ਰੀਤ ਸਿੰਘ ਖੇਡਾਂ ਦੀ ਐੱਫ-40 ਕੈਟੇਗਰੀ ਵਿੱਚ ਦੋ ਸੋਨ ਤ.ਗਮੇ ਜਿੱਤ ਚੁੱਕਿਆ ਹੈ। ਉਸ ਨੇ ਨੈਸ਼ਨਲ ਪੱਧਰ ਤੇ ਜੈਵਲਿਨ ਥਰੋਅ ਅਤੇ ਸ਼ਾਟ-ਪੁੱਟ (ਗੋਲਾ ਸੁੱਟਣ) ਵਿੱਚ ਇਹ ਤ.ਗਮੇ ਜਿੱਤੇ ਹਨ। ਤਿੰਨ ਫੁੱਟ



11 ਇੰਚ ਦਾ ਐਸ਼ਪ੍ਰੀਤ ਸਿੰਘ ਤਰਨ ਤਰਨ ਵਿੱਚ ਇੱਕ ਬਹੁਤ ਉੱਚੇ ਲੰਮੇ ਨੌਜਵਾਨ ਸਰੂਪ ਸਿੰਘ, ਜਿਸ ਦਾ ਕੱਦ 6 ਫੁੱਟ 6 ਇੰਚ ਹੈ, ਨੂੰ ਉਚੇਚੇ ਤੌਰ ’ਤੇ ਮਿਲਣ ਲਈ ਆਇਆ ਸੀ।ਸਰੂਪ ਸਿੰਘ ਅੰਤਰਰਾਸ਼ਟਰੀ ਹੈਂਡਬਾਲ ਦਾ ਕੋਚ ਹੈ। ਉਸ ਨੇ ਦੱਸਿਆ ਕਿ ਐਸ਼ਪ੍ਰੀਤ ਸਿੰਘ ਹੁਣ 17 ਸਾਲ ਦੀ ਉਮਰ ਦਾ ਹੈ ਅਤੇ ਉਹ ਜੂਨੀਅਰ ਨੈਸ਼ਨਲ ਦੀ ਤਿਆਰੀ ਕਰ ਰਿਹਾ ਹੈ। ਉਹ ਸਰੂਪ ਸਿੰਘ ਨੂੰ ਮਿਲ ਕੇ ਬਹੁਤ ਖੁਸ਼ ਹੋਇਆ ਅਤੇ ਉਸ ਨੇ ਕਿਹਾ ਕਿ ਜਿੱਥੇ ਸਰੂਪ ਸਿੰਘ ਨੂੰ ਆਪਣੇ ਉੱਚੇ ਕੱਦ ਦਾ ਮਾਣ ਹੈ, ਉੱਥੇ ਉਸ ਨੂੰ (ਐਸ਼ਪ੍ਰੀਤ ਸਿੰਘ) ਨੂੰ ਵੀ ਆਪਣੇ ਚਾਰ ਫੁੱਟ ਤੋਂ ਇੱਕ ਇੰਚ ਘੱਟ ਕੱਦ ਦਾ ਉਨ੍ਹਾਂ ਹੀ ਗਰੂਰ ਹੈ ਕਿਉਂਕਿ ਲੋਕ ਉਸ ਵੱਲ ਬਦੋ-ਬਦੀ ਖਿੱਚੇ ਆਉਂਦੇ ਹਨ। ਉਹ ਜ਼ਿੰਦਗੀ ਵਿੱਚ ਇਮਾਨਦਾਰੀ ਨਾਲ ਮਿਹਨਤ ਕਰਦੇ ਰਹਿਣ ਨੂੰ ਇੱਕ ਵਿਲੱਖਣ ਜਾਇਦਾਦ ਸਮਝਦਾ ਹੈ। ਉਸ ਨੇ ਕਿਹਾ ਕਿ ਉਹ ਖੇਡਾਂ ਵਿੱਚ ਇੱਕ ਦਿਨ ਅੰਤਰਰਾਸ਼ਟਰੀ ਪੱਧਰ ਦਾ ਖਿਡਾਰੀ ਬਣਨ ਦੀ ਇੱਛਾ ਰੱਖ ਰਿਹਾ ਹੈ।




# 72ਵੇਂ ਰਾਸ਼ਟਰੀ ਫ਼ਿਲਮ ਪੁਰਸਕਾਰ ਸਮਾਗਮ ਦਾ ਆਯੋਜਨ

ਲੰਘੇ ਦਿਨੀਂ 72ਵੇਂ ਰਾਸ਼ਟਰੀ ਫਿਲਮ ਪੁਰਸਕਾਰ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਅਦਾਕਾਰਾਂ ਨੂੰ ਸਿਨੇਮਾ ਦੀ ਦੁਨੀਆ ਵਿੱਚ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਸਨਮਾਨਿਤ ਕੀਤਾ ਗਿਆ। ਗੁਜਰਾਤ ਵਿੱਚ ਹੋਏ 72ਵੇਂ ਨੈਸ਼ਨਲ ਫਿਲਮ ਅਵਾਰਡਜ਼ ਸਮਾਰੋਹ ਵਿੱਚ ਅਦਾਕਾਰਾ ਯਾਮੀ ਗੌਤਮ ਨੂੰ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਤੋਂ 'ਬੈਸਟ ਐਕਟ੍ਰੈਸ ਇਨ ਏ ਲੀਡਿੰਗ ਰੋਲ' (ਸਰਬੋਤਮ ਅਦਾਕਾਰਾ) ਦਾ ਨੈਸ਼ਨਲ ਫਿਲਮ ਅਵਾਰਡ ਮਿਲਿਆ।

ਉਨ੍ਹਾਂ ਨੂੰ ਆਦਿਤਿਆ ਸੁਹਾਸ ਜੰਭਾਲੇ ਦੀ ਫਿਲਮ 'ਆਰਟੀਕਲ 370' ਵਿੱਚ ਇੰਟੈਲੀਜੈਂਸ ਅਫ਼ਸਰ ਜ਼ੂਨੀ ਹਕਸਰ ਦੇ ਕਿਰਦਾਰ ਲਈ ਸਨਮਾਨਿਤ ਕੀਤਾ ਗਿਆ। ਇਹ ਯਾਮੀ ਦਾ ਪਹਿਲਾ ਨੈਸ਼ਨਲ ਫਿਲਮ ਅਵਾਰਡ ਹੈ।

'ਬੈਸਟ ਐਕਟਰ' (ਸਰਬੋਤਮ ਅਦਾਕਾਰ) ਦਾ ਅਵਾਰਡ ਮਮੂਟੀ (ਫਿਲਮ 'ਬ੍ਰਹਮਯੁਗਮ' ਲਈ) ਅਤੇ ਕਾਰਤਿਕ ਆਰੀਅਨ (ਫਿਲਮ 'ਚੰਦੂ ਚੈਂਪੀਅਨ' ਲਈ) ਵਿਚਾਲੇ ਸਾਂਝਾ ਕੀਤਾ ਗਿਆ, ਪਰ ਇਸ ਸਾਲ 'ਬੈਸਟ ਐਕਟ੍ਰੈਸ' ਦਾ ਸਨਮਾਨ ਇਕੱਲੀ ਯਾਮੀ ਨੂੰ ਮਿਲਿਆ।

ਉਨ੍ਹਾਂ ਦੀ ਫਿਲਮ 'ਆਰਟੀਕਲ 370' ਨੇ 'ਬੈਸਟ ਫੀਚਰ ਫਿਲਮ' ਦਾ ਅਵਾਰਡ ਵੀ ਜਿੱਤਿਆ, ਜਿਸ ਨਾਲ ਇਹ 72ਵੇਂ ਨੈਸ਼ਨਲ ਫਿਲਮ ਅਵਾਰਡਜ਼ ਵਿੱਚ ਪ੍ਰਮੁੱਖ ਜੇਤੂਆਂ ਵਿੱਚੋਂ ਇੱਕ ਬਣ ਗਈ। ਸਮਾਰੋਹ ਵਿੱਚ ਯਾਮੀ ਦੇ ਨਾਲ ਉਨ੍ਹਾਂ ਦੇ ਫਿਲਮਮੇਕਰ ਪਤੀ ਆਦਿਤਿਆ ਧਰ ਵੀ ਮੌਜੂਦ ਸਨ।

ਦਿੱਗਜ ਅਦਾਕਾਰ ਅਨੰਤ ਨਾਗ ਨੂੰ ਪੁਰਸਕਾਰ ਸਮਾਰੋਹ ਵਿੱਚ ਦਾਦਾ ਸਾਹਿਬ ਫਾਲਕੇ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਅਵਾਰਡ ਲੈਂਦੇ ਸਮੇਂ ਉਨ੍ਹਾਂ ਨੂੰ ਸਨਮਾਨ ਦੇਣ ਲਈ ਪੂਰਾ ਹਾਲ ਤਾਲੀਆਂ ਨਾਲ ਗੂੰਜ ਉੱਠਿਆ ਅਤੇ ਮਮੂਟੀ ਨੂੰ ਸਟੈਂਡਿੰਗ ਓਵੇਸ਼ਨ ਦਿੱਤਾ ਗਿਆ। ਅਵਾਰਡ ਲੈਂਦੇ ਵੇਲੇ ਅਦਾਕਾਰ ਕਾਫ਼ੀ ਭਾਵੁਕ ਨਜ਼ਰ ਆਏ। ਸਨਮਾਨ ਸਮਾਰੋਹ ਵਿੱਚ ਫਿਲਮ 'ਸ੍ਰੀਕਾਂਤ' ਨੂੰ 'ਰਜਤ ਕਮਲ' ਪੁਰਸਕਾਰ ਨਾਲ ਨਿਵਾਜਿਆ ਗਿਆ।

72ਵੇਂ ਨੈਸ਼ਨਲ ਫਿਲਮ ਅਵਾਰਡਜ਼ ਸਮਾਰੋਹ ਦੌਰਾਨ ਤਮਿਲ ਅਦਾਕਾਰ ਧਨੁਸ਼ ਨੂੰ ਫਿਲਮ 'ਕੈਪਟਨ ਮਿਲਰ' ਵਿੱਚ ਉਨ੍ਹਾਂ ਦੀ ਸ਼ਾਨਦਾਰ ਅਦਾਕਾਰੀ ਲਈ 'ਨੈਸ਼ਨਲ ਫਿਲਮ ਅਵਾਰਡ - ਸਪੈਸ਼ਲ ਮੈਂਸ਼ਨ (ਫੀਚਰ ਫਿਲਮ)' ਨਾਲ ਸਨਮਾਨਿਤ ਕੀਤਾ ਗਿਆ। ਫਿਲਮ ਦਾ ਨਿਰਦੇਸ਼ਨ ਅਰੁਣ ਮਾਥੇਸ਼ਵਰਨ ਨੇ ਕੀਤਾ ਹੈ।



# ਪ੍ਰਸਿੱਧ ਅਦਾਕਾਰ ਮੁਸ਼ਤਾਕ ਖ਼ਾਨ ਦਾ ਦੇਹਾਂਤ

## ਸੜਕ ਤੋਂ ਲੈ ਕੇ ਦਿਲ ਹੈ ਕੀ ਮਾਨਤਾ ਨਹੀਂ, ਸਾਥੀ,ਆਸ਼ਿਕੀ, ਜਨੂੰਨ, ਗੁਮਰਾਹ ਅਤੇ ਵੈਲਕਮ ਤੱਕ ਦੀਆਂ ਫਿਲਮਾਂ 'ਚ ਨਿਭਾਈਆਂ ਯਾਦਗਾਰ ਭੂਮਿਕਾਵਾਂ



ਹਿੰਦੀ ਸਿਨੇਮਾ ਵਿੱਚ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ ਜਾਣੇ-ਪਛਾਣੇ ਚਿਹਰੇ ਮੁਸ਼ਤਾਕ ਖਾਨ ਦਾ ਪਿਛਲੇ ਦਿਨੀਂ ਮੁੰਬਈ ਦੇ ਨਾਨਾਵਤੀ ਹਸਪਤਾਲ ਵਿੱਚ ਦੇਹਾਂਤ ਹੋ ਗਿਆ। 75 ਸਾਲਾ ਅਦਾਕਾਰ ਪਿਛਲੇ 15 ਦਿਨਾਂ ਤੋਂ ਹਸਪਤਾਲ ਵਿੱਚ ਭਰਤੀ ਸੀ। ਉਹ ਕੈਂਸਰ ਨਾਲ ਜੂਝ ਰਹੇ ਸਨ ਅਤੇ ਦੱਸਿਆ ਜਾ ਰਿਹਾ ਹੈ ਕਿ ਉਹ ਇਸਦੇ ਆਖਰੀ ਪੜਾਅ ਵਿੱਚ ਸਨ। ਰਿਪੋਰਟਾਂ ਅਨੁਸਾਰ, ਅਦਾਕਾਰ ਦੀ ਸਿਹਤ ਵਿਗੜਨ ਤੋਂ ਬਾਅਦ ਉਸਨੂੰ ਹਸਪਤਾਲ ਲਿਜਾਇਆ ਗਿਆ ਸੀ ਅਤੇ ਉਸਨੂੰ ਆਈ.ਸੀ.ਯੂ. ਵਿੱਚ ਦਾਖਲ ਕਰਵਾਇਆ ਗਿਆ ਸੀ। ਪੰਜ ਸਾਲ ਪਹਿਲਾਂ ਉਸਨੂੰ ਇਸ ਬਿਮਾਰੀ ਦਾ ਪਤਾ ਲੱਗਿਆ ਸੀ, ਪਰ ਇਹ ਅਚਾਨਕ ਦੁਬਾਰਾ ਸਾਹਮਣੇ ਆ ਗਈ। ਉਸਦੀ ਹਾਲਤ ਗੰਭੀਰ ਹੋਣ ਤੋਂ ਬਾਅਦ ਉਸਨੂੰ ਨਾਨਾਵਤੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ, ਜਿਸ ਦੇ ਉਸਦਾ ਦੇਹਾਂਤ ਹੋ ਗਿਆ।

ਮੁਸ਼ਤਾਕ ਦੀ ਪਤਨੀ ਦਾ ਨਾਮ ਸਲਮਾ ਖਾਨ ਹੈ ਅਤੇ ਉਨ੍ਹਾਂ ਦੇ ਦੋ ਬੱਚੇ ਹਨ, ਮੁਹੰਮਦ ਅਰਸ਼ਦ ਖਾਨ ਅਤੇ ਇੱਕ ਧੀ। ਅਰਸ਼ਦ ਖਾਨ ਇੱਕ ਉਭਰਦੇ ਅਦਾਕਾਰ ਹਨ, ਜਦੋਂ ਕਿ ਉਨ੍ਹਾਂ ਦੇ ਛੋਟੇ ਪੁੱਤਰ, ਮੋਹਸਿਨ ਖਾਨ, ਇੱਕ ਮਾਡਲ ਵਜੋਂ ਕੰਮ ਕਰਦੇ ਹਨ। ਮੁਸ਼ਤਾਕ ਦੀ ਇੱਕ ਨੂੰਹ ਵੀ ਹੈ ਜਿਸਦਾ ਨਾਮ ਸਬਾ ਖਾਨ ਹੈ, ਜੋ ਕਿ ਇੱਕ ਅਧਿਆਪਕਾ ਹੈ।

ਬਜ਼ੁਰਗ ਅਦਾਕਾਰ ਮੁਸ਼ਤਾਕ ਖਾਨ ਭਾਵੇਂ ਇਸ ਦੁਨੀਆ ਨੂੰ ਛੱਡ ਗਏ ਹੋਣ, ਪਰ ਉਹ ਹਮੇਸ਼ਾ ਆਪਣੇ ਕੰਮ ਕਾਰਨ ਆਪਣੇ ਪ੍ਰਸ਼ੰਸਕਾਂ ਦੇ ਦਿਲਾਂ ਵਿੱਚ ਜਿਉਂਦਾ ਰਹੇਗਾ। ਮੁਸ਼ਤਾਕ ਖਾਨ ਨੇ ਕਈ ਵਾਰ ਆਪਣੀਆਂ ਭੂਮਿਕਾਵਾਂ ਨਾਲ ਦਰਸ਼ਕਾਂ ਨੂੰ ਹਸਾਇਆ ਅਤੇ ਕਈ ਵਾਰ ਖਲਨਾਇਕ ਦੀ ਭੂਮਿਕਾ ਨਿਭਾ ਕੇ ਉਨ੍ਹਾਂ ਨੂੰ ਡਰਾਇਆ। ਮੁਸ਼ਤਾਕ ਖਾਨ ਕੋਲ ਸ਼ਾਨਦਾਰ ਕਾਮਿਕ ਟਾਈਮਿੰਗ ਸੀ। ਉਸਨੇ ਸਹਾਇਕ ਭੂਮਿਕਾਵਾਂ ਵਿੱਚ ਆਪਣੇ ਆਪ ਨੂੰ ਸਥਾਪਿਤ ਕੀਤਾ।

ਮੁਸ਼ਤਾਕ ਖਾਨ ਫਿਲਮ 'ਵੈਲਕਮ' ਲਈ ਜਾਣੇ ਜਾਂਦੇ ਹਨ। ਇਸ ਫਿਲਮ ਵਿੱਚ, ਉਸਨੇ ਉਦੈ ਸ਼ੈੱਟੀ ਦੇ ਗੈਂਗ ਦੇ ਮੈਂਬਰ ਬੱਲੂ ਦੀ ਭੂਮਿਕਾ ਨਿਭਾਈ। ਉਸਨੇ ਇਸ ਭੂਮਿਕਾ ਨਾਲ ਭਰਪੂਰ ਮਨੋਰੰਜਨ ਕੀਤਾ। ਫਿਲਮ ਦਾ ਉਸਦਾ ਇੱਕ ਮੋਨੋਲੋਗ ਵੀ ਬਹੁਤ ਮਸ਼ਹੂਰ ਹੋਇਆ। 'ਮੇਰੀ ਇੱਕ ਨਕਲੀ ਲੱਤ ਹੈ, ਮੈਂ ਇੱਕ ਮਹਾਨ ਹਾਕੀ ਖਿਡਾਰੀ ਸੀ' ਉਸਦਾ ਪ੍ਰਸਿੱਧ ਡਾਇਲੌਗ ਹੈ।

ਮੁਸ਼ਤਾਕ ਨੇ ਫਿਲਮ 'ਅਲਬਰਟ ਪਿੰਟੋ ਕੋ ਗੁੱਸਾ ਕਿਉਂ ਆਤਾ ਹੈ' ਨਾਲ ਆਪਣੀ ਸ਼ੁਰੂਆਤ ਕੀਤੀ। ਉਸ ਦੀਆਂ ਸਭ ਤੋਂ ਮਸ਼ਹੂਰ ਫਿਲਮਾਂ ਵਿੱਚ ਰਾਜਾ, ਵੈਲਕਮ ਬੈਕ, ਆਸ਼ਿਕੀ, ਦਿਲ ਹੈ ਕੀ ਮੰਤਾ ਨਹੀਂ, ਸੜਕ, ਗਦਰ, ਰਾਉਡੀ ਰਾਠੌਰ,ਜੋੜੀ ਨੰਬਰ 1, ਮੁਝਸੇ ਸ਼ਾਦੀ ਕਰੋਗੀ, ਵਾਂਟੇਡ, ਓ ਮਾਈ ਗੌਡ ਸ਼ਾਮਲ ਹਨ।

ਮੁਸ਼ਤਾਕ ਨੂੰ ਆਖਰੀ ਵਾਰ ਵਣਵਾਸ, ਬੇਬੀ ਜੌਨ, ਧੂਮ ਧਾਮ, ਜਾਤ ਅਤੇ ਹਮ ਅੰਗਰੇਜ਼ ਕੇ ਜ਼ਮਾਨੇ ਕੇ ਜੇਲ੍ਹਰ ਹੈਂ ਵਰਗੀਆਂ ਫਿਲਮਾਂ ਵਿੱਚ ਦੇਖਿਆ ਗਿਆ ਸੀ। ਮੁਸ਼ਤਾਕ ਖਾਨ ਦਾ ਜਨਮ 1975 ਵਿੱਚ ਹੋਇਆ ਸੀ। ਉਹ ਮੱਧ ਪ੍ਰਦੇਸ਼ ਦਾ ਰਹਿਣ ਵਾਲਾ ਸੀ। ਉਸਨੇ ਫਿਲਮਾਂ ਅਤੇ ਟੈਲੀਵਿਜ਼ਨ ਵਿੱਚ ਆਪਣਾ ਕੈਰੀਅਰ ਬਣਾਇਆ ਹੈ। ਇਹ ਧਿਆਨ ਦੇਣ ਯੋਗ ਹੈ ਕਿ ਮੁਸ਼ਤਾਕ ਖਾਨ ਨੂੰ ਇੱਕ ਵਾਰ ਅਗਵਾ ਕੀਤਾ ਗਿਆ ਸੀ ਅਤੇ 12 ਘੰਟੇ ਤਸੀਹੇ ਦਿੱਤੇ ਗਏ ਸਨ। ਮੁਸ਼ਤਾਕ ਨੇ ਇਸ ਘਟਨਾ ਬਾਰੇ ਦੱਸਦੇ ਹੋਏ ਕਿਹਾ, 'ਮੈਨੂੰ ਇੱਕ ਵਾਰ ਇੱਕ ਪੁਰਸਕਾਰ ਸਮਾਗਮ ਲਈ ਪੇਸ਼ਕਸ਼ ਮਿਲੀ ਸੀ। ਵੱਖ-ਵੱਖ ਖੇਤਰਾਂ ਦੇ ਲੋਕਾਂ ਨੂੰ ਸਨਮਾਨਿਤ ਕੀਤਾ ਜਾਣਾ ਸੀ। ਸੀਨੀਅਰ ਅਦਾਕਾਰਾਂ ਨੂੰ 75,000 ਰੁਪਏ ਦੀ ਫੀਸ ਵੀ ਦਿੱਤੀ ਗਈ ਸੀ।25,000 ਰੁਪਏ ਪਹਿਲਾਂ ਹੀ ਦਿੱਤੇ ਗਏ ਸਨ। ਫਲਾਈਟ ਟਿਕਟਾਂ ਵੀ ਬੁੱਕ ਕੀਤੀਆਂ ਗਈਆਂ ਸਨ। ਪਰ ਫਿਰ, ਰਸਤੇ ਵਿੱਚ, ਉਸਨੂੰ ਮੇਰਠ ਵਿੱਚ ਅਗਵਾ ਕਰ ਲਿਆ ਗਿਆ। ਅਗਵਾਕਾਰਾਂ ਨੇ 1 ਕਰੋੜ ਰੁਪਏ ਦੀ ਫਿਰੌਤੀ ਮੰਗੀ ਪਰ ਫਿਰ ਮੁਸ਼ਤਾਕ ਨੇ ਕਿਸੇ ਤਰ੍ਹਾਂ ਆਪਣੀ ਜਾਨ ਬਚਾਈ ਅਤੇ ਉੱਥੋਂ ਭੱਜ ਗਿਆ।ਲੋਕ ਸੋਸ਼ਲ ਮੀਡੀਆ 'ਤੇ ਬਾਲੀਵੁੱਡ, ਟੀਵੀ ਅਤੇ ਖੇਤਰੀ ਸਿਨੇਮਾ ਵਿੱਚ ਤਿੰਨ ਦਹਾਕਿਆਂ ਤੋਂ ਵੱਧ ਸਮਾਂ ਬਿਤਾ ਚੁੱਕੇ ਮੁਸ਼ਤਾਕ ਖਾਨ ਦੀ ਕੁੱਲ ਜਾਇਦਾਦ ਦੀ ਵੀ ਜਾਂਚ ਕਰ ਰਹੇ ਹਨ। ਇਹ ਧਿਆਨ ਦੇਣ ਯੋਗ ਹੈ ਕਿ ਅਦਾਕਾਰ ਦੀ ਅਨੁਮਾਨਿਤ ਕੁੱਲ ਜਾਇਦਾਦ ਲਗਭਗ 10 ਮਿਲੀਅਨ ਡਾਲਰ (ਲਗਭਗ ?80-83 ਕਰੋੜ) ਹੈ। ਹਾਲਾਂਕਿ, ਇਹ ਅੰਕੜਾ ਸਿਰਫ ਇੱਕ ਅਨੁਮਾਨ ਹੈ; ਸਹੀ, ਅਧਿਕਾਰਤ ਅੰਕੜੇ ਜਨਤਕ ਤੌਰ 'ਤੇ ਪ੍ਰਗਟ ਨਹੀਂ ਕੀਤੇ ਗਏ ਹਨ।

### ਕਿਵੇਂ ਬਣਿਆ ਸੀ ਸੁਪਰਹਿੱਟ ਗੀਤ

# 'ਬਹੁਤ ਪਿਆਰ ਕਰਤੇ ਹੈਂ ਤੁਮਕੋ ਸਨਮ?'



ਪਾਕਿਸਤਾਨੀ ਗਾਇਕਾਂ ਅਤੇ ਉਨ੍ਹਾਂ ਦੇ ਗੀਤਾਂ ਦਾ ਭਾਰਤ ਵਿੱਚ ਇੱਕ ਵੱਖਰਾ ਹੀ ਫੈਨ ਬੇਸ ਹੈ। ਜੇਕਰ ਗੱਲ ਕਰੀਏ ਗ਼ਜ਼ਲ ਦੇ ਸ਼ਹਿਨਸ਼ਾਹ ਮੇਹਦੀ ਹਸਨ ਦੀ, ਤਾਂ ਅੱਜ ਵੀ ਕਰੋੜਾਂ ਲੋਕ ਉਨ੍ਹਾਂ ਦੀ ਗਾਇਕੀ ਦੇ ਦੀਵਾਨੇ ਹਨ। ਉਨ੍ਹਾਂ ਦੇ ਪ੍ਰਸ਼ੰਸਕਾਂ ਵਿੱਚ ਮਿਊਜ਼ਿਕ ਲਵਰਜ਼ ਦੇ ਨਾਲ-ਨਾਲ ਬਾਲੀਵੁੱਡ ਵੀ ਸ਼ਾਮਲ ਹੈ।

ਬਾਲੀਵੁੱਡ ਨੇ ਨਾ ਸਿਰਫ਼ ਉਨ੍ਹਾਂ ਦੇ ਗੀਤਾਂ ਦੀ ਤਾਰੀਫ਼ ਕੀਤੀ, ਸਗੋਂ ਉਨ੍ਹਾਂ ਦੇ ਗੀਤਾਂ ਦੀਆਂ ਧੁਨਾਂ 'ਤੇ ਆਪਣੀਆਂ ਫ਼ਿਲਮਾਂ ਵਿੱਚ ਕਈ ਗਾਣੇ ਵੀ ਬਣਾਏ। ਅਜਿਹਾ ਹੀ ਇੱਕ ਗੀਤ 35 ਸਾਲ ਪੁਰਾਣਾ ਹੈ, ਜਿਸ ਨੂੰ 90 ਦੇ ਦਹਾਕੇ ਦੀ ਮਸ਼ਹੂਰ ਗਾਇਕਾ ਅਨੁਰਾਧਾ ਪੌਂਡਵਾਲ ਨੇ ਆਪਣੀ ਆਵਾਜ਼ ਦਿੱਤੀ ਸੀ।



ਇਹ ਗਾਣਾ ਅੱਜ ਵੀ 90 ਦੇ ਦਹਾਕੇ ਦਾ ਮਿਊਜ਼ਿਕ ਪਸੰਦ ਕਰਨ ਵਾਲੇ ਲੋਕਾਂ ਦੀ ਪਲੇਲਿਸਟ ਵਿੱਚ ਜ਼ਰੂਰ ਮਿਲਦਾ ਹੈ। ਇਸ ਗੀਤ ਦੇ ਬੋਲ ਹਨ— 'ਬਹੁਤ ਪਿਆਰ ਕਰਤੇ ਹੈਂ ਤੁਮਕੋ ਸਨਮ'।

ਮੇਹਦੀ ਹਸਨ ਦੇ ਗੀਤ ਤੋਂ ਚੁਰਾਈ ਗਈ ਸੀ ਧੁਨ ?

ਇਹ ਗੀਤ 1991 ਵਿੱਚ ਰਿਲੀਜ਼ ਹੋਈ ਫ਼ਿਲਮ 'ਸਾਜਨ' (ਛ ਦਾ ਹੈ। ਦੱਸਿਆ ਜਾਂਦਾ ਹੈ ਕਿ ਇਸ ਦੀ ਧੁਨ 1978 ਵਿੱਚ ਰਿਲੀਜ਼ ਹੋਈ ਪਾਕਿਸਤਾਨੀ ਫ਼ਿਲਮ 'ਆਬਸ਼ਾਰ' ਦੇ ਗੀਤ ਤੋਂ ਲਈ ਗਈ ਸੀ, ਜਿਸ ਦੇ ਬੋਲ ਸਨ— 'ਬਹੁਤ ਖ਼ੂਬਸੂਰਤ ਹੈ ਮੇਰਾ ਸਨਮ'। ਇਸ ਗੀਤ ਨੂੰ ਮੇਹਦੀ ਹਸਨ ਨੇ ਗਾਇਆ ਸੀ ਅਤੇ ਇਸ ਦਾ ਸੰਗੀਤ ਐੱਮ. ਅਸ਼ਰਫ਼ ਨੇ ਤਿਆਰ ਕੀਤਾ ਸੀ।

ਇਸ ਗੀਤ ਦੀ ਰਿਲੀਜ਼ ਦੇ ਕਈ ਸਾਲਾਂ ਬਾਅਦ ਬਾਲੀਵੁੱਡ ਦੀ ਸੰਗੀਤਕਾਰ ਜੋੜੀ ਨਦੀਮ-ਸ਼੍ਰਵਣ ਨੇ ਇਸੇ ਧੁਨ 'ਤੇ 'ਬਹੁਤ ਪਿਆਰ ਕਰਤੇ ਹੈਂ ਤੁਮਕੋ ਸਨਮ' ਗੀਤ ਤਿਆਰ ਕੀਤਾ।

ਇਸ ਕਲਟ ਗਾਣੇ ਨੂੰ ਅਨੁਰਾਧਾ ਪੌਂਡਵਾਲ ਨੇ ਆਪਣੀ ਸੁਰੀਲੀ ਆਵਾਜ਼ ਨਾਲ ਸਜਾਇਆ, ਜਦਕਿ ਇਸ ਦੇ ਮੇਲ ਵਰਜ਼ਨ ਨੂੰ ਐੱਸ.ਪੀ. ਬਾਲਸੁਬ੍ਰਹਮਣਿਅਮ ਨੇ ਆਪਣੀ ਆਵਾਜ਼ ਦਿੱਤੀ ਸੀ। ਇਸ ਦੇ ਬੋਲ ਗੀਤਕਾਰ ਸਮੀਰ ਨੇ ਲਿਖੇ ਸਨ।

## ਸ਼ਾਹ ਮੁਹੰਮਦ ਇੱਕ ਸਰਕਾਰ ਬਾਝੋਂ

ਜੇ ਕਾਂਗਰਸ ਦੀ ਗੱਲ ਕੀਤੀ ਜਾਵੇ ਤਾਂ ਕਾਂਗਰਸ ਬੁਰੀ ਤਰ੍ਹਾਂ ਅੰਦਰੂਨੀ ਫ਼ੁੱਟ ਦੀ ਸ਼ਿਕਾਰ ਹੋ ਗਈ ਹੈ। ਪਾਰਟੀ ਹਾਈ ਕਮਾਂਡ ਨੇ ਪੰਜਾਬ ਕਾਂਗਰਸ ਦੇ ਸੀਨੀਅਰ ਆਗੂਆਂ ਨੂੰ ਘੁਰਕੀ ਵੀ ਦਿੱਤੀ ਹੈ ਅਤੇ ਆਪਸੀ ਏਕਾ ਕਰਨ ਲਈ ਕਿਹਾ ਹੈ। ਇਸ ਤੋਂ ਇਲਾਵਾ ਕਾਂਗਰਸ ਵਿੱਚ ਜਾਤਪਾਤ ਦਾ ਮੁੱਦਾ ਵੀ ਖੜ੍ਹਾ ਹੋ ਗਿਆ ਹੈ। ਭਾਵੇਂ ਕਿ ਕਾਂਗਰਸ ਦੇ ਪੰਜਾਬ ਪ੍ਰਧਾਨ ਰਾਜਾ ਵੜਿੰਗ ਨੇ ਕਿਹਾ ਹੈ ਕਿ ਜਿਹੜਾ ਕਾਂਗਰਸ ਆਗੂ ਜਾਤੀ ਆਧਾਰਿਤ ਰਾਜਨੀਤੀ ਕਰੇਗਾ ਉਹ ਕਾਂਗਰਸ ਦਾ ਨੁਕਸਾਨ ਕਰੇਗਾ ਪਰ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਲਿਤ ਬਨਾਮ ਜੱਟ ਦਾ ਮੁੱਦਾ ਜਨਤਕ ਤੌਰ 'ਤੇ ਉਠਾ ਚੁੱਕੇ ਹਨ। ਪੰਜਾਬ ਕਾਂਗਰਸ ਵਿੱਚ ਵੀ ਅਜਿਹਾ ਕੋਈ ਧੜੱਲੇਦਾਰ ਆਗੂ ਨਹੀਂ ਹੈ ਜੋ ਕਿ ਸਾਰੇ ਸੀਨੀਅਰ ਆਗੂਆਂ ਨੂੰ ਇੱਕ ਸੁਰ ਕਰ ਸਕੇ। ਭਾਜਪਾ ਵੱਲੋਂ ਪੰਜਾਬ ਵਿੱਚ ਸਿਆਸੀ ਸਰਗਰਮੀਆਂ ਵਧਾ ਦਿੱਤੀਆਂ ਗਈਆਂ ਹਨ। ਕਦੇ ਕਦੇ ਭਾਜਪਾ ਦੀ ਅਕਾਲੀ ਦਲ ਬਾਦਲ ਨਾਲ ਸਿਆਸੀ ਗਠਜੋੜ ਬਾਰੇ ਵੀ ਭਾਜਪਾ ਦੇ ਵੱਡੀ ਗਿਣਤੀ ਆਗੂ ਚਾਹੁੰਦੇ ਹਨ ਕਿ ਪੰਜਾਬ ਦੀਆਂ ਅਗਲੀਆਂ ਚੋਣਾਂ ਪੰਜਾਬ ਵਿੱਚ ਇਕਲਿਆ ਲੜੀਆਂ ਜਾਣ।

ਜੇ ਹੁਣ ਕਿਸਾਨ ਜਥੇਬੰਦੀਆਂ ਦੀ ਗੱਲ ਕੀਤੀ ਜਾਵੇ ਤਾਂ ਕਿਸਾਨ ਜਥੇਬੰਦੀਆਂ ਵੀ ਪੰਜਾਬ ਨੂੰ ਨਵੀਂ ਲੀਡਰਸ਼ਿਪ ਦੇਣ ਵਿੱਚ ਕਾਮਯਾਬ ਨਹੀਂ ਹੋਈਆਂ। ਜਦੋਂ ਦੇਸ਼ ਵਿੱਚ ਕੁਝ ਸਾਲ ਪਹਿਲਾਂ ਕਿਸਾਨ ਅੰਦੋਲਨ ਚੱਲਿਆ ਸੀ ਤਾਂ ਸਭ ਨੂੰ ਆਸ ਬਣ ਗਈ ਸੀ ਕਿ ਕਿਸਾਨ ਅੰਦੋਲਨ ਵਿਚੋਂ ਪੰਜਾਬ ਦੀ ਨਵੀਂ ਲੀਡਰਸ਼ਿਪ ਦਾ ਜਨਮ ਹੋਵੇਗਾ ਅਤੇ ਇਹ ਲੀਡਰਸ਼ਿਪ ਪੰਜਾਬ ਦੀ ਵਾਗਡੋਰ ਸੰਭਾਲੇਗੀ ਪਰ ਕਿਸਾਨ ਜਥੇਬੰਦੀਆਂ ਦੀ ਆਪਸੀ ਫ਼ੁੱਟ ਉਹਨਾਂ ਨੂੰ ਲੈ ਬੈਠੀ ਅਤੇ ਕਿਸਾਨ ਜਥੇਬੰਦੀਆਂ ਵਿੱਚੋਂ ਵੀ ਪੰਜਾਬ ਦੀ ਨਵੀਂ ਲੀਡਰਸ਼ਿਪ ਦਾ ਉਭਾਰ ਨਹੀਂ ਹੋ ਸਕਿਆ।

ਇਸ ਸਮੇਂ ਸਭ ਦੀਆਂ ਨਜ਼ਰਾਂ ਅਗਲੀਆਂ ਵਿਧਾਨ ਸਭਾ ਚੋਣਾਂ ਵੱਲ ਲੱਗੀਆਂ ਹੋਈਆਂ ਹਨ। ਇਹਨਾਂ ਚੋਣਾਂ ਦੀ ਚਰਚਾ ਜ਼ਰੂਰ ਹਰ ਪਾਸੇ ਹੋ ਰਹੀ ਹੈ ਪਰ ਅਜੇ ਤੱਕ ਪੰਜਾਬ ਵਿੱਚ ਕਿਸੇ ਵੀ ਸਿਆਸੀ ਪਾਰਟੀ ਦੇ ਹੱਕ ਵਿੱਚ ਕੋਈ ਹਵਾ ਨਹੀਂ ਬਣੀ, ਜਿਸ ਕਾਰਨ ਅਜੇ ਇਹ ਕਹਿਣਾ ਮੁਸ਼ਕਿਲ ਹੈ ਕਿ ਪੰਜਾਬ ਵਿੱਚ ਅਗਲੀ ਸਰਕਾਰ ਕਿਹੜੀ ਸਿਆਸੀ ਪਾਰਟੀ ਦੀ ਬਣ ਸਕਦੀ ਹੈ। ਜਿਸ ਤਰੀਕੇ ਨਾਲ ਪੰਜਾਬ ਵਿੱਚ ਲੀਡਰਸ਼ਿਪ ਦਾ ਸੰਕਟ ਖੜ੍ਹਾ ਹੋ ਗਿਆ ਹੈ, ਉਸ ਤੋਂ ਇਹ ਜਾਪਦਾ ਹੈ ਕਿ ਅਗਲੀਆਂ ਚੋਣਾਂ ਵਿਚੋਂ ਹੀ ਪੰਜਾਬ ਦੀ ਨਵੀਂ ਲੀਡਰਸ਼ਿਪ ਉਭਰ ਕੇ ਸਾਹਮਣੇ ਆਵੇਗੀ। ਪੰਜਾਬ ਦੇ ਮੁੱਖ ਮਸਲੇ ਕੇਂਦਰ ਸਰਕਾਰ ਤੋਂ ਹੱਲ ਕਰਵਾਉਣ ਲਈ ਅਤੇ ਪੰਜਾਬ ਦੇ ਅੰਦਰੂਨੀ ਅਤੇ ਬਾਹਰੀ ਮਸਲੇ ਹੱਲ ਕਰਨ ਲਈ ਪੰਜਾਬ ਨੂੰ ਇਸ ਸਮੇਂ ਇਮਾਨਦਾਰ ਅਤੇ ਧੜੱਲੇਦਾਰ ਲੀਡਰਸ਼ਿਪ ਦੀ ਲੋੜ ਹੈ ਅਤੇ ਅਜਿਹੀ ਲੀਡਰਸ਼ਿਪ ਦਾ ਉਭਾਰ ਅਗਲੀਆਂ ਚੋਣਾਂ ਦੇ ਨਤੀਜਿਆਂ ਤੋਂ ਹੋਣ ਦੀ ਸੰਭਾਵਨਾ ਹੈ।

****

## ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਖ਼ਿਲਾਫ਼

ਕਥਿਤ ਮੁਲਾਕਾਤ ਬਾਰੇ ਸਥਿਤੀ ਜਨਤਕ ਤੌਰ 'ਤੇ ਸਪੱਸ਼ਟ ਕਰਨੀ: ਪੰਥਕ ਜਥੇਬੰਦੀਆਂ ਨੇ ਦਾਅਵਾ ਕੀਤਾ ਹੈ ਕਿ ਪੀੜਤ ਔਰਤ ਨੇ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਨਾਲ ਵੀ ਮੁਲਾਕਾਤ ਕੀਤੀ ਸੀ। ਜਥੇਦਾਰ ਸਾਹਿਬ ਦੇ ਸਕੱਤਰੇਤ ਨੂੰ ਇਸ ਸੰਬੰਧੀ ਪੂਰੀ ਪਾਰਦਰਸ਼ਤਾ ਨਾਲ ਸੱਚ ਸੰਗਤ ਦੇ ਸਾਹਮਣੇ ਰੱਖਣਾ ਚਾਹੀਦਾ ਹੈ ਕਿ ਕੀ ਕੋਈ ਲਿਖਤੀ ਜਾਂ ਜ਼ੁਬਾਨੀ ਸ਼ਿਕਾਇਤ ਮਿਲੀ ਸੀ ਅਤੇ ਉਸ ਉੱਤੇ ਉਸ ਵੇਲੇ ਕੀ ਕਾਰਵਾਈ ਹੋਈ।

ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਪੱਸ਼ਟ ਸੁਨੇਹਾ ਜਾਣਾ ਚਾਹੀਦਾ ਹੈ ਕਿ ਧਾਰਮਿਕ ਅਸਥਾਨਾਂ ਅਤੇ ਸੰਸਥਾਵਾਂ ਦੀ ਦੁਰਵਰਤੋਂ ਕਰਨ ਵਾਲਾ ਕੋਈ ਵੀ ਵਿਅਕਤੀ 'ਚਾਹੇ ਉਹ ਕਿੰਨਾ ਵੀ ਸੀਨੀਅਰ ਮੈਂਬਰ ਜਾਂ ਸਿਆਸੀ ਪ੍ਰਭਾਵ ਵਾਲਾ ਹੋਵੇ' ਪੰਥਕ ਸਿਧਾਂਤਾਂ ਤੋਂ ਵੱਡਾ ਨਹੀਂ ਹੈ। ਦੋਸ਼ੀ ਪਾਏ ਜਾਣ 'ਤੇ ਤੁਰੰਤ ਧਾਰਮਿਕ ਤੇ ਪੰਥਕ ਪੱਧਰ 'ਤੇ ਛੇਕਣ ਜਾਂ ਬਰਖ਼ਾਸਤਗੀ ਵਰਗੀ ਕਾਰਵਾਈ ਹੋਵੇ।

ਸਿੱਖ ਚਿੰਤਕ ਡਾਕਟਰ ਖੁਸ਼ਹਾਲ ਸਿੰਘ ਦਾ ਕਹਿਣਾ ਹੈ ਕਿ ਜਥੇਦਾਰ ਸਾਹਿਬ ਸ਼੍ਰੋਮਣੀ ਕਮੇਟੀ ਪ੍ਰਸ਼ਾਸਨ ਨੂੰ ਸਖ਼ਤ ਹਦਾਇਤ ਜਾਰੀ ਕਰਨ ਕਿ ਪੁਲਿਸ ਜਾਂਚ ਵਿੱਚ ਕਿਸੇ ਕਿਸਮ ਦੀ ਛੇੜਛਾੜ ਨਾ ਕੀਤੀ ਜਾਵੇ ਅਤੇ ਹਰ ਦਸਤਾਵੇਜ਼ ਬਿਨਾਂ ਪੱਖਪਾਤ ਦੇ ਜਾਂਚ ਏਜੰਸੀਆਂ ਨੂੰ ਸੌਂਪਿਆ ਜਾਵੇ।

ਗੁਰਤੇਜ ਸਿੰਘ ਆਈ.ਏ.ਐਸ. ਦਾ ਕਹਿਣਾ ਹੈ ਕਿ ਸ਼੍ਰੋਮਣੀ ਕਮੇਟੀ ਦੀ ਮੌਜੂਦਾ ਬਾਡੀ ਆਪਣਾ ਸੰਵਿਧਾਨਕ ਅਤੇ ਨੈਤਿਕ ਕਾਰਜਕਾਲ ਕਦੋਂ ਦਾ ਪੂਰਾ ਕਰ ਚੁੱਕੀ ਹੈ। ਲੰਮੇ ਸਮੇਂ ਤੋਂ ਚੋਣਾਂ ਨਾ ਹੋਣ ਕਾਰਨ ਅੰਦਰ ਅਜਾਰੇਦਾਰੀ ਬਣ ਚੁੱਕੀ ਹੈ। ਇਸ ਲਈ ਕੇਂਦਰ ਅਤੇ ਗੁਰਦੁਆਰਾ ਚੋਣ ਕਮਿਸ਼ਨ 'ਤੇ ਦਬਾਅ ਪਾ ਕੇ ਤੁਰੰਤ ਨਵੀਆਂ ਆਮ ਚੋਣਾਂ ਕਰਵਾਈਆਂ ਜਾਣ, ਤਾਂ ਜੋ ਜਾਗਰੂਕ ਸੰਗਤ ਇਮਾਨਦਾਰ, ਪੜ੍ਹੇ-ਲਿਖੇ ਅਤੇ ਗੁਰਮਤਿ ਧਾਰਨੀ ਨੁਮਾਇੰਦਿਆਂ ਨੂੰ ਅੱਗੇ ਲਿਆ ਕੇ ਪ੍ਰਬੰਧ ਨੂੰ ਪਾਕ-ਪਵਿੱਤਰ ਕਰ ਸਕੇ।

ਸ਼੍ਰੋਮਣੀ ਕਮੇਟੀ ਮੈਂਬਰ ਹਰਬੰਸ ਸਿੰਘ ਮੰਝਪੁਰ ਦਾ ਕਹਿਣਾ ਹੈ ਕਿ ਕਾਨੂੰਨੀ ਦੋਸ਼ ਭਾਵੇਂ ਕਿਸੇ ਵਿਅਕਤੀ ਵਿਸ਼ੇਸ਼ 'ਤੇ ਹੋਣ, ਪ੍ਰੰਤੂ ਸੰਸਥਾ ਦਾ ਮੁਖੀ ਹੋਣ ਦੇ ਨਾਤੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਆਪਣੀ ਨੈਤਿਕ ਜ਼ਿੰਮੇਵਾਰੀ ਤੋਂ ਮੁਕਤ ਨਹੀਂ ਹੋ ਸਕਦੇ। ਲੋਕਤੰਤਰ ਅਤੇ ਪੰਥਕ ਰਵਾਇਤਾਂ ਦਾ ਤਕਾਜ਼ਾ ਹੈ ਕਿ ਜਦੋਂ ਸੰਸਥਾ ਦੇ ਸਾਧਨਾਂ ਦੀ ਅਜਿਹੀ ਵੱਡੀ ਦੁਰਵਰਤੋਂ ਸਾਹਮਣੇ ਆਵੇ, ਤਾਂ ਮੁਖੀ ਨੂੰ ਨਿਰਪੱਖ ਜਾਂਚ ਲਈ ਤੁਰੰਤ ਅਸਤੀਫ਼ਾ ਦੇਣਾ ਚਾਹੀਦਾ ਹੈ ਤਾਂ ਜੋ ਜਾਂਚ ਪ੍ਰਭਾਵਿਤ ਨਾ ਹੋਵੇ।

ਇਸ ਵਿਵਾਦ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਸ਼੍ਰੋਮਣੀ ਕਮੇਟੀ ਅੰਦਰ ਜਵਾਬਦੇਹੀ ਦਾ ਢਾਂਚਾ ਪੂਰੀ ਤਰ੍ਹਾਂ ਕਮਜ਼ੋਰ ਹੋ ਚੁੱਕਾ ਹੈ। ਸਮੂਹ ਸਿੱਖ ਜਥੇਬੰਦੀਆਂ ਦਾ ਇਹ ਸਾਂਝਾ ਮੱਤ ਬਣਦਾ ਜਾ ਰਿਹਾ ਹੈ ਕਿ ਕੇਵਲ ਦੋਸ਼ੀਆਂ 'ਤੇ ਕਾਰਵਾਈ ਕਾਫ਼ੀ ਨਹੀਂ ਹੋਵੇਗੀ, ਸਗੋਂ ਗੁਰਦੁਆਰਾ ਪ੍ਰਬੰਧ ਨੂੰ ਮੁੜ ਸੰਗਤੀ ਲੀਹਾਂ 'ਤੇ ਲਿਆਉਣ ਲਈ ਸ਼੍ਰੋਮਣੀ ਕਮੇਟੀ ਦੀਆਂ ਤੁਰੰਤ ਆਮ ਚੋਣਾਂ ਕਰਵਾ ਕੇ ਨਵੀਂ ਅਤੇ ਇਮਾਨਦਾਰ ਲੀਡਰਸ਼ਿਪ ਨੂੰ ਅੱਗੇ ਲਿਆਉਣਾ ਹੀ ਇਸ ਸੰਕਟ ਦਾ ਸਥਾਈ ਹੱਲ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਚੁੱਕਿਆ ਗਿਆ ਇੱਕ ਦਲੇਰਾਨਾ ਕਦਮ ਹੀ ਇਸ ਸਮੇਂ ਸਿੱਖ ਸੰਸਥਾਵਾਂ ਦੀ ਗੁਆਚ ਰਹੀ ਭਰੋਸੇਯੋਗਤਾ ਨੂੰ ਮੁੜ ਬਹਾਲ ਕਰ ਸਕਦਾ ਹੈ।

***

## ਆਪਣੀ ਸਜ਼ਾ ਖ਼ਿਲਾਫ਼ ਅਪੀਲ ਕਰਨ ਦੀ ਇਜਾਜ਼ਤ

ਅਦਾਲਤ ਨੇ ਕਿਹਾ- ਕਿਰਪਾਨ ਹਮਲੇ ਲਈ ਨਹੀਂ ਕਿਰਨ ਕੌਰ ਨੂੰ ਸਜ਼ਾ ਸੁਣਾਉਂਦੇ ਸਮੇਂ ਜਸਟਿਸ ਵਿਲੀਅਮ ਮੌਸਲੇ ਨੇ ਕਿਹਾ ਕਿ ਸਿੱਖ ਧਰਮ ਦਾ ਬੁਨਿਆਦੀ ਸਿਧਾਂਤ ਹੈ ਕਿ ਕਿਰਪਾਨ ਧਾਰਮਿਕ ਵਿਸ਼ਵਾਸ ਦੇ ਪ੍ਰਤੀਕ ਵਜੋਂ ਪਹਿਨੀ ਜਾਂਦੀ ਹੈ ਅਤੇ ਇਸ ਨੂੰ ਕਿਸੇ 'ਤੇ ਹਮਲਾ ਕਰਨ ਦੇ ਮਕਸਦ ਨਾਲ ਨਹੀਂ ਰੱਖਿਆ ਜਾਂਦਾ। ਉਨ੍ਹਾਂ ਕਿਹਾ ਕਿ ਕਿਸੇ ਖ਼ਤਰੇ ਦੇ ਜਵਾਬ ਵਿੱਚ ਕਿਰਪਾਨ ਦੀ ਵਰਤੋਂ ਨੂੰ ਵਾਜਬ ਮੰਨਣ ਲਈ ਹਾਲਾਤ ਬਹੁਤ ਗੰਭੀਰ ਅਤੇ ਤੁਰੰਤ ਖ਼ਤਰੇ ਵਾਲੇ ਹੋਣੇ ਚਾਹੀਦੇ ਹਨ।

ਇਸ ਸਾਲ ਮਾਮਲੇ ਦੀ ਸੁਣਵਾਈ ਦੌਰਾਨ ਅਪਰਾਧ ਦੇ ਵੇਰਵੇ ਸਾਹਮਣੇ ਆਉਣ ਮਗਰੋਂ ਬ੍ਰਿਟਿਸ਼ ਸਿੱਖ ਆਗੂਆਂ ਅਤੇ ਸੰਸਦ ਮੈਂਬਰਾਂ ਨੇ ਕਿਰਪਾਨ ਦੀ ਗ਼ਲਤ ਵਿਆਖਿਆ ਦੀ ਨਿੰਦਾ ਕੀਤੀ ਸੀ। ਉਨ੍ਹਾਂ ਕਿਹਾ ਸੀ ਕਿ ਇਸ ਮਾਮਲੇ ਵਿੱਚ ਧਾਰਮਿਕ ਸੁਰੱਖਿਆ ਜਾਂ ਧਾਰਮਿਕ ਆਧਾਰ 'ਤੇ ਕੋਈ ਜਾਇਜ਼ ਠਹਿਰਾਉਣਾ ਲਾਗੂ ਨਹੀਂ ਹੁੰਦਾ।

ਪੁਲਿਸ 'ਤੇ ਵੀ 'ਦੋਹਰੇ ਮਾਪਦੰਡਾਂ' ਦੇ ਦੋਸ਼

ਇਸ ਮਾਮਲੇ ਕਾਰਨ ਸਾਊਥੈਂਪਟਨ ਵਿੱਚ ਭਾਈਚਾਰਕ ਤਣਾਅ ਵੀ ਪੈਦਾ ਹੋਇਆ। ਹੈਂਪਸ਼ਾਇਰ ਅਤੇ ਆਇਲ ਆਫ਼ ਵਾਈਟ ਕਾਂਸਟੈਬੁਲਰੀ ਦੇ ਅਧਿਕਾਰੀ ਵੀ ਪੁਲੀਸ ਦੇ ਕੰਮਕਾਜ ਵਿੱਚ 'ਦੋਹਰੇ ਮਾਪਦੰਡਾਂ' ਦੇ ਦੋਸ਼ਾਂ ਨੂੰ ਲੈ ਕੇ ਇੰਡੀਪੈਂਡੈਂਟ ਆਫ਼ਿਸ ਫ਼ਾਰ ਪੁਲੀਸ ਕੰਡਕਟ (ਆਈਓਪੀਸੀ) ਦੀ ਜਾਂਚ ਦੇ ਘੇਰੇ ਵਿੱਚ ਆਏ।

ਇਹ ਮਾਮਲਾ ਪੀੜਤ ਦੇ ਆਖ਼ਰੀ ਪਲਾਂ ਦੀ ਪੁਲਿਸ ਬਾਡੀ ਕੈਮਰੇ ਦੀ ਵੀਡੀਓ ਨਾਲ ਵੀ ਜੁੜਿਆ ਸੀ। ਵੀਡੀਓ ਵਿੱਚ ਪੁਲਿਸ ਅਧਿਕਾਰੀ ਉਸ ਨੂੰ ਹੱਥਕੜੀਆਂ ਲਾਉਂਦੇ ਨਜ਼ਰ ਆਏ ਸਨ। ਇਹ ਕਾਰਵਾਈ ਦਿਗਵਾ ਵੱਲੋਂ ਉਸ 'ਤੇ ਨਸਲਵਾਦ ਦੇ ਲਾਏ ਦੋਸ਼ਾਂ ਦੇ ਆਧਾਰ 'ਤੇ ਕੀਤੀ ਗਈ ਸੀ, ਪਰ ਬਾਅਦ ਵਿੱਚ ਅਦਾਲਤ ਵਿੱਚ ਇਹ ਦੋਸ਼ ਗ਼ਲਤ ਸਾਬਤ ਹੋਏ।

***

## ਅਫ਼ਵਾਹ ਦੀ ਆੜ ਹੇਠ ਭੜਕਿਆ ਰੋਹ

### ਨਿੱਜੀ ਅਦਾਰਿਆਂ ਵਿੱਚ ਰੈਗੂਲੇਟਰੀ ਵਿਵਸਥਾ ਦੀ ਲੋੜ

ਪੰਜਾਬ ਦੀਆਂ ਰਵਾਇਤੀ ਸਰਕਾਰੀ ਯੂਨੀਵਰਸਿਟੀਆਂ (ਜਿਵੇਂ ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਜਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ) ਦੇ ਵਿਦਿਆਰਥੀ ਸੰਘਰਸ਼ਾਂ ਦਾ ਆਪਣਾ ਇੱਕ ਲੰਮਾ ਇਤਿਹਾਸ ਰਿਹਾ ਹੈ। ਪਰ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਿੱਚ ਵਾਪਰੀ ਹਿੰਸਾ ਅਤੇ ਸਾੜ-ਫੂਕ ਰਵਾਇਤੀ ਪੰਜਾਬੀ ਵਿਦਿਆਰਥੀ ਲਹਿਰਾਂ ਦੇ ਖਾਸੇ ਨਾਲੋਂ ਬਿਲਕੁਲ ਵੱਖਰੀ ਸੀ। ਸਰਕਾਰੀ ਯੂਨੀਵਰਸਿਟੀਆਂ ਵਿੱਚ ਵਿਦਿਆਰਥੀ ਜਥੇਬੰਦੀਆਂ, ਚੁਣੀਆਂ ਹੋਈਆਂ ਕੌਂਸਲਾਂ ਅਤੇ ਯੂਨੀਅਨਾਂ ਹੁੰਦੀਆਂ ਹਨ। ਜਦੋਂ ਕੋਈ ਮਸਲਾ ਹੁੰਦਾ ਹੈ, ਤਾਂ ਅਗਵਾਈ ਸਪੱਸ਼ਟ ਹੁੰਦੀ ਹੈ ਅਤੇ ਪ੍ਰਸ਼ਾਸਨ ਨਾਲ ਮੇਜ਼ ਤੇ ਬੈਠ ਕੇ ਗੱਲਬਾਤ ਕਰਨ ਦਾ ਤੰਤਰ ਮੌਜੂਦ ਹੁੰਦਾ ਹੈ।

ਨਿੱਜੀ ਯੂਨੀਵਰਸਿਟੀਆਂ ਵਿੱਚ ਅਜਿਹੇ ਜਮਹੂਰੀ ਅਧਿਕਾਰ ਜਾਂ ਜਥੇਬੰਦੀਆਂ ਬਣਾਉਣ ਦੀ ਮਨਾਹੀ ਹੁੰਦੀ ਹੈ। ਕੋਈ ਮੰਚ ਨਾ ਹੋਣ ਕਾਰਨ ਵਿਦਿਆਰਥੀਆਂ ਅੰਦਰਲਾ ਦਬਾਅ, ਡਰ ਅਤੇ ਬੇਭਰੋਸਗੀ ਬਿਨਾਂ ਕਿਸੇ ਜ਼ਾਬਤੇ ਜਾਂ ਅਗਵਾਈ ਤੋਂ ਇੱਕੋ ਵਾਰ ਵਿਸਫੋਟ ਬਣ ਕੇ ਬਾਹਰ ਨਿਕਲੀ।

ਐੱਲ.ਪੀ.ਯੂ. ਵਿੱਚ ਵੱਡੀ ਗਿਣਤੀ ਵਿਦਿਆਰਥੀ ਦੇਸ਼ ਦੇ ਵੱਖ-ਵੱਖ ਸੂਬਿਆਂ ਅਤੇ ਵਿਦੇਸ਼ਾਂ ਤੋਂ ਆਏ ਹਨ। ਇੱਥੇ ਪੰਜਾਬ ਦੀਆਂ ਜ਼ਮੀਨੀ ਵਿਦਿਆਰਥੀ ਲਹਿਰਾਂ ਵਾਲੀ ਵਿਚਾਰਧਾਰਾ ਜਾਂ ਅਨੁਸ਼ਾਸਨ ਮੌਜੂਦ ਨਹੀਂ ਹੈ। ਜਦੋਂ ਸੋਸ਼ਲ ਮੀਡੀਆ ਰਾਹੀਂ ਅਫ਼ਵਾਹਾਂ ਫੈਲੀਆਂ, ਤਾਂ ਗ਼ੈਰ-ਸਥਾਨਕ ਅਤੇ ਹੋਸਟਲਾਂ ਵਿੱਚ ਰਹਿਣ ਵਾਲੇ ਵਿਦਿਆਰਥੀਆਂ ਵਿੱਚ ਸੁਰੱਖਿਆ ਨੂੰ ਲੈ ਕੇ ਘਬਰਾਹਟ ਅਤੇ ਅਨਿਸ਼ਚਿਤਤਾ ਬਹੁਤ ਤੇਜ਼ੀ ਨਾਲ ਵਧੀ, ਜਿਸ ਨੂੰ ਸੰਭਾਲਣ ਵਾਲੀ ਕੋਈ ਸਿਆਣੀ ਅਗਵਾਈ ਮੌਜੂਦ ਨਹੀਂ ਸੀ। ਪੰਜਾਬੀ ਵਿਦਿਆਰਥੀ ਸੰਘਰਸ਼ਾਂ ਵਿੱਚ ਕਦੇ ਵੀ ਆਪਣੀ ਹੀ ਸੰਸਥਾ ਦੇ ਮਾਲ, ਦੁਕਾਨਾਂ ਜਾਂ ਗੱਡੀਆਂ ਨੂੰ ਅੱਗ ਲਗਾਉਣ ਜਾਂ ਲੁੱਟ-ਖੋਹ ਕਰਨ ਦੀ ਰਵਾਇਤ ਨਹੀਂ ਰਹੀ।

ਪੁਲਿਸ ਅਤੇ ਵਿਦਿਆਰਥੀਆਂ ਦੋਵਾਂ ਦੇ ਬਿਆਨਾਂ ਮੁਤਾਬਕ, ਭੀੜ ਦਾ ਫ਼ਾਇਦਾ ਉਠਾ ਕੇ ਮੂੰਹ ਢਕੇ ਬਾਹਰੀ ਅਨਸਰ ਅੰਦਰ ਦਾਖ਼ਲ ਹੋਏ। ਉਨ੍ਹਾਂ ਕੋਲੋਂ ਤੇਜ਼ਧਾਰ ਹਥਿਆਰ (ਦਾਤਰ) ਅਤੇ ਵਾਕੀ-ਟਾਕੀ ਬਰਾਮਦ ਹੋਣਾ ਇਸ ਗੱਲ ਦਾ ਸਬੂਤ ਹੈ ਕਿ ਵਿਦਿਆਰਥੀਆਂ ਦੇ ਰੋਹ ਦੀ ਆੜ ਲੈ ਕੇ ਕੁਝ ਅਨਸਰਾਂ ਨੇ ਜਾਣਬੁੱਝ ਕੇ ਮਾਹੌਲ ਖ਼ਰਾਬ ਕੀਤਾ, ਦੁਕਾਨਾਂ ਲੁੱਟੀਆਂ ਅਤੇ ਸੀ.ਸੀ.ਟੀ.ਵੀ. ਡੀ.ਵੀ.ਆਰ. ਤੱਕ ਸਾੜ ਦਿੱਤੇ।

ਇਸ ਘਟਨਾ ਨੇ ਸੂਬੇ ਅੰਦਰ ਉਚੇਰੀ ਸਿੱਖਿਆ ਦੇ ਨਿੱਜੀ ਅਦਾਰਿਆਂ ਵਿੱਚ ਜਮਹੂਰੀ ਢਾਂਚੇ ਅਤੇ ਸੰਵਾਦ ਦੀ ਘਾਟ ਨੂੰ ਵੀ ਨੰਗਾ ਕੀਤਾ ਹੈ। ਪੰਜਾਬ ਰਾਜ ਮਹਿਲਾ ਕਮਿਸ਼ਨ ਨੇ ਇਸ ਘਟਨਾ 'ਤੇ ਸਖ਼ਤ ਨੋਟਿਸ ਲੈਂਦਿਆਂ ਕਾਰਵਾਈ ਰਿਪੋਰਟ ਤਲਬ ਕੀਤੀ ਹੈ। ਇਹ ਸਪੱਸ਼ਟ ਹੈ ਕਿ ਕਿਸੇ ਵੀ ਵਿਦਿਅਕ ਅਦਾਰੇ ਅੰਦਰ ਗੁੰਡਾਗਰਦੀ ਅਤੇ ਸਾੜ-ਫੂਕ ਦੀ ਥਾਂ ਨਹੀਂ ਹੋ ਸਕਦੀ। ਜੇ ਇਹ ਮਹਿਜ਼ ਅਫ਼ਵਾਹ ਸੀ ਤਾਂ ਵਿਦਿਆਰਥੀਆਂ ਦੀਆਂ ਭਾਵਨਾਵਾਂ ਭੜਕਾ ਕੇ ਨਿੱਜੀ ਤੇ ਸਰਕਾਰੀ ਜਾਇਦਾਦ ਨੂੰ ਅੱਗ ਲਾਉਣ ਵਾਲੇ ਸ਼ਰਾਰਤੀ ਅਨਸਰਾਂ ਖ਼ਿਲਾਫ਼ ਸਖ਼ਤ ਕਾਰਵਾਈ ਹੋਣੀ ਲਾਜ਼ਮੀ ਹੈ। ਨਾਲ ਹੀ, ਪ੍ਰਾਈਵੇਟ ਯੂਨੀਵਰਸਿਟੀਆਂ ਨੂੰ ਵੀ ਅਜਿਹਾ ਪ੍ਰਸ਼ਾਸਕੀ ਤੰਤਰ ਉਸਾਰਨਾ ਪਵੇਗਾ ਜਿੱਥੇ ਵਿਦਿਆਰਥਣਾਂ ਦੀ ਸੁਰੱਖਿਆ ਅਤੇ ਵਿਦਿਆਰਥੀਆਂ ਦੀਆਂ ਸ਼ਿਕਾਇਤਾਂ ਨੂੰ ਦਬਾਉਣ ਦੀ ਥਾਂ ਪਾਰਦਰਸ਼ਤਾ ਨਾਲ ਹੱਲ ਕੀਤਾ ਜਾ ਸਕੇ।

ਲਵਲੀ ਯੂਨੀਵਰਸਿਟੀ ਦਾ ਮਾਲਕ ਕੌਣ ਹੈ?

ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਫਾਊਂਡਰ ਚਾਂਸਲਰ ਅਸ਼ੋਕ ਮਿੱਤਲ ਹਨ, ਜੋ ਰਾਜ ਸਭਾ ਮੈਂਬਰ ਵੀ ਹਨ। ਇਸ ਅਦਾਰੇ ਦਾ ਇਤਿਹਾਸ ਇੱਕ ਦਿਲਚਸਪ ਸਫ਼ਰ ਰਿਹਾ ਹੈ।

1947 ਦੀ ਵੰਡ ਮਗਰੋਂ ਉਨ੍ਹਾਂ ਦੇ ਪਿਤਾ ਸਵਰਗੀ ਬਲਦੇਵ ਰਾਜ ਮਿੱਤਲ ਨੇ 1961 ਵਿੱਚ ਜਲੰਧਰ ਛਾਉਣੀ ਵਿਖੇ ਫੌਜ ਦੇ ਇੱਕ ਦੋਸਤ ਤੋਂ 500 ਰੁਪਏ ਉਧਾਰ ਲੈ ਕੇ 'ਲਵਲੀ ਸਵੀਟਸ' ਦੀ ਸ਼ੁਰੂਆਤ ਕੀਤੀ ਸੀ। ਮਠਿਆਈ ਅਤੇ ਆਟੋਮੋਬਾਈਲ ਕਾਰੋਬਾਰ ਦੇ ਵਿਸਥਾਰ ਮਗਰੋਂ ਸਾਲ 2001 ਵਿੱਚ ਵਿੱਦਿਅਕ ਸੰਸਥਾਨ ਸ਼ੁਰੂ ਕੀਤੇ ਗਏ। 2005 ਵਿੱਚ ਪੰਜਾਬ ਵਿਧਾਨ ਸਭਾ ਵੱਲੋਂ ਬਕਾਇਦਾ ਐਕਟ ਪਾਸ ਕਰਕੇ 600 ਏਕੜ ਵਿੱਚ ਫੈਲੀ ਸੂਬੇ ਦੀ ਪਹਿਲੀ ਨਿੱਜੀ ਯੂਨੀਵਰਸਿਟੀ 'ਐੱਲ.ਪੀ.ਯੂ.' ਹੋਂਦ ਵਿੱਚ ਆਈ ਸੀ।

***

## 'ਵੋਟ ਚੋਰੀ' ਦੇ ਦੋਸ਼ਾਂ 'ਚ ਚੁਫ਼ੇਰਿਓਂ ਘਿਰੀ ਮੋਦੀ ਸਰਕਾਰ

ਸੰਵਿਧਾਨਕ ਮਾਹਿਰਾਂ ਅਤੇ ਸਾਬਕਾ ਨੌਕਰਸ਼ਾਹਾਂ ਦਾ ਕਹਿਣਾ ਹੈ ਕਿ ਭਾਰਤੀ ਲੋਕਤੰਤਰ ਦੇ ਇਤਿਹਾਸ ਵਿੱਚ ਚੋਣ ਕਮਿਸ਼ਨ ਦੀ ਸਾਖ਼ ਕਦੇ ਇੰਨੀ ਹੇਠਲੇ ਪੱਧਰ 'ਤੇ ਨਹੀਂ ਗਈ। ਕੇਰਲ ਦੇ ਸਾਬਕਾ ਮੁੱਖ ਸਕੱਤਰ ਜੀ.ਜੀ. ਥੌਮਸਨ ਦੇ ਇਸ ਦਾਅਵੇ ਨੇ ਸਰਕਾਰ ਨੂੰ ਸਿੱਧੇ ਕਟਹਿਰੇ ਵਿੱਚ ਖੜ੍ਹਾ ਕਰ ਦਿੱਤਾ ਹੈ ਕਿ ਗਿਆਨੇਸ਼ ਕੁਮਾਰ ਨੇ 2016 ਵਿੱਚ ਉਨ੍ਹਾਂ ਨੂੰ ਭਾਜਪਾ ਟਿਕਟ ਦੀ ਪੇਸ਼ਕਸ਼ ਕੀਤੀ ਸੀ। ਸੀਨੀਅਰ ਪੱਤਰਕਾਰ ਆਸ਼ੂਤੋਸ਼ ਦਾ ਕਹਿਣਾ ਹੈ ਕਿ ਮੌਜੂਦਾ ਤਿੰਨੋਂ ਕਮਿਸ਼ਨਰਾਂ ਦੇ ਰਹਿੰਦਿਆਂ ਸੰਸਥਾ ਦੀ ਸਾਖ਼ ਨਹੀਂ ਬਚ ਸਕਦੀ, ਇਸ ਲਈ ਨਿਰਪੱਖ ਜਾਂਚ ਅਤੇ ਅਸਤੀਫ਼ੇ ਲਾਜ਼ਮੀ ਹਨ।

ਸਿਆਸੀ ਵਿਸ਼ਲੇਸ਼ਕ ਅਰੁਣ ਕੁਮਾਰ ਤ੍ਰਿਪਾਠੀ ਅਤੇ ਪ੍ਰਭੂ ਚਾਵਲਾ ਮੁਤਾਬਕ ਭਾਰਤੀ ਚੋਣ ਕਮਿਸ਼ਨ ਨੈੱਟਵਰਕ ਅਤੇ ਫਾਰਮ-6 ਵਿੱਚ ਬਦਲਾਅ ਰਾਹੀਂ ਵੋਟਰ ਸੂਚੀਆਂ ਦਾ ਕੇਂਦਰੀਕਰਨ ਲੋਕਤੰਤਰ 'ਤੇ ਸਿੱਧਾ ਹਮਲਾ ਹੈ, ਜਿਸ ਨੇ ਮੋਦੀ ਸਰਕਾਰ ਨੂੰ ਦੇਸ਼ ਭਰ ਵਿੱਚ ਪੂਰੀ ਤਰ੍ਹਾਂ ਘੇਰ ਲਿਆ ਹੈ। ਕਾਨੂੰਨੀ ਮਾਹਿਰ ਸਤਿਆ ਪ੍ਰਕਾਸ਼ ਨੇ ਕਿਹਾ ਹੈ ਕਿ ਦੋ ਕਮਿਸ਼ਨਰਾਂ ਦੀ ਅਸਹਿਮਤੀ ਦੇ ਬਾਵਜੂਦ ਇਕਤਰਫ਼ਾ ਫੈਸਲੇ ਲੈਣਾ 2023 ਦੇ ਕਾਨੂੰਨ ਦੀ ਧਾਰਾ 18 ਦੀ ਗ਼ੈਰ-ਕਾਨੂੰਨੀ ਉਲੰਘਣਾ ਹੈ।

ਮਾਹਿਰਾਂ ਮੁਤਾਬਕ ਟੀ.ਐਨ. ਸ਼ੇਸ਼ਨ ਦੇ ਦੌਰ ਵਿੱਚ ਚੋਣ ਕਮਿਸ਼ਨ ਨੇ ਸਰਕਾਰਾਂ ਨੂੰ ਝੁਕਣ ਲਈ ਮਜਬੂਰ ਕੀਤਾ ਸੀ, ਪਰ ਅੱਜ ਕਮਿਸ਼ਨ ਸਰਕਾਰ ਦੀ ਇੱਕ ਸ਼ਾਖਾ ਵਾਂਗ ਕੰਮ ਕਰਦਾ ਨਜ਼ਰ ਆ ਰਿਹਾ ਹੈ। ਕਾਨੂੰਨੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਮੁੱਖ ਚੋਣ ਕਮਿਸ਼ਨਰ ਅਤੇ ਦੋ ਕਮਿਸ਼ਨਰਾਂ ਦੇ ਆਪਸੀ ਟਕਰਾਅ ਨੇ ਸਾਬਤ ਕਰ ਦਿੱਤਾ ਹੈ ਕਿ ਸਰਕਾਰ ਨੇ ਕਮਿਸ਼ਨ ਦੇ ਲੋਕਤੰਤਰੀ ਢਾਂਚੇ ਨੂੰ ਬੁਰੀ ਤਰ੍ਹਾਂ ਨੁਕਸਾਨ ਪਹੁੰਚਾਇਆ ਹੈ। ਜਦੋਂ ਤੱਕ ਨਿਯੁਕਤੀ ਪ੍ਰਕਿਰਿਆ ਵਿੱਚ ਨਿਆਂਪਾਲਿਕਾ ਦੀ ਸ਼ਮੂਲੀਅਤ ਮੁੜ ਲਾਗੂ ਨਹੀਂ ਹੁੰਦੀ, ਕਮਿਸ਼ਨ ਦੀ ਨਿਰਪੱਖਤਾ ਬਹਾਲ ਨਹੀਂ ਹੋ ਸਕਦੀ।

### ਇਸ ਦਾ ਲਾਭ ਕਿਹੜੀ ਸਿਆਸੀ ਪਾਰਟੀ ਨੂੰ ਹੋਵੇਗਾ?

ਸਿਆਸੀ ਪੱਧਰ 'ਤੇ ਇਹ ਮੁੱਦਾ ਪੂਰੀ ਤਰ੍ਹਾਂ ਵਿਰੋਧੀ ਧਿਰ ਦੇ ਹੱਕ ਵਿੱਚ ਭੁਗਤਦਾ ਦਿਖਾਈ ਦੇ ਰਿਹਾ ਹੈ। ਕਾਂਗਰਸ ਅਤੇ 'ਇੰਡੀਆ' ਗੱਠਜੋੜ: ਵਿਰੋਧੀ ਪਾਰਟੀਆਂ ਨੂੰ ਜਨਤਾ ਦੇ ਸਾਹਮਣੇ ਇਹ ਸਾਬਤ ਕਰਨ ਦਾ ਠੋਸ ਮੌਕਾ ਮਿਲ ਗਿਆ ਹੈ ਕਿ ਭਾਜਪਾ ਜਿੱਤ ਲਈ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ। ਵੋਟ ਦੇ ਅਧਿਕਾਰ ਦੀ ਰਾਖੀ ਦਾ ਮੁੱਦਾ ਆਮ ਲੋਕਾਂ ਨੂੰ ਭਾਵਨਾਤਮਕ ਅਤੇ ਸਿਆਸੀ ਤੌਰ 'ਤੇ ਜੋੜਨ ਦੀ ਸਮਰੱਥਾ ਰੱਖਦਾ ਹੈ।

ਬੰਗਾਲ ਵਿੱਚ ਟੀ.ਐਮ.ਸੀ. ਅਤੇ ਹੋਰ ਰਾਜਾਂ ਵਿੱਚ ਸਥਾਨਕ ਪਾਰਟੀਆਂ ਇਸ ਨੂੰ ਸੂਬਿਆਂ ਦੇ ਹੱਕਾਂ 'ਤੇ ਕੇਂਦਰ ਦੇ ਹਮਲੇ ਵਜੋਂ ਪੇਸ਼ ਕਰ ਰਹੀਆਂ ਹਨ, ਜਿਸ ਨਾਲ ਕੇਂਦਰ ਸਰਕਾਰ ਵਿਰੋਧੀ ਧਰੁਵੀਕਰਨ ਵਧ ਰਿਹਾ ਹੈ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਭਾਜਪਾ ਲਈ ਇਸ ਕਲੰਕ ਤੋਂ ਖਹਿੜਾ ਛੁਡਾਉਣਾ ਸੌਖਾ ਨਹੀਂ ਹੋਵੇਗਾ। ਸੰਸਥਾਵਾਂ ਦੀ ਦੁਰਵਰਤੋਂ ਦੇ ਲਗਾਤਾਰ ਦੋਸ਼ਾਂ ਕਾਰਨ ਨਿਰਪੱਖ ਵੋਟਰਾਂ ਅਤੇ ਨੌਜਵਾਨਾਂ ਵਿੱਚ ਸਰਕਾਰ ਦਾ ਅਕਸ ਬੁਰੀ ਤਰ੍ਹਾਂ ਧੁੰਦਲਾ ਹੋਇਆ ਹੈ।

ਇਸ ਸਮੁੱਚੇ ਸੰਕਟ ਨੇ ਦੇਸ਼ ਦੀ ਚੋਣ ਪ੍ਰਣਾਲੀ ਅਤੇ ਮੋਦੀ ਸਰਕਾਰ ਦੀ ਨੀਅਤ 'ਤੇ ਡੂੰਘੇ ਸਵਾਲ ਖੜ੍ਹੇ ਕਰ ਦਿੱਤੇ ਹਨ। ਸੁਪਰੀਮ ਕੋਰਟ ਦੇ ਦਖ਼ਲ ਤੋਂ ਬਿਨਾਂ ਇਸ ਸੰਸਥਾਗਤ ਖੋਰੇ ਨੂੰ ਰੋਕਣਾ ਅਸੰਭਵ ਜਾਪਦਾ ਹੈ। ਮੌਜੂਦਾ ਚੋਣ ਕਮਿਸ਼ਨ ਦੀ ਅਗਵਾਈ ਹੇਠ ਹੋਣ ਵਾਲੀਆਂ ਚੋਣਾਂ 'ਤੇ ਹਮੇਸ਼ਾ ਸ਼ੱਕ ਦੇ ਬੱਦਲ ਛਾਏ ਰਹਿਣਗੇ। ਜੇਕਰ ਸਰਕਾਰ ਆਪਣੀ ਜ਼ਿੱਦ 'ਤੇ ਅੜੀ ਰਹੀ ਅਤੇ ਮੁੱਖ ਚੋਣ ਕਮਿਸ਼ਨਰ ਦਾ ਬਚਾਅ ਕਰਦੀ ਰਹੀ, ਤਾਂ ਦੇਸ਼ ਵਿੱਚ ਜਨਤਕ ਅਸੰਤੋਸ਼ ਹੋਰ ਵਧੇਗਾ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਲੋਕਤੰਤਰ ਨੂੰ ਬਚਾਉਣ ਲਈ ਚੋਣ ਕਮਿਸ਼ਨਰਾਂ ਦੀ ਨਿਯੁਕਤੀ ਪ੍ਰਣਾਲੀ ਵਿੱਚ ਤੁਰੰਤ ਸੁਧਾਰ, ਡਿਜੀਟਲ ਵੋਟਰ ਸੂਚੀਆਂ ਦੀ ਸੁਤੰਤਰ ਜਾਂਚ ਅਤੇ ਕਮਿਸ਼ਨ ਦੇ ਅੰਦਰ ਪਾਰਦਰਸ਼ਤਾ ਬਹਾਲ ਕਰਨਾ ਹੀ ਇਕੋ-ਇਕ ਹੱਲ ਹੈ।

***

## ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵੱਲੋਂ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ 'ਚ ਨਿੱਜੀ ਤੌਰ 'ਤੇ ਪੇਸ਼ ਹੋਣ। ਉਨ੍ਹਾਂ ਨੂੰ ਇਸ ਅਨੁਸ਼ਾਸਨਹੀਣਤਾ ਸਬੰਧੀ ਆਪਣਾ ਲਿਖਤੀ ਸਪਸ਼ਟੀਕਰਨ ਪੇਸ਼ ਕਰਨ ਲਈ ਕਿਹਾ ਗਿਆ ਹੈ।

ਅਕਾਲ ਤਖ਼ਤ ਸਾਹਿਬ ਨੇ ਦੋਵਾਂ ਮੈਂਬਰਾਂ ਖ਼ਿਲਾਫ਼ ਅਨੁਸ਼ਾਸਨਾਤਮਕ ਕਾਰਵਾਈ ਵੀ ਕੀਤੀ ਹੈ। ਜਦੋਂ ਤੱਕ ਮਿੱਠੂ ਸਿੰਘ ਕਾਨੇਕੇ ਤੇ ਜਸਵੰਤ ਸਿੰਘ ਪੁੜੈਣ ਨਿੱਜੀ ਤੌਰ 'ਤੇ ਪੇਸ਼ ਹੋ ਕੇ ਆਪਣਾ ਸਪਸ਼ਟੀਕਰਨ ਨਹੀਂ ਸੌਂਪਦੇ ਤੇ ਅਕਾਲ ਤਖ਼ਤ ਸਾਹਿਬ ਵੱਲੋਂ ਇਸ ਮਾਮਲੇ 'ਤੇ ਅੰਤਿਮ ਫ਼ੈਸਲਾ ਨਹੀਂ ਲਿਆ ਜਾਂਦਾ, ਉਦੋਂ ਤੱਕ ਦੋਵਾਂ ਮੈਂਬਰਾਂ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਿਸੇ ਵੀ ਤਰ੍ਹਾਂ ਦੀ ਮੀਟਿੰਗ ਜਾਂ ਇਕੱਤਰਤਾ 'ਚ ਸ਼ਾਮਲ ਹੋਣ 'ਤੇ ਪੂਰੀ ਤਰ੍ਹਾਂ ਰੋਕ ਲਗਾ ਦਿੱਤੀ ਗਈ ਹੈ।

****

## ਖ਼ੈਬਰ ਪਖ਼ਤੂਨਖ਼ਵਾ ਵਿੱਚ ਸਿੱਖ ਵਿਆਹਾਂ ਨੂੰ

ਜੱਦੀ ਜਾਇਦਾਦ ਦੀ ਵੰਡ, ਵਿਰਾਸਤ ਦੇ ਝਗੜੇ ਅਤੇ ਬੱਚਿਆਂ ਦੇ ਹੱਕਾਂ ਵੇਲੇ ਵੀ ਇਹ ਕਾਗ਼ਜ਼ ਅਦਾਲਤ ਵਿੱਚ ਪੱਕਾ ਮੰਨਿਆ ਜਾਵੇਗਾ। ਇਸ ਬਿੱਲ ਵਿੱਚ ਪਤੀ ਅਤੇ ਪਤਨੀ ਦੋਵਾਂ ਨੂੰ ਬਰਾਬਰ ਦੇ ਹੱਕ ਦਿੱਤੇ ਗਏ ਹਨ। ਘਰੇਲੂ ਹਿੰਸਾ, ਕੁੱਟਮਾਰ ਅਤੇ ਮਾਨਸਿਕ ਤਸ਼ੱਦਦ ਵਿਰੁੱਧ ਵੀ ਸਖ਼ਤ ਕਦਮ ਚੁੱਕੇ ਗਏ ਹਨ। ਜੇਕਰ ਕਿਸੇ ਜੋੜੇ ਵਿਚਕਾਰ ਅਣਬਣ ਹੁੰਦੀ ਹੈ, ਤਾਂ ਪਹਿਲਾਂ ਆਪਸੀ ਰਾਜ਼ੀਨਾਮੇ ਦੀ ਕੋਸ਼ਿਸ਼ ਕੀਤੀ ਜਾਵੇਗੀ। ਜੇਕਰ ਗੱਲ ਨਾ ਬਣੇ, ਤਾਂ ਵਿਆਹ ਭੰਗ ਕਰਨ, ਤਲਾਕ ਲੈਣ ਅਤੇ ਗੁਜ਼ਾਰਾ ਭੱਤਾ ਤੈਅ ਕਰਨ ਦਾ ਸਿੱਧਾ ਕਾਨੂੰਨ ਹੋਵੇਗਾ। ਬੱਚਿਆਂ ਦੀ ਸਾਂਭ-ਸੰਭਾਲ ਦਾ ਫ਼ੈਸਲਾ ਵੀ ਕਾਨੂੰਨ ਮੁਤਾਬਕ ਹੋਵੇਗਾ। ਇਨ੍ਹਾਂ ਸਾਰੇ ਮਸਲਿਆਂ ਦੇ ਨਿਪਟਾਰੇ ਲਈ ਫੈਮਿਲੀ ਕੋਰਟਾਂ (ਪਰਿਵਾਰਕ ਅਦਾਲਤਾਂ) ਨੂੰ ਪੂਰਾ ਅਧਿਕਾਰ ਦਿੱਤਾ ਗਿਆ ਹੈ।

ਘੱਟ ਗਿਣਤੀ ਕਾਕਸ ਦੇ ਮੀਤ ਚੇਅਰਪਰਸਨ ਅਤੇ ਵਿਧਾਇਕ ਗੁਰਪਾਲ ਸਿੰਘ ਨੇ ਇਸ ਕਦਮ ਦੀ ਸ਼ਲਾਘਾ ਕੀਤੀ ਹੈ। ਉਨ੍ਹਾਂ ਕਿਹਾ ਕਿ ਸਿੱਖ ਸੰਗਤ ਨੂੰ ਕਈ ਦਹਾਕਿਆਂ ਤੋਂ ਅਜਿਹੇ ਢਾਂਚੇ ਦੀ ਉਡੀਕ ਸੀ। ਉਨ੍ਹਾਂ ਜ਼ੋਰ ਦੇ ਕੇ ਆਖਿਆ ਕਿ ਅੰਤਿਮ ਕਾਨੂੰਨ ਸਿੱਖ ਧਰਮ ਦੀਆਂ ਰਵਾਇਤਾਂ ਦੇ ਬਿਲਕੁਲ ਅਨੁਕੂਲ ਹੋਣਾ ਚਾਹੀਦਾ ਹੈ। ਇਸ ਨਾਲ ਭਾਈਚਾਰੇ ਦੇ ਹੱਕ ਸੁਰੱਖਿਅਤ ਹੋਣਗੇ ਅਤੇ ਪਰਿਵਾਰਾਂ ਨੂੰ ਸ਼ਾਂਤੀ ਮਿਲੇਗੀ। ਕਾਕਸ ਦੇ ਮੁਖੀ ਅਸਕਰ ਪਰਵੇਜ਼ ਨੇ ਵੀ ਕਿਹਾ ਕਿ ਸਰਕਾਰ ਘੱਟ ਗਿਣਤੀਆਂ ਦੇ ਜਜ਼ਬਾਤਾਂ ਦਾ ਪੂਰਾ ਖ਼ਿਆਲ ਰੱਖ ਰਹੀ ਹੈ।

ਖਰੜਾ ਕਮੇਟੀ ਦੇ ਮੈਂਬਰ ਕਮਰ ਨਸੀਮ ਨੇ ਦੱਸਿਆ ਕਿ ਕਾਨੂੰਨ ਬਣਾਉਂਦੇ ਸਮੇਂ ਸੰਗਤ ਦੇ ਮੋਹਰੀਆਂ ਨਾਲ ਰਾਬਤਾ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਰਜਿਸਟ੍ਰੇਸ਼ਨ ਦਾ ਤਰੀਕਾ ਏਨਾ ਸੌਖਾ ਹੋਣਾ ਚਾਹੀਦਾ ਹੈ ਕਿ ਦੂਰ-ਦੁਰਾਡੇ ਬੈਠੇ ਪਰਿਵਾਰ ਵੀ ਬਿਨਾਂ ਝੰਜਟ ਤੋਂ ਵਿਆਹ ਦਰਜ ਕਰਵਾ ਸਕਣ। ਕਿਸੇ ਨੂੰ ਵੀ ਦਫ਼ਤਰਾਂ ਦੇ ਗੇੜੇ ਨਾ ਮਾਰਨੇ ਪੈਣ। ਸਥਾਨਕ ਸਰਕਾਰਾਂ ਦੇ ਫੋਕਲ ਪਰਸਨ ਮੁਹੰਮਦ ਸਈਦ-ਉਰ-ਰਹਿਮਾਨ ਨੇ ਦੱਸਿਆ ਕਿ ਹੁਣ ਇਹ ਖਰੜਾ ਕਾਨੂੰਨ ਵਿਭਾਗ ਦੀ ਪੜਤਾਲ ਮਗਰੋਂ ਕੈਬਨਿਟ ਕਮੇਟੀ ਕੋਲ ਜਾਵੇਗਾ। ਮੰਤਰੀ ਮੰਡਲ ਦੀ ਮਨਜ਼ੂਰੀ ਤੋਂ ਬਾਅਦ ਇਸ ਨੂੰ ਖ਼ੈਬਰ ਪਖ਼ਤੂਨਖ਼ਵਾ ਵਿਧਾਨ ਸਭਾ ਵਿੱਚ ਪੇਸ਼ ਕਰਕੇ ਪੱਕਾ ਕਾਨੂੰਨ ਬਣਾ ਦਿੱਤਾ ਜਾਵੇਗਾ।

***

## ਈ. ਡੀ. ਦੇ ਸਾਬਕਾ ਅਧਿਕਾਰੀ ਨਿਰੰਜਨ ਸਿੰਘ

ਇਸ ਦੌਰਾਨ ਉਨ੍ਹਾਂ ਕਿਹਾ ਕਿ ਉਹ ਪਾਰਟੀ ਲਈ ਪ੍ਰਚਾਰ ਕਰ ਰਹੇ ਹਨ ਅਤੇ ਲੋਕਾਂ ਦੇ ਮਿਲ ਰਹੇ ਸਹਿਯੋਗ ਸਦਕਾ ਉਨ੍ਹਾਂ ਦੀ ਪਾਰਟੀ ਵਿਧਾਨ ਸਭਾ ਚੋਣਾਂ 'ਚ ਸਰਕਾਰ ਬਣਾਉਣ ਜਾ ਰਹੀ ਹੈ। ਤਰਸੇਮ ਸਿੰਘ ਖ਼ਾਲਸਾ ਕਿਹਾ ਕਿ ਉਨ੍ਹਾਂ ਨੂੰ ਕਿਸੇ ਸਿਆਸੀ ਪਾਰਟੀ ਨਾਲ ਗੱਠਜੋੜ ਕਰਨ ਦੀ ਲੋੜ ਨਹੀਂ ਪਵੇਗੀ। ਦਿੱਲੀ ਆਧਾਰਿਤ ਕਿਸੇ ਵੀ ਸਿਆਸੀ ਪਾਰਟੀ ਤੋਂ ਪੰਜਾਬੀਆਂ ਨੂੰ ਕੋਈ ਉਮੀਦ ਨਹੀਂ, ਕਿਉਂਕਿ ਦਿੱਲੀ ਨੇ ਸਦਾ ਪੰਜਾਬੀਆਂ ਨਾਲ ਧੱਕਾ ਕੀਤਾ ਹੈ। ਸਾਬਕਾ ਮੁੱਖ ਮੰਤਰੀ ਅਤੇ ਭਾਜਪਾ ਆਗੂ ਕੈਪਟਨ ਅਮਰਿੰਦਰ ਸਿੰਘ ਵੱਲੋਂ ਅਕਾਲੀ ਦਲ (ਵਾਰਿਸ ਪੰਜਾਬ) ਦੇ ਵਧਦੇ ਆਧਾਰ ਸਬੰਧੀ ਬਿਆਨ 'ਤੇ ਉਨ੍ਹਾਂ ਕਿਹਾ ਕਿ ਰਾਜਨੀਤੀ ਵਿੱਚ ਲੰਬਾ ਸਮਾਂ ਬਿਤਾਉਣ ਵਾਲੇ ਕੈਪਟਨ ਅਮਰਿੰਦਰ ਸਿੰਘ ਸਿਆਸਤ ਦੀ ਡੂੰਘੀ ਸਮਝ ਰੱਖਦੇ ਹਨ। ਉਨ੍ਹਾਂ ਵੱਲੋਂ ਦਿੱਤੇ ਬਿਆਨ ਦੇ ਵੱਡੇ ਅਰਥ ਹਨ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਸਮੇਤ ਹੋਰ ਆਗੂ ਵੱਲੋਂ ਪੰਜਾਬ ਦੇ ਭਲੇ ਲਈ ਅਕਾਲੀ ਦਲ (ਵਾਰਿਸ ਪੰਜਾਬ) ਵਿੱਚ ਸ਼ਾਮਲ ਹੋਣ 'ਤੇ ਕਿਸੇ ਨੂੰ ਕੋਈ ਇਤਰਾਜ਼ ਨਹੀਂ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦਿੱਲੀ ਵਾਲਿਆਂ ਦਾ ਖਹਿੜਾ ਛੱਡ ਕੇ ਪੰਜਾਬ ਦੇ ਹਿੱਤਾਂ ਲਈ ਅਕਾਲੀ ਦਲ (ਵਾਰਿਸ ਪੰਜਾਬ) ਵਿੱਚ ਆਉਣ ਤਾਂ ਉਨ੍ਹਾਂ ਦਾ ਸਵਾਗਤ ਕੀਤਾ ਜਾਵੇਗਾ। ਇਸ ਮੌਕੇ ਪਲਵਿੰਦਰ ਸਿੰਘ ਜੱਲੂਪੁਰ ਖੇੜਾ, ਜ਼ਿਲ੍ਹਾ ਪ੍ਰਧਾਨ ਪਟਿਆਲਾ ਨਰਿੰਦਰ ਸਿੰਘ ਭਿੰਡਰ, ਜਸਵਿੰਦਰ ਸਿੰਘ ਡਰੌਲੀ, ਮੁੱਖ ਬੁਲਾਰਾ ਬੀਬੀ ਸਤਨਾਮ ਕੌਰ, ਜਸਕਰਨ ਸਿੰਘ ਕਾਹਨਸਿੰਘ ਵਾਲਾ, ਭਗਵੰਤ ਸਿੰਘ ਸ਼ੁਤਰਾਣਾ ਆਦਿ ਹਾਜ਼ਰ ਸਨ।

## ਮੁੱਕਦਾ ਪਾਣੀ, ਫ਼ੈਲਦਾ ਕੈਂਸਰ

ਪੁਨਰਗਠਨ ਐਕਟ ਦਾ ਕੰਮ ਤਾਂ ਪੰਜਾਬ ਤੇ ਹਰਿਆਣੇ ਵਿਚਕਾਰ ਅਸਾਸਿਆਂ ਦੀ ਵੰਡ ਕਰਨਾ ਸੀ ਅਤੇ ਇਹ ਨਹੀਂ ਸੀ ਕਿ ਜੋ ਇਸ ਵੰਡ ਵਿੱਚ ਸ਼ਾਮਿਲ ਨਹੀਂ ਸੀ, ਜਿਵੇਂ ਰਾਜਸਥਾਨ, ਉਸ ਨੂੰ ਵੀ ਪੰਜਾਬ ਦੇ ਕੁਦਰਤੀ ਸੋਮੇ ਦੇ ਦਿੱਤੇ ਜਾਣ। ਫ਼ਿਰ ਵੀ ਅਕਾਲੀ ਦਲ ਦੀ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਪੰਜਾਬ ਪੁਨਰਗਠਨ ਐਕਟ 1966 ਦੀ ਧਾਰਾਵਾਂ 78, 79, 80 ਨੂੰ ਚੈਲੰਜ ਕੀਤਾ। ਕੇਸ 'ਤੇ ਬਹਿਸ ਹੋ ਚੁੱਕੀ ਸੀ ।ਉਸ ਵੇਲੇ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੂੰ ਪਤਾ ਸੀ ਕਿ ਪੰਜਾਬ ਇਹ ਕੇਸ ਜਿੱਤੇਗਾ ।ਉਸ ਨੇ 31 ਦਸੰਬਰ, 1981 ਨੂੰ ਪੰਜਾਬ ਦੇ ਉਸ ਵੇਲੇ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਨੂੰ ਧਮਕੀ ਦਿੱਤੀ ਕਿ ਜਾਂ ਤਾਂ ਉਹ ਮੁੱਖ ਮੰਤਰੀ ਦਾ ਅਹੁਦਾ ਰੱਖ ਲਵੇ ਜਾਂ ਫ਼ਿਰ ਸੁਪਰੀਮ ਕੋਰਟ ਵਿੱਚ ਸੁਣਵਾਈ ਅਧੀਨ ਪਈ ਪਟੀਸ਼ਨ ਵਾਪਸ ਲੈ ਲਵੇ ।ਸ. ਦਰਬਾਰਾ ਸਿੰਘ ਨੇ ਕੁਰਸੀ ਨੂੰ ਤਰਜੀਹ ਦਿੱਤੀ ਅਤੇ ਪਟੀਸ਼ਨ ਵਾਪਸ ਲੈ ਲਈ, ਸਜ਼ਾ ਹੁਣ ਪੰਜਾਬ ਭੁਗਤ ਰਿਹਾ ਹੈ ।ਪਾਣੀਆਂ ਦੀ ਇਹ ਕਹਾਣੀ ਨਾ ਮੁੱਕਣ ਵਾਲੀ ਹੈ ।ਸਵਾਲ ਇਹ ਹੈ ਕਿ ਹੁਣ ਜਦੋਂ ਅਗਲੇ ਚਾਰ ਪੰਜ ਸਾਲ ਬਾਅਦ ਸਾਡੇ ਕੋਲ ਪੀਣ ਲਈ ਪਾਣੀ ਨਾ ਰਿਹਾ ਤਾਂ ਕੀ ਕਰਾਂਗੇ ? ਰਾਜਸੀ ਲੋਕਾਂ 'ਤੇ ਸਵਾਲ ਕਰੋ ਅਤੇ ਲੰਬੀ ਲੜਾਈ ਲਈ ਤਿਆਰ ਰਹੋ ।ਪੰਜਾਬ ਸਰਕਾਰ ਨੂੰ ਮਜਬੂਰ ਕਰੋ ਕਿ ਉਹ ਮਤਾ ਪਾ ਕੇ ਧਾਰਾ 78, 79, 80 ਰੱਦ ਕਰਕੇ ਪਾਰਲੀਮੈਂਟ ਨੂੰ ਵੀ ਇਹ ਧਾਰਾਵਾਂ ਰੱਦ ਕਰਨ ਲਈ ਆਖੇ । ਪਾਣੀਆਂ ਦੇ ਸਾਰੇ ਸਮਝੌਤੇ ਛੇਤੀ ਰੱਦ ਕਰਕੇ ਮੌਜੂਦਾ ਸਥਿਤੀਆਂ ਮੁਤਾਬਕ ਉਨ੍ਹਾਂ 'ਤੇ ਮੁੜ ਵਿਚਾਰ ਦੀ ਲੋੜ ਹੈ ।ਇਸ ਨਾਲ ਇਨਸਾਫ਼ ਲੈਣ ਲਈ ਕੇਂਦਰ ਵਿਰੁੱਧ ਲੜਾਈ ਦਾ ਆਧਾਰ ਬਣ ਜਾਵੇਗਾ। ਜੇ ਪਾਣੀਆਂ ਦੀ ਲੜਾਈ ਹੁਣ ਵੀ ਨਾ ਲੜੀ ਗਈ ਤਾਂ ਪੰਜਾਬ ਨੂੰ ਉਜੜਨਾ ਪਵੇਗਾ।

***

## ਜੀ.ਡੀ.ਪੀ. ਵਿਕਾਸ ਦਰ:

ਲੋਕ ਸਰਕਾਰ 'ਤੇ ਕਿਵੇਂ ਭਰੋਸਾ ਕਰਨ ਜਦੋਂ ਪ੍ਰਧਾਨ ਮੰਤਰੀ ਖ਼ੁਦ ਸੋਨਾ ਨਾ ਖ਼ਰੀਦਣ ਅਤੇ ਵਿਦੇਸ਼ ਯਾਤਰਾਵਾਂ ਘਟਾਉਣ ਦੀਆਂ ਸਲਾਹਾਂ ਦੇ ਰਹੇ ਹੋਣ ? ਜੇ ਹਾਲਾਤ ਠੀਕ ਹਨ ਤਾਂ ਅਜਿਹੀਆਂ ਸਲਾਹਾਂ ਦੀ ਲੋੜ ਕਿਉਂ ਪਈ ? ਜਦੋਂ ਆਲਮੀ ਅਰਥਵਿਵਸਥਾ ਤੇਲ ਸੰਕਟ ਅਤੇ ਵਪਾਰਕ ਟੈਰਿਫ਼ ਜੰਗ ਕਾਰਨ ਡਾਵਾਂਡੋਲ ਹੋਵੇ, ਤਾਂ ਲੋਕ ਸਰਕਾਰੀ ਦਾਅਵਿਆਂ ਨੂੰ ਕਿਵੇਂ ਸੱਚ ਮੰਨ ਲੈਣ ? ਸਰਕਾਰ ਇਸ ਸਵਾਲ ਦਾ ਜਵਾਬ ਕਿਉਂ ਨਹੀਂ ਦਿੰਦੀ ਕਿ ਜੀ.ਡੀ.ਪੀ. ਦੇ ਵਧੀਆ ਅੰਕੜਿਆਂ ਦੇ ਬਾਵਜੂਦ ਸ਼ੇਅਰ ਬਾਜ਼ਾਰ ਵਿੱਚ ਉਤਸ਼ਾਹ ਕਿਉਂ ਨਜ਼ਰ ਨਹੀਂ ਆ ਰਿਹਾ ?

ਕੀ ਕਾਰਨ ਹੈ ਕਿ ਪ੍ਰਧਾਨ ਮੰਤਰੀ ਦੀ ਆਰਥਿਕ ਸਲਾਹਕਾਰ ਕੌਂਸਲ ਦੇ ਮੈਂਬਰ ਸੁਰਜੀਤ ਭੱਲਾ ਨੇ ਕੁਝ ਸਮਾਂ ਪਹਿਲਾਂ ਲਿਖਿਆ ਸੀ ਕਿ ਭਾਰਤ ਦੀ ਅਰਥਵਿਵਸਥਾ 'ਕਮਜ਼ੋਰ ਪੰਜ' ਦੀ ਥਾਂ ਹੁਣ 'ਕਮਜ਼ੋਰ ਦੋ' ਵਿੱਚ ਸ਼ਾਮਲ ਹੋ ਚੁੱਕੀ ਹੈ ? ਉਨ੍ਹਾਂ ਅਨੁਸਾਰ ਡਾਲਰ ਦੇ ਲਿਹਾਜ਼ ਨਾਲ ਭਾਰਤ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਵਧਣ ਵਾਲੀ ਅਰਥਵਿਵਸਥਾ ਨਹੀਂ ਹੈ। ਕੁਝ ਆਰਥਿਕ ਮਾਹਿਰ ਤਾਂ ਇੱਥੋਂ ਤੱਕ ਕਹਿ ਰਹੇ ਹਨ ਕਿ ਡਾਲਰ ਮੁੱਲ ਦੇ ਹਿਸਾਬ ਨਾਲ ਭਾਰਤ ਦੀ ਜੀ.ਡੀ.ਪੀ. ਦੀ ਵਿਕਾਸ ਦਰ ਨਾਂਹ-ਪੱਖੀ ਹੈ। ਫਿਰ ਇਹ ਸਵਾਲ ਵੀ ਉੱਠੇਗਾ ਕਿ ਹੁਣ ਸਰਕਾਰ 'ਚ ਕੋਈ 'ਪੰਜ ਟ੍ਰਿਲੀਅਨ ਡਾਲਰ' ਦੀ ਅਰਥਵਿਵਸਥਾ ਦੀ ਗੱਲ ਕਿਉਂ ਨਹੀਂ ਕਰਦਾ ? ਵਾਅਦੇ ਅਨੁਸਾਰ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਿਉਂ ਨਹੀਂ ਹੋਈ ? ਜੀ.ਡੀ.ਪੀ. ਵਿੱਚ ਨਿਰਮਾਣ ਤੇ ਉਦਯੋਗ ਖੇਤਰ ਦਾ ਹਿੱਸਾ 2022 ਤੱਕ 25 ਫ਼ੀਸਦੀ ਕਰਨ ਦੇ ਦਾਅਵੇ ਦੇ ਬਾਵਜੂਦ ਇਹ ਅਜੇ ਵੀ 14-15 ਫ਼ੀਸਦੀ ਦੇ ਨੇੜੇ ਹੀ ਕਿਉਂ ਅਟਕਿਆ ਹੋਇਆ ਹੈ ? ਨੀਤੀ ਆਯੋਗ ਦੀ ਇੱਕ ਰਿਪੋਰਟ ਅਨੁਸਾਰ ਕਰੋੜਾਂ ਨੌਜਵਾਨ ਅਜਿਹੇ ਹਨ ਜੋ ਨਾ ਤਾਂ ਪੜ੍ਹਾਈ ਕਰ ਰਹੇ ਹਨ ਅਤੇ ਨਾ ਹੀ ਕਿਸੇ ਰੁਜ਼ਗਾਰ ਵਿੱਚ ਹਨ। ਜਦੋਂ ਸਰਕਾਰ 80 ਕਰੋੜ ਲੋਕਾਂ ਨੂੰ ਮੁਫ਼ਤ ਰਾਸ਼ਨ ਵੰਡ ਰਹੀ ਹੋਵੇ ਅਤੇ ਦੂਜੇ ਪਾਸੇ ਅਥਾਹ ਖ਼ੁਸ਼ਹਾਲੀ ਦੇ ਦਾਅਵੇ ਕੀਤੇ ਜਾਣ, ਤਾਂ ਸੁਭਾਵਿਕ ਹੈ ਕਿ ਲੋਕ ਅੰਕੜਿਆਂ 'ਤੇ ਸ਼ੱਕ ਕਰਨਗੇ। ਪਰ ਅਜਿਹੇ ਸਵਾਲ ਪੁੱਛਣ ਵਾਲਿਆਂ ਦਾ 'ਨਾਰਾਜ਼ ਫੁੱਫੜ' ਜਾਂ 'ਦਿਮਾਗ਼ੀ ਨਕਸਲ' ਕਹਿ ਕੇ ਮਜ਼ਾਕ ਉਡਾਇਆ ਜਾਂਦਾ ਹੈ।

ਪ੍ਰਧਾਨ ਮੰਤਰੀ ਜੀ ਸ਼ਾਇਦ ਭੁੱਲ ਗਏ ਹਨ ਕਿ ਬੇਰੁਜ਼ਗਾਰੀ ਅਤੇ ਨੌਜਵਾਨਾਂ ਦੇ ਮਸਲਿਆਂ 'ਤੇ ਜਦੋਂ ਵੀ ਗੈਰ-ਸੰਵੇਦਨਸ਼ੀਲ ਟਿੱਪਣੀਆਂ ਹੋਈਆਂ ਹਨ, ਤਾਂ ਦੇਸ਼ ਭਰ ਵਿੱਚ ਰੋਸ ਦਾ ਵੱਡਾ ਉਬਾਲ ਆਇਆ ਹੈ। ਅਜਿਹੇ ਵਿੱਚ ਪ੍ਰਧਾਨ ਮੰਤਰੀ ਵੱਲੋਂ ਸਵਾਲ ਪੁੱਛਣ ਵਾਲਿਆਂ ਦਾ ਮਜ਼ਾਕ ਉਡਾਉਣਾ ਸਹੀ ਨਹੀਂ ਜਾਪਦਾ। ਵਿਰੋਧ ਕਰਨ ਵਾਲਿਆਂ ਨੂੰ ਕਦੇ ਖ਼ਾਨ ਮਾਰਕੀਟ ਗੈਂਗ, ਕਦੇ ਅੰਦੋਲਨਜੀਵੀ ਅਤੇ ਕਦੇ ਅਰਬਨ ਨਕਸਲ ਗਰਦਾਨਿਆ ਗਿਆ। ਹੁਣ ਲਾਲ ਕਿਲ੍ਹੇ ਦੀ ਫ਼ਸੀਲ ਤੋਂ ਦਿਮਾਗ਼ੀ ਨਕਸਲ ਵਰਗਾ ਨਵਾਂ ਸ਼ਬਦ ਵਰਤਿਆ ਗਿਆ ਹੈ। ਇਨ੍ਹਾਂ ਸਭ ਵਿੱਚੋਂ ਭਾਵੇਂ ਨਾਰਾਜ਼ ਫੁੱਫੜ ਸ਼ਬਦ ਸੁਣਨ ਵਿੱਚ ਹਲਕਾ-ਫੁਲਕਾ ਲੱਗੇ, ਪਰ ਅਸਲ ਵਿੱਚ ਇਹ ਵੀ ਇੱਕ ਤਨਜ਼ ਅਤੇ ਅਪਮਾਨ ਹੀ ਹੈ। ਫਿਰ ਵੀ ਇਸ ਨੂੰ ਇੱਕ ਨਰਮ ਰੁਖ਼ ਮੰਨਿਆ ਜਾ ਸਕਦਾ ਹੈ ਕਿ ਘੱਟੋ-ਘੱਟ ਵਿਰੋਧੀ ਆਵਾਜ਼ਾਂ ਨੂੰ ਸਿੱਧੇ ਤੌਰ 'ਤੇ 'ਦੇਸ਼-ਵਿਰੋਧੀ' ਨਹੀਂ ਠਹਿਰਾਇਆ ਗਿਆ। ਜੇਕਰ ਇਹ ਸੱਚਮੁੱਚ ਸੋਚ ਵਿੱਚ ਆਇਆ ਬਦਲਾਅ ਹੈ ਤਾਂ ਸਵਾਗਤਯੋਗ ਹੈ, ਪਰ ਜੇਕਰ ਇਹ ਮਹਿਜ਼ ਸਿਆਸੀ ਜੁਮਲੇਬਾਜ਼ੀ ਹੈ ਤਾਂ ਸੁਚੇਤ ਰਹਿਣ ਦੀ ਲੋੜ ਹੈ; ਕਿਉਂਕਿ ਕੌਣ ਜਾਣਦਾ ਹੈ ਕਿ ਸਿਆਸੀ ਹਿੱਤਾਂ ਮੁਤਾਬਕ ਕਦੋਂ ਫਿਰ ਨਜ਼ਰੀਆ ਬਦਲ ਜਾਵੇ ?

***

## ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਖੀ 'ਚ

ਹਰਜੀਤ ਸਿੰਘ ਸੰਧੂ ਨੂੰ ਕਮੇਟੀ ਦੇ ਤਾਲਮੇਲ ਦਾ ਕੰਮ ਸੌਂਪਦਿਆਂ ਸਾਰੀ ਲੋੜੀਂਦੀ ਪ੍ਰਬੰਧਕੀ ਸਹਾਇਤਾ ਮੁਹੱਈਆ ਕਰਵਾਉਣ ਦੇ ਆਦੇਸ਼ ਦਿੱਤੇ।

### ਕਮੇਟੀ ਮੈਂਬਰਾਂ ਦੀ ਭੂਮਿਕਾ 'ਤੇ ਪੰਥਕ ਨਜ਼ਰਾਂ

ਇਸ ਕਮੇਟੀ ਵਿੱਚ ਸ਼ਾਮਲ ਮੁੱਖ ਸ਼ਖ਼ਸੀਅਤਾਂ— ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ, ਦਮਦਮੀ ਟਕਸਾਲ ਦੇ ਮੁਖੀ ਸੰਤ ਹਰਨਾਮ ਸਿੰਘ ਖ਼ਾਲਸਾ, ਰਾਮਪੁਰ ਖੇੜਾ ਦੇ ਸੰਤ ਬਾਬਾ ਸੇਵਾ ਸਿੰਘ, ਸੇਵਾਮੁਕਤ ਜਸਟਿਸ ਜਸਪਾਲ ਸਿੰਘ, ਸੇਵਾਮੁਕਤ ਜਸਟਿਸ ਗੁਰਬੀਰ ਸਿੰਘ, ਪੰਜਾਬ ਲੋਕ ਸੇਵਾ ਕਮਿਸ਼ਨ ਦੇ ਸਾਬਕਾ ਚੇਅਰਮੈਨ ਜਤਿੰਦਰ ਸਿੰਘ ਔਲਖ ਅਤੇ ਐਡਵੋਕੇਟ ਪ੍ਰੀਤ ਇੰਦਰ ਪਾਲ ਸਿੰਘ ਦੇ ਕਿਰਦਾਰ ਨੂੰ ਲੈ ਕੇ ਕੌਮ ਵਿੱਚ ਭਾਰੀ ਚਰਚਾ ਹੈ। ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਇਹ ਹਸਤੀਆਂ ਕਿਸੇ ਵੀ ਸਿਆਸੀ ਦਬਾਅ ਹੇਠ ਸਰਕਾਰ ਦੇ ਫ਼ੈਸਲਿਆਂ 'ਤੇ ਅੰਨ੍ਹੀ ਮੋਹਰ ਲਾਉਣ ਦੀ ਥਾਂ ਪੰਥਕ ਹਿੱਤਾਂ ਦੀ ਰਾਖੀ ਕਰਨ। ਉਨ੍ਹਾਂ ਦੀ ਇਤਿਹਾਸਕ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਕਾਨੂੰਨ ਦੀਆਂ ਸਮੂਹ ਖਾਮੀਆਂ ਨੂੰ ਦੂਰ ਕਰਵਾ ਕੇ ਅਜਿਹਾ ਢਾਂਚਾ ਤਿਆਰ ਕਰਵਾਉਣ ਜਿਸ ਨਾਲ ਬੇਅਦਬੀ ਵਰਗੇ ਘਿਨਾਉਣੇ ਕਾਰੇ ਕਰਨ ਵਾਲਿਆਂ ਨੂੰ ਕਿਸੇ ਵੀ ਸੂਰਤ ਵਿੱਚ ਮੁਆਫ਼ੀ ਨਾ ਮਿਲ ਸਕੇ।

### ਆਪਸੀ ਗੱਲਬਾਤ ਨਾਲ ਹੱਲ ਅਤੇ ਹੋਰ ਵਿਵਾਦਾਂ 'ਤੇ ਚਰਚਾ

ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਉਠਾਏ ਗਏ ਸਾਰੇ ਇਤਰਾਜ਼ਾਂ ਦਾ ਹੱਲ ਆਪਸੀ ਵਿਚਾਰ-ਵਟਾਂਦਰੇ ਅਤੇ ਕਾਨੂੰਨੀ ਸੋਧਾਂ ਰਾਹੀਂ ਕੱਢ ਲਿਆ ਜਾਵੇਗਾ।

ਚੰਡੀਗੜ੍ਹ ਤੋਂ ਸਿੱਖ ਚਿੰਤਕ ਡਾਕਟਰ ਖ਼ੁਸ਼ਹਾਲ ਸਿੰਘ ਦਾ ਕਹਿਣਾ ਹੈ ਕਿ ਗੁਰੂ ਗ੍ਰੰਥ ਸਾਹਿਬ ਉਪਰ ਕਨੂੰਨ ਬਣਾਉਣਾ ਸਿੱਖ ਸਿਧਾਂਤ ਵਿਰੋਧੀ ਕਾਰਵਾਈ ਹੈ ।ਸਰਕਾਰ ਨੂੰ ਦਖ਼ਲ ਅੰਦਾਜੀ ਨਹੀਂ ਕਰਨੀ ਚਾਹੀਦੀ।

ਕੁਝ ਵਿਦਵਾਨਾਂ ਦਾ ਮੰਨਣਾ ਹੈ ਕਿ ਜੇਕਰ ਇਹ ਕਮੇਟੀ ਸਿਆਸੀ ਦਬਾਅ ਤੋਂ ਮੁਕਤ ਹੋ ਕੇ ਇਮਾਨਦਾਰੀ ਨਾਲ ਕੰਮ ਕਰਦੀ ਹੈ, ਤਾਂ ਇਹ ਬੇਅਦਬੀ ਵਿਰੋਧੀ ਕਾਨੂੰਨ ਵਿੱਚੋਂ ਚੋਰ-ਮੋਰੀਆਂ ਬੰਦ ਕਰਨ ਵਿੱਚ ਸਹਾਈ ਹੋ ਸਕਦੀ ਹੈ। ਪਰ ਜੇਕਰ ਇਹ ਸਿਰਫ਼ ਸਿਆਸੀ ਬਚਾਅ ਦਾ ਸਾਧਨ ਬਣ ਕੇ ਰਹਿ ਗਈ, ਤਾਂ ਸੰਗਤ ਦੇ ਮਨਾਂ ਵਿੱਚ ਵਿਸ਼ਵਾਸ ਦਾ ਪਾੜਾ ਹੋਰ ਡੂੰਘਾ ਹੋਵੇਗਾ। ਸਮੇਂ ਦੀ ਮੰਗ ਹੈ ਕਿ ਸਰਕਾਰ ਅਤੇ ਕਮੇਟੀ ਦੇ ਸਮੂਹ ਮੈਂਬਰ ਨਿੱਜੀ ਹਿੱਤਾਂ ਨੂੰ ਤਿਆਗ ਕੇ ਅਜਿਹਾ ਪੁਖ਼ਤਾ ਕਾਨੂੰਨ ਯਕੀਨੀ ਬਣਾਉਣ ਜਿਸ ਨਾਲ ਭਵਿੱਖ ਵਿੱਚ ਕਿਸੇ ਵੀ ਦੋਸ਼ੀ ਨੂੰ ਬਚਣ ਦਾ ਰਸਤਾ ਨਾ ਮਿਲੇ।

***

## ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਖੀ 'ਚ ਕੋਈ ਕਸਰ ਨਹੀਂ

ਨਾਲ ਵਧੇਰੇ ਸਥਿਰ ਰਿਸ਼ਤਾ ਵੀ ਦੇ ਸਕਦਾ ਹੈ। ਫਿਰ ਵੀ ਯੂਰੋਪੀਅਨ ਯੂਨੀਅਨ ਵਿੱਚ 27 ਸਰਕਾਰਾਂ, ਵਿਸਥਾਰਪੂਰਵਕ ਨਿਯਮ, ਸਿਆਸੀ ਵੰਡ ਅਤੇ ਮੱਠੀਆਂ ਮਨਜ਼ੂਰੀ ਪ੍ਰਕਿਰਿਆਵਾਂ ਹਨ। ਭੂਗੋਲ ਵੀ ਅਹਿਮ ਹੈ। ਬੰਦਰਗਾਹਾਂ, ਰੇਲ ਸੰਪਰਕ, ਮੁਦਰਾ ਅਤੇ ਅਮਰੀਕਾ ਨਾਲ ਦਹਾਕਿਆਂ ਪੁਰਾਣੇ ਵਪਾਰਕ ਰਿਸ਼ਤੇ ਵੀ ਫ਼ੈਸਲਿਆਂ ਨੂੰ ਪ੍ਰਭਾਵਿਤ ਕਰਦੇ ਹਨ। ਵਪਾਰ ਵਿੱਚ ਵਿਭਿੰਨਤਾ ਦਾ ਮਤਲਬ ਅਮਰੀਕੀ ਵਪਾਰ ਛੱਡਣਾ ਨਹੀਂ, ਸਗੋਂ ਕਿਸੇ ਇੱਕ ਭਾਈਵਾਲ ਉੱਤੇ ਨਿਰਭਰਤਾ ਤੋਂ ਪੈਦਾ ਹੋਣ ਵਾਲਾ ਖ਼ਤਰਾ ਘਟਾਉਣਾ ਹੈ।

ਹੁਣ ਓਟਾਵਾ ਨੂੰ ਵੱਡੇ ਰਣਨੀਤਕ ਸ਼ਬਦਾਂ ਤੋਂ ਅੱਗੇ ਵਧਣਾ ਪਵੇਗਾ। 23 ਜੂਨ 2025 ਨੂੰ ਕੈਨੇਡਾ ਅਤੇ ਯੂਰੋਪੀਅਨ ਯੂਨੀਅਨ ਨੇ ਸੁਰੱਖਿਆ ਅਤੇ ਰੱਖਿਆ ਭਾਈਵਾਲੀ ਉੱਤੇ ਦਸਤਖ਼ਤ ਕੀਤੇ ਸਨ। ਇਹ ਸਮਝੌਤਾ ਸਲਾਹ-ਮਸ਼ਵਰੇ ਅਤੇ ਸਹਿਯੋਗ ਲਈ ਢਾਂਚਾ ਦਿੰਦਾ ਹੈ। ਇਹ ਆਪਸੀ ਰੱਖਿਆ ਸੰਧੀ ਨਹੀਂ ਹੈ ਅਤੇ ਆਪਣੇ-ਆਪ ਨਵੀਆਂ ਫੈਕਟਰੀਆਂ, ਖਾਣਾਂ, ਬੰਦਰਗਾਹਾਂ ਜਾਂ ਨਿਰਯਾਤ ਗਾਹਕ ਪੈਦਾ ਨਹੀਂ ਕਰਦਾ।

ਸੀ.ਈ.ਟੀ.ਏ. ਪਹਿਲਾਂ ਹੀ ਲਾਗੂ ਹੈ। ਨਵੇਂ ਰੱਖਿਆ ਪ੍ਰਬੰਧਾਂ ਉੱਤੇ ਦਸਤਖ਼ਤ ਹੋ ਚੁੱਕੇ ਹਨ। ਇਸ ਤੋਂ ਬਾਅਦ ਦੇ ਕਈ ਵਪਾਰਕ ਪ੍ਰਾਜੈਕਟ ਹਾਲੇ ਪ੍ਰਸਤਾਵਾਂ, ਗੱਲਬਾਤਾਂ ਜਾਂ ਸ਼ੁਰੂਆਤੀ ਨਿਵੇਸ਼ਾਂ ਦੇ ਪੜਾਅ ਉੱਤੇ ਹਨ। ਇਹ ਫ਼ਰਕ ਮਹੱਤਵ ਰੱਖਦੇ ਹਨ।

ਜੇ ਕੈਨੇਡੀਅਨ ਵਸਤਾਂ ਬੰਦਰਗਾਹਾਂ ਤੱਕ ਨਹੀਂ ਪਹੁੰਚ ਸਕਦੀਆਂ, ਯੂਰੋਪੀ ਮਿਆਰ ਪੂਰੇ ਨਹੀਂ ਕਰਦੀਆਂ ਜਾਂ ਉਨ੍ਹਾਂ ਲਈ ਖ਼ਰੀਦਦਾਰ ਨਹੀਂ ਮਿਲਦਾ, ਤਾਂ ਵਪਾਰਕ ਸਮਝੌਤਾ ਵੰਨ-ਸੁਵੰਨਤਾ ਨਹੀਂ ਲਿਆਉਂਦਾ। ਕੈਨੇਡਾ ਨੂੰ ਨਿਰਯਾਤ ਢਾਂਚੇ, ਵਧੇਰੇ ਪ੍ਰੋਸੈਸਿੰਗ ਸਮਰੱਥਾ ਤੇ ਅਜਿਹੇ ਵਪਾਰ ਦਫ਼ਤਰਾਂ ਦੀ ਲੋੜ ਹੈ ਜੋ ਛੋਟੀਆਂ ਕੰਪਨੀਆਂ ਨੂੰ ਯੂਰੋਪੀ ਨਿਯਮ ਸਮਝਣ ਵਿੱਚ ਮਦਦ ਕਰ ਸਕਣ। ਨਾਲ ਹੀ, ਵਿਦੇਸ਼ੀ ਆਗੂਆਂ ਨਾਲ ਹਰ ਮੀਟਿੰਗ ਨੂੰ ਵੱਡੀ ਉਪਲਬਧੀ ਦੱਸਣ ਦੀ ਆਦਤ ਵੀ ਛੱਡਣੀ ਪਵੇਗੀ।

ਮੁੱਦਾ ਪ੍ਰਤੀਕਾਤਮਕ ਆਜ਼ਾਦੀ ਨਹੀਂ ਹੈ। ਅਸਲ ਨਤੀਜੇ ਵਧੇਰੇ ਗਾਹਕਾਂ, ਵਧੇਰੇ ਨਿਵੇਸ਼ ਅਤੇ ਉਸ ਵਧੀ ਹੋਈ ਗੁੰਜਾਇਸ਼ ਵਿੱਚ ਹਨ ਜਿਸ ਨਾਲ ਵਾਸ਼ਿੰਗਟਨ ਵੱਲੋਂ ਦਬਾਅ ਪੈਣ ਉੱਤੇ ਕੈਨੇਡਾ ਇਨਕਾਰ ਕਰ ਸਕੇ।

ਯੂਰੋਪ ਨਾਲ ਵਿਲੱਖਣ ਰਿਸ਼ਤਾ ਬਣਾਉਣ ਦੀ ਕੈਨੇਡਾ ਦੀ ਕੋਸ਼ਿਸ਼ ਅਸਥਿਰ ਹੋ ਚੁੱਕੀ ਅਮਰੀਕੀ ਸਾਂਝੇਦਾਰੀ ਪ੍ਰਤੀ ਤਰਕਸੰਗਤ ਪ੍ਰਤੀਕਿਰਿਆ ਹੈ। ਇਸ ਨਾਲ ਕੈਨੇਡਾ ਅਤੇ ਅਮਰੀਕਾ ਵਿਚਕਾਰ ਡੂੰਘੇ ਵਪਾਰਕ, ਸੱਭਿਆਚਾਰਕ ਤੇ ਸੁਰੱਖਿਆ ਸਬੰਧ ਖ਼ਤਮ ਨਹੀਂ ਹੁੰਦੇ।

ਕੈਨੇਡਾ ਉੱਤਰੀ ਅਮਰੀਕਾ ਦਾ ਨੇੜਲਾ ਸਾਥੀ ਰਹਿੰਦੇ ਹੋਏ ਆਪਣੇ ਵਪਾਰਕ, ਸੁਰੱਖਿਆ ਅਤੇ ਕੂਟਨੀਤਕ ਸਬੰਧ ਯੂਰਪ ਤੱਕ ਵਧਾ ਸਕਦਾ ਹੈ। ਇਹ ਧੋਖਾ ਨਹੀਂ, ਸਗੋਂ ਆਪਣੀ ਫ਼ੈਸਲਾ ਕਰਨ ਦੀ ਸਮਰੱਥਾ ਦੀ ਰੱਖਿਆ ਹੈ। ਕੈਨੇਡਾ ਦੀ ਅਰਥਵਿਵਸਥਾ ਅਤੇ ਸੁਰੱਖਿਆ ਨੂੰ ਸਤਿਕਾਰ ਮਿਲੇਗਾ ਜਾਂ ਨਹੀਂ, ਇਹ ਫ਼ੈਸਲਾ ਕਿਸੇ ਹੋਰ ਸਰਕਾਰ ਦੀ ਮਰਜ਼ੀ ਉੱਤੇ ਛੱਡਣਾ ਹੁਣ ਮਹਿੰਗਾ ਪੈ ਸਕਦਾ ਹੈ।

***

## ਅਮਰੀਕਾ-ਚੀਨ ਵਿਚਾਲੇ ਰੇਸ ਹੋਵ

ਏ.ਆਈ. ਨੂੰ ਲੈ ਕੇ ਅਮਰੀਕਾ ਅਤੇ ਚੀਨ ਵਿਚਕਾਰ ਤਕਨੀਕੀ ਮੁਕਾਬਲਾ ਲਗਾਤਾਰ ਤੇਜ਼ ਹੋ ਰਿਹਾ ਹੈ। ਦੋਵੇਂ ਦੇਸ਼ ਉੱਨਤ ਚਿਪਸ, ਕੰਪਿਊਟਿੰਗ ਬੁਨਿਆਦੀ ਢਾਂਚੇ ਅਤੇ ਏ.ਆਈ. ਤਕਨਾਲੋਜੀ ਦੇ ਖੇਤਰ ਵਿੱਚ ਬੜ੍ਹਤ ਹਾਸਲ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਦੋਵਾਂ ਦੇਸ਼ਾਂ ਦੇ ਵਿੱਤ ਮੰਤਰੀਆਂ ਵਿਚਕਾਰ ਹੋਈ ਹਾਲੀਆ ਮੀਟਿੰਗ ਵਿੱਚ ਏ.ਆਈ. ਨਾਲ ਸਬੰਧਿਤ ਵਿਕਾਸ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਇੱਕ ਨਵੀਂ ਪ੍ਰਣਾਲੀ 'ਤੇ ਵੀ ਚਰਚਾ ਕੀਤੀ ਗਈ।

***

## ਨਸ਼ੇ ਦੇ ਦੈਂਤ ਨੇ ਨਿਗਲੀਆਂ ਸੈਂਕੜੇ ਜਵਾਨੀਆਂ

ਜੇ ਉਹ ਫੇਲ੍ਹ ਹੋ ਚੁੱਕੀ ਹੈ ਤੇ ਫਿਰ ਪੰਜਾਬ ਨੂੰ ਫੌਜ ਦੇ ਹਵਾਲੇ ਕੀਤਾ ਜਾਵੇ ਤਾਂ ਕਿ ਸਖਤੀ ਨਾਲ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਦੇ ਕੋਹੜ ਤੋਂ ਬਚਾਇਆ ਜਾ ਸਕੇ ਅਤੇ ਪੰਜਾਬ ਦੇ ਸੰਵੇਦਨਸ਼ੀਲ ਜਿਹੜੇ ਇਲਾਕੇ ਨੇ ਉਹਨਾਂ ਨੂੰ ਫੌਜ ਦੇ ਹਵਾਲੇ ਕੀਤਾ ਜਾਵੇ ।ਨਸ਼ਾ ਵੇਚਣ ਵਾਲੇ ਅਤੇ ਵੱਡੇ ਵੱਡੇ ਸੁਦਾਗਰਾਂ ਨੂੰ ਸਿਆਸੀ ਹਿੱਤਾਂ ਤੋਂ ਉੱਪਰ ਉੱਠ ਕੇ ਨੱਥ ਪਾਈ ਜਾਵੇ ਤਾਂ ਹੀ ਪੰਜਾਬ ਦਾ ਭਲਾ ਹੋ ਸਕਦਾ ਹੈ। ਬਾਕੀ ਨਸ਼ੇ ਖ਼ਿਲਾਫ਼ ਸਿਆਸੀ ਯਾਤਰਾਵਾਂ ਨਿਕਲਦੀਆਂ ਰਹਿਣਗੀਆਂ, ਰੈਲੀਆਂ ਹੁੰਦੀਆਂ ਰਹਿਣਗੀਆਂ, ਪ੍ਰਚਾਰ ਹੁੰਦੇ ਰਹਿਣਗੇ ਪਰ ਨਸ਼ਾ ਵਿਕਦਾ ਰਹੇਗਾ ਇਸੇ ਤਰ੍ਹਾਂ ਨੌਜਵਾਨ ਨਸ਼ੇ ਦੇ ਨਾਲ ਮਰਦੇ ਰਹਿਣਗੇ।

ਨਸ਼ੇ ਸਬੰਧੀ ਸਿਆਸੀ ਪਾਰਟੀਆਂ ਇੱਕ ਦੂਜੇ ਤੇ ਦੋਸ਼ ਲਗਾ ਰਹੀਆਂ ਹਨ। ਆਮ ਆਦਮੀ ਪਾਰਟੀ ਦੇ ਆਗੂਆਂ ਦਾ ਕਹਿਣਾ ਹੈ ਕਿ ਅਕਾਲੀ ਭਾਜਪਾ ਗੱਠਜੋੜ ਸਰਕਾਰ ਸਮੇਂ ਪੰਜਾਬ ਵਿੱਚ ਨਸ਼ਾ ਵੱਡੇ ਪੱਧਰ 'ਤੇ ਫੈਲਿਆ। ਦੂਜੇ ਪਾਸੇ ਅਕਾਲੀ ਦਲ ਦੇ ਆਗੂ ਦੋਸ਼ ਲਗਾ ਰਹੇ ਹਨ ਕਿ ਪੰਜਾਬ ਦੀ ਮੌਜੂਦਾ ਸਰਕਾਰ ਪੰਜਾਬ ਵਿਚੋਂ ਨਸ਼ਾ ਖਤਮ ਕਰਨ ਲਈ ਪੂਰੀ ਤਰ੍ਹਾਂ ਫੇਲ੍ਹ ਹੋ ਗਈ ਹੈ। ਭਾਜਪਾ ਵੱਲੋਂ ਵੀ ਨਸ਼ੇ ਵਿਰੁੱਧ ਯਾਤਰਾ ਕਰਕੇ ਨਸ਼ੇ ਦਾ ਮੁੱਦਾ ਵੱਡੇ ਪੱਧਰ ਤੇ ਉਠਾਇਆ ਜਾ ਰਿਹਾ ਹੈ। ਕਾਂਗਰਸ ਦੇ ਆਗੂ ਵੀ ਆਪਣੀ ਸਰਕਾਰ ਆਉਣ ਤੇ ਪੰਜਾਬ ਵਿਚੋਂ ਨਸ਼ੇ ਦਾ ਸਫਾਇਆ ਕਰਨ ਦੇ ਵਾਅਦੇ ਕਰ ਰਹੇ ਹਨ ਪਰ ਆਮ ਲੋਕਾਂ ਨੂੰ ਸਮਝ ਨਹੀਂ ਆ ਰਹੀ ਕਿ ਜਦੋਂ ਅਕਾਲੀ ਦਲ, ਭਾਜਪਾ ਅਤੇ ਕਾਂਗਰਸ ਸੱਤਾ ਵਿੱਚ ਸਨ ਤਾਂ ਉਦੋਂ ਉਹਨਾਂ ਵੱਲੋਂ ਨਸ਼ੇ ਦਾ ਖਾਤਮਾ ਕਿਉਂ ਨਹੀਂ ਕੀਤਾ ਗਿਆ ? ਆਮ ਆਦਮੀ ਪਾਰਟੀ ਵੀ ਆਪਣੀ ਹੁਣ ਤੱਕ ਕਾਰਗੁਜਾਰੀ ਦੌਰਾਨ ਪੰਜਾਬ ਵਿਚੋਂ ਨਸ਼ਾ ਖਤਮ ਕਰਨ ਵਿੱਚ ਫੇਲ੍ਹ ਹੋ ਗਈ ਹੈ। ਜਿਸ ਕਰਕੇ ਪੰਜਾਬੀ ਸਾਰੀਆਂ ਸਿਆਸੀ ਪਾਰਟੀਆਂ ਦੀ ਕਾਰਗੁਜਾਰੀ ਤੋਂ ਨਿਰਾਸ਼ ਹੋ ਗਏ ਹਨ। ਇਹੋ ਕਾਰਨ ਹੈ ਕਿ ਪੰਜਾਬੀ ਅਜੇ ਤੱਕ ਕਿਸੇ ਵੀ ਸਿਆਸੀ ਪਾਰਟੀ ਨੂੰ ਹੁੰਗਾਰਾ ਨਹੀਂ ਭਰ ਰਹੇ। ਇਸ ਦੇ ਬਾਵਜੂਦ ਅਗਲੀਆਂ ਚੋਣਾਂ ਤੱਕ ਨਸ਼ਾ ਸਿਆਸੀ ਪਾਰਟੀਆਂ ਲਈ ਵੱਡਾ ਮੁੱਦਾ ਬਣ ਗਿਆ ਹੈ ਅਤੇ ਹਰ ਸਿਆਸੀ ਪਾਰਟੀ ਇਸ ਮੁੱਦੇ ਦਾ ਸਿਆਸੀਕਰਨ ਕਰਕੇ ਆਪਣੀਆਂ ਸਿਆਸੀ ਰੋਟੀਆਂ ਸੇਕ ਰਹੀ ਹੈ। ਕਿਸੇ ਵੀ ਸਿਆਸੀ ਪਾਰਟੀ ਲਈ ਨਸ਼ੇ ਕਾਰਨ ਮਰ ਰਹੇ ਨੌਜਵਾਨਾਂ ਦੇ ਮਾਪਿਆਂ ਦਾ ਦੁੱਖ ਸੁਣਨ ਦਾ ਸਮਾਂ ਨਹੀਂ ਬਲਕਿ ਸਾਰੀਆਂ ਸਿਆਸੀ ਪਾਰਟੀਆਂ ਦਾ ਇੱਕੋ ਇੱਕ ਮਕਸਦ ਨਸ਼ੇ ਦਾ ਮੁੱਦਾ ਉਠਾ ਕੇ ਪੰਜਾਬੀਆਂ ਦੀਆਂ ਵੋਟਾਂ ਲੈ ਕੇ ਆਪਣੀ ਸਰਕਾਰ ਬਣਾਉਣਾ ਹੈ।

***

## ਸੁੱਕਦੀ ਧਰਤੀ, ਡੁੱਬਦੀ ਕਿਸਾਨੀ

ਸਮਰੱਥਾ ਲਗਭਗ ਆਖ਼ਰੀ ਸਾਹਾਂ 'ਤੇ ਹੈ।

ਤਾਜ਼ਾ ਸਮਾਜਿਕ-ਆਰਥਿਕ ਅਧਿਐਨਾਂ ਨੇ ਇੱਕ ਹੋਰ ਕੌੜਾ ਸੱਚ ਸਾਹਮਣੇ ਲਿਆਂਦਾ ਹੈ ਕਿ ਜਲ ਸੰਕਟ ਹੁਣ ਜਮਾਤੀ ਅਸਮਾਨਤਾ ਨੂੰ ਤੇਜ਼ੀ ਨਾਲ ਵਧਾ ਰਿਹਾ ਹੈ। ਅਧਿਐਨਾਂ ਮੁਤਾਬਕ ਸੀਮਾਂਤ ਅਤੇ ਛੋਟੇ ਕਿਸਾਨ ਪ੍ਰਤੀ ਬੂੰਦ ਪਾਣੀ ਦੀ ਵਰਤੋਂ ਵੱਡੇ ਕਿਸਾਨਾਂ ਨਾਲੋਂ ਕਿਤੇ ਵੱਧ ਕੁਸ਼ਲਤਾ ਨਾਲ ਕਰਦੇ ਹਨ, ਪਰ ਪੂੰਜੀ ਦੀ ਕਮੀ ਕਾਰਨ ਉਹ ਇਸ ਦੌੜ ਵਿੱਚ ਪਛੜ ਰਹੇ ਹਨ। ਚਾਰ-ਪੰਜ ਸੌ ਫੁੱਟ ਡੂੰਘਾ ਸਬਮਰਸੀਬਲ ਬੋਰ ਕਰਵਾਉਣ ਲਈ ਲੱਖਾਂ ਰੁਪਏ ਚਾਹੀਦੇ ਹਨ, ਜੋ ਵੱਡਾ ਜ਼ਿਮੀਂਦਾਰ ਤਾਂ ਖ਼ਰਚ ਲੈਂਦਾ ਹੈ ਪਰ ਛੋਟਾ ਕਿਸਾਨ ਨਹੀਂ। ਨਤੀਜੇ ਵਜੋਂ, ਜਦੋਂ ਛੋਟੇ ਕਿਸਾਨਾਂ ਦੇ ਬੋਰ ਸੁੱਕ ਜਾਂਦੇ ਹਨ, ਤਾਂ ਉਹ ਵੱਡੇ ਜ਼ਿਮੀਂਦਾਰਾਂ ਤੋਂ ਮਹਿੰਗੇ ਭਾਅ ਪਾਣੀ ਮੁੱਲ ਖ਼ਰੀਦਣ ਲਈ ਮਜਬੂਰ ਹੁੰਦੇ ਹਨ। ਇਸ 'ਜਲ-ਜਗੀਰਦਾਰੀ' ਕਾਰਨ ਛੋਟੇ ਕਿਸਾਨਾਂ ਦਾ ਸੀਮਤ ਮੁਨਾਫ਼ਾ ਵੱਡੇ ਕਿਸਾਨਾਂ ਦੀ ਜੇਬ ਵਿੱਚ ਜਾ ਰਿਹਾ ਹੈ ਅਤੇ ਗ਼ਰੀਬ ਕਾਸ਼ਤਕਾਰ ਖੇਤੀ ਛੱਡ ਕੇ ਮਜ਼ਦੂਰੀ ਦੇ ਰਾਹ ਪੈਣ ਲਈ ਮਜਬੂਰ ਹੋ ਰਹੇ ਹਨ।

ਇਸ ਗੰਭੀਰ ਸਥਿਤੀ ਦੇ ਬਾਵਜੂਦ ਜ਼ਮੀਨੀ ਪਾਣੀ ਦਾ ਸੰਕਟ ਪੰਜਾਬ ਦੀ ਸਿਆਸਤ ਦਾ ਅਸਲ ਏਜੰਡਾ ਨਹੀਂ ਬਣ ਰਿਹਾ। ਸਿਆਸੀ ਧਿਰਾਂ ਲਈ ਐਸਵਾਈਐਲ ਵਰਗੇ ਮੁੱਦੇ ਚੋਣਾਂ ਵਿੱਚ ਜਜ਼ਬਾਤੀ ਨਾਅਰੇਬਾਜ਼ੀ ਦਾ ਜ਼ਰੀਆ ਤਾਂ ਬਣਦੇ ਹਨ, ਪਰ ਜ਼ਮੀਨ ਹੇਠੋਂ ਹਰ ਸਾਲ ਅੰਨ੍ਹੇਵਾਹ ਕੱਢੇ ਜਾ ਰਹੇ ਪਾਣੀ ਨੂੰ ਬਚਾਉਣ ਲਈ ਕੋਈ ਸਿਆਸੀ ਇੱਛਾ-ਸ਼ਕਤੀ ਨਜ਼ਰ ਨਹੀਂ ਆਉਂਦੀ। 1997 ਤੋਂ ਚੱਲ ਰਹੀ ਮੁਫ਼ਤ ਖੇਤੀ ਬਿਜਲੀ ਦੀ ਨੀਤੀ ਹੁਣ ਇੱਕ ਅਜਿਹਾ ਵੋਟ-ਬੈਂਕ ਫੰਦਾ ਬਣ ਚੁੱਕੀ ਹੈ ਜਿਸ ਨੂੰ ਕੋਈ ਵੀ ਛੂਹਣ ਦਾ ਹੌਸਲਾ ਨਹੀਂ ਕਰਦਾ। ਸਿਆਸਤਦਾਨਾਂ ਦੀ ਸੋਚ ਪੰਜ ਸਾਲਾਂ ਦੇ ਚੋਣ ਚੱਕਰ ਤੱਕ ਸੀਮਤ ਰਹਿੰਦੀ ਹੈ, ਜਦਕਿ ਪਾਣੀ ਦੀ ਸੰਭਾਲ ਅਤੇ ਫ਼ਸਲੀ ਵਿਭਿੰਨਤਾ ਲੰਮੀ ਮਿਆਦ ਦੇ ਸਖ਼ਤ ਫ਼ੈਸਲੇ ਮੰਗਦੀ ਹੈ। ਦੂਜੇ ਪਾਸੇ, ਕਿਸਾਨ ਜਥੇਬੰਦੀਆਂ ਵੀ ਮੁਫ਼ਤ ਬਿਜਲੀ ਅਤੇ ਸਬਸਿਡੀਆਂ ਦੇ ਬਚਾਅ ਵਿੱਚ ਤਾਂ ਅੱਗੇ ਆਉਂਦੀਆਂ ਹਨ, ਪਰ ਪਾਣੀ ਦੀ ਖਪਤ ਨੂੰ ਸੀਮਤ ਕਰਨ ਵਾਲੇ ਸੁਧਾਰਾਂ 'ਤੇ ਗੰਭੀਰ ਚਰਚਾ ਤੋਂ ਕਤਰਾਉਂਦੀਆਂ ਹਨ।

ਸਿੱਖ ਚਿੰਤਕ ਜਸਵਿੰਦਰ ਸਿੰਘ ਐਡਵੋਕੇਟ ਦਾ ਕਹਿਣਾ ਹੈ ਕਿ ਸੰਕਟ ਵਿੱਚੋਂ ਨਿਕਲਣ ਲਈ ਕੇਂਦਰ ਅਤੇ ਪੰਜਾਬ ਸਰਕਾਰ ਦੋਵਾਂ ਨੂੰ ਮਿਲ ਕੇ ਠੋਸ ਕਦਮ ਚੁੱਕਣੇ ਪੈਣਗੇ। ਕੇਂਦਰ ਸਰਕਾਰ ਦਾ ਇਹ ਇਖ਼ਲਾਕੀ ਫ਼ਰਜ਼ ਬਣਦਾ ਹੈ ਕਿ ਜਿਸ ਪੰਜਾਬ ਨੇ ਦੇਸ਼ ਦੀ ਭੁੱਖ ਮਿਟਾਉਣ ਲਈ ਆਪਣਾ ਪਾਣੀ ਦਾਅ 'ਤੇ ਲਾਇਆ, ਉਸ ਨੂੰ ਝੋਨੇ ਦੇ ਚੱਕਰ ਵਿੱਚੋਂ ਕੱਢਣ ਲਈ ਦਾਲਾਂ, ਮੱਕੀ ਅਤੇ ਤੇਲ ਬੀਜਾਂ ਵਰਗੀਆਂ ਬਦਲਵੀਆਂ ਫ਼ਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ ਦੀ ਪੱਕੀ ਗਾਰੰਟੀ ਦੇਵੇ। ਇਸ ਦੇ ਨਾਲ ਹੀ ਕੇਂਦਰ ਵੱਲੋਂ ਨਹਿਰੀ ਪ੍ਰਣਾਲੀ ਦੇ ਪੁਨਰਗਠਨ ਲਈ ਵਿਸ਼ੇਸ਼ ਗ੍ਰਾਂਟ ਜਾਰੀ ਕੀਤੀ ਜਾਵੇ। ਸਿੱਖ ਚਿੰਤਕ ਸਰਦਾਰ ਗੁਰਤੇਜ ਸਿੰਘ ਦਾ ਕਹਿਣਾ ਹੈ ਕਿ ਪੰਜਾਬ ਕੋਲ ਹੁਣ ਟਾਲ-ਮਟੋਲ ਦਾ ਵਕਤ ਬਿਲਕੁਲ ਨਹੀਂ ਬਚਿਆ। ਜੇਕਰ ਹਾਕਮਾਂ ਅਤੇ ਸਮਾਜ ਨੇ ਸਿਆਸੀ ਮੁਫ਼ਤਖ਼ੋਰੀ ਦੀਆਂ ਰੋਟੀਆਂ ਸੇਕਣੀਆਂ ਬੰਦ ਕਰਕੇ ਕੁਦਰਤੀ ਵਸੀਲਿਆਂ ਦੀ ਸਾਂਭ-ਸੰਭਾਲ ਦੇ ਸਖ਼ਤ ਫ਼ੈਸਲੇ ਨਾ ਲਏ, ਤਾਂ ਪੰਜ ਦਰਿਆਵਾਂ ਦੀ ਇਹ ਧਰਤੀ ਬੂੰਦ-ਬੂੰਦ ਨੂੰ ਤਰਸੇਗੀ। ਪਾਣੀ ਬਚੇਗਾ ਤਾਂ ਹੀ ਕਿਸਾਨੀ ਬਚੇਗੀ ਅਤੇ ਕਿਸਾਨੀ ਬਚੇਗੀ ਤਾਂ ਹੀ ਪੰਜਾਬ ਦਾ ਵਜੂਦ ਕਾਇਮ ਰਹੇਗਾ।



RAISING VOICE FOR TRUTH
ਹੋਕਾ TV

# HOKA TV
## (ਹੋਕਾ ਟੀ.ਵੀ.)

# ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH
ਹੋਕਾ TV

ਮੁਫ਼ਤ ਉਪਲੱਬਧ ਹੈ

Download on the App Store

GET IT ON Google Play

ਹੋਰ ਜਾਣਕਾਰੀ ਲਈ ਵੇਖੋ

https://hokatv.com/guest/home